ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼

ਤਰਕਸ਼ੀਲ

TARKSHEEL

ਸਤੰਬਰ-ਅਕਤੂਬਰ 2016

ਅੰਤਰ ਝਾਤ :

- ਦਲਿਤਾਂ 'ਤੇ ਵਹਿਸ਼ੀ ਅੱਤਿਆਚਾਰ (5)
- ਅਛੂਤ ਦਾ ਸਵਾਲ (2)
- ਖ਼ੁਦਕੁਸ਼ੀਆਂ ਦਾ ਵੱਧ ਰਿਹਾ ਵਰਤਾਰਾ (11)
- ਵਿਗਿਆਨ ਤੇ ਧਰਮ (15)
- ਇਕਲਾਪੇ ਦੀ ਕਸਰ (34) ... ਤੇ ਹੋਰ ਗਿਆਨ ਭਰਪੂਰ ਲਿਖਤਾਂ

20/-

ਅੱਤਿਆਚਾਰ ਦੀਆਂ ਸਾਰੀਆਂ ਕਿਸਮਾਂ ਵਿੱਚੋਂ ਇੱਕ ਕੌਮ ਦਾ ਦੂਜੀ ਕੌਮ ਉੱਤੇ ਅੱਤਿਆਚਾਰ ਸਭ ਤੋਂ ਬੁਰਾ ਹੈ ... ਮੈਕਾਲੇ

ਧਰਮ ਦੀਕਸ਼ਾ ਲਈ ਬਿਨੈ-ਪੱਤਰ

ਮੇਰਾ ਇੱਕੋ ਹੀ ਪੁੱਤ ਹੈ ਧਰਮ-ਗੁਰੂ
ਮਰਦ ਵਿਚਾਰਾ ਸਿਰ 'ਤੇ ਨਹੀਂ ਰਿਹਾ।
ਤੇਰੇ ਇਸ ਤਰ੍ਹਾਂ ਗਰਜਣ ਤੋਂ ਬਾਅਦ
ਮਰਦ ਤਾਂ ਦੂਰ ਦੂਰ ਤੱਕ ਕਿਤੇ ਨਹੀਂ ਬਚੇ
ਹੁਣ ਸਿਰਫ਼ ਤੀਵੀਆਂ ਹਨ ਜਾਂ ਸ਼ਾਕਾਹਾਰੀ ਦੋਪਾਏ
ਜੋ ਉਨ੍ਹਾਂ ਲਈ ਅੰਨ ਕਮਾਉਂਦੇ ਹਨ।
ਸਰਬ ਕਲਾ ਸਮਰੱਥ ਏਂ ਤੂੰ ਧਰਮ-ਗੁਰੂ !
ਤੇਰੀ ਇੱਕ ਮਾੜੀ ਜਿਹੀ ਤਿਊੜੀ ਵੀ
ਚੰਗੇ ਭਲੇ ਪਰਿਵਾਰਾਂ ਨੂੰ ਇੱਜੜ ਬਣਾ ਦਿੰਦੀ
ਹਰ ਕੋਈ ਦੂਸਰੇ ਨੂੰ ਮਿੱਧ ਕੇ
ਆਪਣੀ ਧੌਣ ਤੀਜੇ ਵਿੱਚ ਘੁਸਾਉਂਦਾ ਹੈ
ਪਰ ਮੇਰੀ ਇੱਕੋ ਇੱਕ ਗਰਦਨ ਹੈ ਧਰਮ-ਗੁਰੂ !
ਮੇਰੇ ਬੱਚੇ ਦੀ-ਤੇ ਮਰਦ ਵਿਚਾਰਾ ਸਿਰ 'ਤੇ ਨਹੀਂ ਰਿਹਾ।

ਮੈਂ ਤੇਰੇ ਦੱਸੇ ਹੋਏ ਹੀ ਇਸ਼ਟ ਪੂਜਾਂਗੀ
ਮੈਂ ਤੇਰੇ ਪਾਸ ਕੀਤੇ ਭਜਨ ਹੀ ਗਾਵਾਂਗੀ
ਮੈਂ ਹੋਰ ਸਾਰੇ ਧਰਮਾਂ ਨੂੰ ਨਿਗੁਣੇ ਕਿਹਾ ਕਰੂੰ
ਮੇਰੀ ਪਰ ਇੱਕੋ ਇੱਕ ਜ਼ੁਬਾਨ ਬਚੀ ਹੈ ਧਰਮ-ਗੁਰੂ
ਮੇਰੇ ਬੱਚੇ ਦੀ-ਤੇ ਮਰਦ ਵਿਚਾਰਾ ਸਿਰ 'ਤੇ ਨਹੀਂ ਰਿਹਾ।

ਮੈਂ ਪਹਿਲਾਂ ਬਹੁਤ ਝੱਲੀ ਰਹੀਂ ਹਾਂ ਹੁਣ ਤੱਕ
ਮੇਰੇ ਪਰਿਵਾਰ ਦਾ ਜੋ ਧਰਮ ਹੁੰਦਾ ਸੀ
ਮੇਰਾ ਉਸ 'ਤੇ ਵੀ ਕਦੀ ਧਿਆਨ ਨਹੀਂ ਗਿਆ
ਮੈਂ ਪਰਿਵਾਰ ਨੂੰ ਹੀ ਧਰਮ ਮੰਨਣ ਦਾ ਕੁਫ਼ਰ ਕਰਦੀ ਰਹੀ ਆਂ
ਮੈਂ ਕਮਲੀ ਸੁਣੇ-ਸੁਣਾਏ, ਪਤੀ ਨੂੰ ਰੱਬ ਕਹਿੰਦੀ ਰਹੀ
ਮੇਰੇ ਭਾਣੇ ਤਾਂ ਘਰਦਿਆਂ ਜੀਆਂ ਦੀ ਮੁਸਕਾਨ ਤੇ ਘੂਰੀ ਹੀ
ਸੁਰਗ-ਨਰਕ ਰਹੇ-
ਮੈਂ ਸ਼ਾਇਦ ਵਿੱਠ ਸਾਂ ਕਲਯੁੱਗ ਦੀ, ਧਰਮ-ਗੁਰੂ।

ਤੇਰੀ ਗਜਾਈ ਹੋਈ ਧਰਮ ਦੀ ਜੈਕਾਰ ਨਾਲ
ਮੇਰੇ 'ਚੋਂ ਐਨ ਉੱਡ ਗਈ ਹੈ ਕੁਫ਼ਰ ਦੀ ਧੁੰਦ
ਮੇਰਾ ਮਰਜਾਣੀ ਦਾ ਕੋਈ ਆਪਣਾ ਸੱਚ ਹੁਣ ਨਾ ਦਿਸੂ
ਮੈਂ ਤੇਰਾ ਸੱਚ ਹੀ ਇਕਲੌਤਾ ਸੱਚ ਜਚਾਇਆ ਕਰੂੰ...
ਮੈਂ ਤੀਵੀਂ ਮਾਨੀ ਤੇਰੇ ਜਾਂਬਾਜ਼ ਸ਼ਿਸ਼ਾ ਦੇ ਮੂਹਰੇ ਹਾਂ ਵੀ ਕੀ
ਕਿਸੇ ਵੀ ਉਮਰੇ ਤੇਰੀ ਤੇਗ ਤੋਂ ਘੱਟ ਸੁੰਦਰ ਰਹੀ ਹਾਂ
ਕਿਸੇ ਵੀ ਰੌਅ 'ਚ ਤੇਰੇ ਤੇਜ ਤੋਂ ਫਿਕੀ ਰਹੀ ਹਾਂ
ਮੈਂ ਸੀ ਹੀ ਨਹੀਂ, ਬੱਸ ਤੂੰ ਹੀ ਤੂੰ ਏਂ ਧਰਮ-ਗੁਰੂ।

ਮੇਰਾ ਇੱਕੋ ਈ ਪੁੱਤ ਹੈ ਧਰਮ-ਗੁਰੂ
ਉਂਜ ਭਲਾ ਸੱਤ ਵੀ ਹੁੰਦੇ
ਉਨ੍ਹਾਂ ਤੇਰਾ ਕੁਝ ਨਹੀਂ ਕਰ ਸਕਣਾ ਸੀ
ਤੇਰੇ ਬਾਰੂਦ ਵਿੱਚ ਰੱਬੀ ਮਹਿਕ ਹੈ
ਤੇਰਾ ਬਾਰੂਦ ਰਾਤਾਂ ਨੂੰ ਰੌਣਕਾਂ ਵੰਡਦਾ ਹੈ
ਤੇਰਾ ਬਾਰੂਦ ਰਾਹੋਂ ਭਟਕਿਆਂ ਨੂੰ ਸੋਧਦਾ ਹੈ
ਮੈਂ ਤੇਰੀ ਆਸਤਕ ਗੋਲੀ ਨੂੰ ਅਰਗ ਦਿਆ ਕਰਾਂਗੀ
ਮੇਰਾ ਇੱਕੋ ਈ ਪੁੱਤ ਹੈ ਧਰਮ ਗੁਰੂ !
ਤੇ ਮਰਦ ਵਿਚਾਰਾ ਸਿਰ 'ਤੇ ਨਹੀਂ ਰਿਹਾ।

... ਪਾਸ਼

ਕੌਮੀ ਬਦਇੰਤਜਾਮੀ ਦਾ ਪਹਿਲਾ ਲੱਛਣ ਮਹਿੰਗਾਈ ਅਤੇ ਦੂਜਾ ਜੰਗ ਹੈ।
ਅਰਨੈਸਟੋ ਹਮਿੰਗਵੇ

ਮੁੱਖ ਸੰਪਾਦਕ
ਬਲਬੀਰ ਚੰਦ ਲੌਂਗੋਵਾਲ
98153 17028

ਸੰਪਾਦਕੀ ਬੋਰਡ
ਹੇਮ ਰਾਜ ਸਟੈਨੋ
98769 53561
ਰਾਮ ਸਵਰਨ ਲੱਖੇਵਾਲੀ
94173 62085
ਜਸਵੰਤ ਮੋਹਾਲੀ
98555 30721
ਪਾਲ ਬਾਗਪੁਰ
94173 13738

ਰਚਨਾਵਾਂ ਭੇਜਣ ਲਈ ਈ-ਮੇਲ :
magazinetaraksheel
@rediffmail.com

ਮੁੱਖ ਪ੍ਰਬੰਧਕ :
ਸੁਖਵਿੰਦਰ ਬਾਗਪੁਰ, 94174 27538

ਸਰਵਰਕ : ਹਰਪ੍ਰੀਤ ਰੂਬੀ

ਮੁੱਖ ਪੰਨਾ : ਫ਼ਾਸ਼ੀਵਾਦ ਦਾ ਡੰਗ

ਵਿਦੇਸ਼ੀ ਪ੍ਰਤੀਨਿਧ :
ਅਵਤਾਰ ਗਿੱਲ, ਕੈਨੇਡਾ
ਨਵਦੀਪ, ਲੈਸਟਰ (ਯੂ.ਕੇ.)
ਮਾ. ਭਜਨ ਸਿੰਘ ਕੈਨੇਡਾ
ਬਲਦੇਵ ਰਹਿਪਾ, ਟਰਾਂਟੋ

ਚੰਦਾ
ਸਲਾਨਾ : 100 ਰੁਪਏ
ਵਿਦੇਸ਼ : 25 ਯੂ.ਐੱਸ. ਡਾਲਰ

ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234

ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :
ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਂਕ, ਬਰਨਾਲਾ-148101 (ਪੰਜਾਬ)
ਫੋਨ : 01679-241466

ਬਲਵਿੰਦਰ ਬਰਨਾਲਾ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਔਪ੍ਰ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।

ਤਤਕਰਾ

ਸੰਪਾਦਕੀ	1
ਅਛੂਤ ਦਾ ਸਵਾਲ	2-4
ਦਲਿਤਾਂ 'ਤੇ ਵਹਿਸ਼ੀ ਅੱਤਿਆਚਾਰ ਤੇ ਇਸਦਾ ਤਿੱਖਾ ਵਿਰੋਧ	5-8
ਖ਼ੋਜ ਖਬਰ	9
ਖ਼ਬਰ ਹੈ ਕਿ	10
ਸਮਾਜ ਵਿੱਚ ਖੁਦਕੁਸ਼ੀਆਂ ਦਾ ਵਧ ਰਿਹਾ ਵਰਤਾਰਾ	11-14
ਵਿਗਿਆਨ ਅਤੇ ਧਰਮ	15-18
ਸੁਲਘਦੇ ਬੋਲ	19
ਗੁਰਸ਼ਰਨ ਭਾਅ ਜੀ ਨੂੰ ਯਾਦ ਕਰਦਿਆਂ	20-21
ਮੁਲਾਕਾਤ	22-24
ਬਾਲ ਕੋਨਾ	25
ਵੰਨਗੀ	26-27
ਬ੍ਰਹਿਮੰਡ ਯਾਤਰਾ	28-30
ਮਨੋਰੋਗ ਮਾਹਿਰ ਦੀ ਕਲਮ ਤੋਂ	31-33
ਕੇਸ ਰਿਪੋਰਟ	34
ਰਹੱਸ ਸਾਡੇ ਵੱਸ	35-36
ਸਾਡੇ ਵਿਗਿਆਨੀ	37-38
ਵਿਸ਼ੇਸ਼ ਰਿਪੋਰਟਾਂ	39-40
ਤਰਕਸ਼ੀਲ ਕੈਂਪਸ ਦੇ ਨਿਰਮਾਣ ਲਈ ਆਰਥਿਕ ਸਹਾਇਤਾ	41-42
ਪ੍ਰਤੀਕਰਮ	43-44
ਪੇਸ਼ ਕਦਮੀਆਂ/ਤਰਕਸ਼ੀਲ ਸਾਹਿਤ ਵੈਨ ਦਾ ਸਫਰ	45-52

ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ, (ਚੰਡੀਗੜ੍ਹ) ਮਿਤੀ 17-1-94 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।

ਸੰਪਾਦਕੀ

ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ (A.I.M.S.) ਦਿੱਲੀ ਵੱਲੋਂ ਪੰਜਾਬ ਵਿੱਚ ਨਸ਼ਿਆਂ ਦੇ ਕੀਤੇ ਜਾ ਰਹੇ ਸੇਵਨ ਬਾਰੇ ਕਰਵਾਏ ਇੱਕ ਅਧਿਐਨ ਰਾਹੀਂ ਬਹੁਤ ਚਿੰਤਾ ਅਤੇ ਚਿੰਤਨ ਜਨਕ ਸਥਿਤੀ ਸਾਹਮਣੇ ਆਈ ਹੈ। ਇਹ ਸਟੱਡੀ ਇਸ ਸੰਸਥਾ ਦੇ ਨੈਸ਼ਨਲ ਡਰੱਗ ਡਿਪੈਂਡੈਂਸ ਟ੍ਰੀਟਮੈਂਟ ਸੈਂਟਰ ਵੱਲੋਂ ਇੱਕ ਗੈਰ-ਸਰਕਾਰੀ ਸੰਸਥਾ (N.G.O.) ਸੁਸਾਇਟੀ ਫਾਰ ਪ੍ਰਮੋਸ਼ਨ ਆਫ ਯੂਥ ਐਂਡ ਮਾਸਿਜ਼ ਦੇ ਸਹਿਯੋਗ ਨਾਲ ਕਰਵਾਇਆ ਗਿਆ ਹੈ। ਇਸ ਅਧਿਐਨ ਦੇ ਅੱਖਾਂ ਖੋਲ੍ਹਣ ਵਾਲੇ ਅੰਕੜੇ ਦੱਸਦੇ ਹਨ ਕਿ ਪੰਜਾਬ ਵਿੱਚ ਸਲਾਨਾ 7500 ਕਰੋੜ ਰੁਪਏ ਡਰੱਗ ਉੱਪਰ ਖਰਚੇ ਜਾ ਰਹੇ ਹਨ ਭਾਵ ਇੱਕ ਦਿਨ ਵਿੱਚ 20.55 ਕਰੋੜ ਰੁਪਏ ਨਸ਼ਿਆਂ ਦੀ ਖਰੀਦ ਤੇ ਖਰਚ ਹੋ ਰਹੇ ਹਨ। ਨਸ਼ੇ ਕਰਨ ਵਾਲੇ ਲੋਕਾਂ ਵਿੱਚ ਵਧੇਰੇ ਗਿਣਤੀ ਉਹਨਾਂ ਦੀ ਹੈ ਜੋ ਹੈਰੋਇਨ, ਸਮੈਕ ਆਦਿ ਵਰਗੇ ਅਤੇ ਹੋਰ ਕੈਮੀਕਲ ਨਸ਼ੇ ਕਰਦੇ ਹਨ। 53 ਪ੍ਰਤੀਸ਼ਤ ਨਸ਼ਿਆਂ ਦੇ ਆਦੀ ਹੈਰੋਇਨ ਦੀ ਵਰਤੋਂ ਕਰ ਰਹੇ ਹਨ ਅਤੇ ਲਗਭਗ 33 ਫੀਸਦੀ injecting route (ਟੀਕਿਆਂ) ਰਾਹੀਂ ਇਹ ਨਸ਼ੇ ਲੈ ਰਹੇ ਹਨ। ਸ਼ਰਾਬ, ਜਿਸਨੂੰ ਸਰਕਾਰਾਂ ਨਸ਼ਾ ਮੰਨਣ ਤੋਂ ਹੀ ਇਨਕਾਰੀ ਹਨ, ਬਾਰੇ ਪੰਜਾਬ ਦੇ ਆਬਕਾਰੀ ਅਤੇ ਕਰ ਵਿਭਾਗ ਦੇ ਅੰਕੜੇ ਦੱਸਦੇ ਹਨ ਕਿ ਪਿਛਲੇ ਦਹਾਕੇ ਦੌਰਾਨ ਸ਼ਰਾਬ ਦੇ ਠੇਕਿਆਂ ਦੀ ਗਿਣਤੀ ਵਿੱਚ 50 ਪ੍ਰਤੀਸ਼ਤ ਵਾਧਾ ਹੋਇਆ ਹੈ ਅਤੇ ਇਸ ਦੀ ਵਿਕਰੀ 85 ਫੀਸਦੀ ਵਧੀ ਹੈ। ਚੋਣਾਂ ਸਮੇਂ ਵੋਟਾਂ ਬਟੋਰਨ ਲਈ ਸ਼ਰੇਆਮ ਬੁਰਜੂਆ ਰਾਜਨੀਤਕ ਪਾਰਟੀਆਂ ਨਸ਼ਿਆਂ ਦੀਆਂ ਖੇਪਾਂ ਵੰਡਦੀਆਂ ਹਨ। ਨਸ਼ਿਆਂ ਦੀ ਇਸ ਭਿਆਨਕ ਸਥਿਤੀ ਨੂੰ ਗੰਭੀਰਤਾ ਨਾਲ ਲੈਣ ਦੀ ਬਜਾਏ ਇਹ ਕਹਿ ਕੇ 'ਪੰਜਾਬ ਨੂੰ ਬਦਨਾਮ ਕੀਤਾ ਜਾ ਰਿਹਾ' ਸਰਕਾਰ ਹੱਸ ਕੇ ਟਾਲ ਰਹੀ ਹੈ। ਨਸ਼ਿਆਂ ਦੀ ਤਸਕਰੀ ਵਿੱਚ ਉੱਚ ਪ੍ਰਸ਼ਾਸਨਿਕ, ਪੁਲਿਸ ਅਧਿਕਾਰੀਆਂ ਅਤੇ ਰਾਜਨੀਤਕ ਲੀਡਰਾਂ ਦੇ ਨਾਮ ਬੋਲ ਰਹੇ ਹਨ। ਡੀ.ਐਸ.ਪੀ. ਜਗਦੀਸ਼ ਭੋਲੇ ਨੇ ਗ੍ਰਿਫਤਾਰੀ ਉਪਰੰਤ ਸ਼ਰੇਆਮ ਪੰਜਾਬ ਸਰਕਾਰ ਦੇ ਮੰਤਰੀਆਂ-ਬਿਕਰਮਜੀਤ ਸਿੰਘ ਮਜੀਠੀਆ, ਗੁਲਜ਼ਾਰ ਸਿੰਘ ਰਣੀਕੇ ਅਤੇ ਸਰਵਨ ਸਿੰਘ ਫਿਲੌਰ ਆਦਿ ਦੇ ਮੀਡੀਆ ਅਤੇ ਅਦਾਲਤੀ ਬਿਆਨਾਂ ਵਿੱਚ ਨਾਮ ਲਏ ਕਿ ਕਿਵੇਂ ਇਹ ਧੰਦਾ ਉਹਨਾਂ ਦੀ ਛਤਰ ਛਾਇਆ ਹੇਠ ਚੱਲ ਰਿਹਾ, ਇਹਨਾਂ ਮੰਤਰੀਆਂ ਨੂੰ ਤਾਂ ਕੁੱਝ ਕੀ ਹੋਣਾ ਸੀ ਸਗੋਂ ਭੋਲਾ ਵੀ ਅਦਾਲਤੀ ਪ੍ਰਕ੍ਰਿਆ ਵਿੱਚੋਂ ਸਾਫ ਬਰੀ ਹੋ ਕੇ ਬਾਹਰ ਨਿਕਲ ਆਇਆ। ਇਹ ਚਿੰਤਨ ਦਾ ਸਵਾਲ ਹੈ। ਉਕਤ ਰਿਪੋਰਟ ਦੱਸਦੀ ਹੈ ਕਿ ਜਿਆਦਾਤਰ ਨਸ਼ੇ ਕਰਨ ਵਾਲੇ 18 ਤੋਂ 35 ਸਾਲ ਦੇ ਨੌਜਵਾਨ ਹਨ। ਇਹ ਸਥਿਤੀ ਹੋਰ ਵੀ ਚਿੰਤਾਜਨਕ ਹੈ। ਜਿੰਨ੍ਹਾਂ ਨੌਜਵਾਨਾਂ ਨੇ ਗ਼ਦਰੀ ਬਾਬਿਆਂ, ਭਗਤ ਸਿੰਘ-ਸਰਾਭੇ ਦਾ ਵਾਰਸ਼ ਬਨਣਾ ਸੀ, ਅੱਜ ਇੱਥੋਂ ਦਾ ਰਾਜਨੀਤਕ ਪ੍ਰਬੰਧ ਸ਼ਰੇਆਮ ਉਹਨਾਂ ਦੇ ਹੱਥਾਂ ਵਿੱਚ ਨਸ਼ੇ ਥਮ੍ਹਾਂ ਰਿਹਾ। ਨੌਜਵਾਨੀ ਨੂੰ ਨਸ਼ੱਈ ਬਣਾਉਣ ਵਿੱਚ ਹੀ ਲੁਟੇਰੇ ਪ੍ਰਬੰਧ ਦਾ ਭਵਿੱਖ ਸੁਰੱਖਿਅਤ ਅਤੇ ਉਜਲਾ ਹੈ। ਸਕਰਾਤਮਕ ਸਮਾਜਿਕ ਤਬਦੀਲੀ ਨਾਲ ਜੁੜੀਆਂ ਤਾਕਤਾਂ ਲਈ ਇਹ ਬਹੁਤ ਪਰਖ ਦਾ ਸਮਾਂ ਹੈ। ਇਸੇ ਨੌਜਵਾਨੀ ਨੇ ਦੇਸ਼ ਦਾ ਭਵਿੱਖ ਬਨਣਾ ਹੁੰਦਾ ਹੈ। ਸ਼ਹੀਦ ਭਗਤ ਸਿੰਘ ਜਦੋਂ ਵੀ ਆਪਣੀਆਂ ਲਿਖਤਾਂ ਵਿੱਚ ਸੰਬੋਧਿਤ ਹੋਏ ਤਾਂ ਨੌਜਵਾਨਾਂ ਨੂੰ ਹੀ ਹੋਏ। ਆਓ ਇਸ ਜਵਾਨੀ ਨੂੰ ਨਸ਼ਿਆਂ ਦੇ ਰਾਹ ਤੋਂ ਮੋੜ ਕੇ ਅਧਿਐਨ, ਵਿਗਿਆਨਕ ਸੋਚ ਅਤੇ ਸੰਘਰਸ਼ਾਂ ਨਾਲ ਜੋੜੀਏ।

ਅਛੂਤ ਦਾ ਸਵਾਲ

ਵਿਦਰੋਹੀ

ਸਾਡੇ ਮੁਲਕ ਜਿੰਨ੍ਹੀ ਭੈੜੀ ਹਾਲਤ ਕਿਸੇ ਹੋਰ ਮੁਲਕ ਦੀ ਨਹੀਂ ਹੋਣੀ। ਇੱਥੇ ਅਜੀਬ ਤੋਂ ਅਜੀਬ ਸਵਾਲ ਪੈਦਾ ਹੋਏ ਹੁੰਦੇ ਹਨ। ਇਕ ਬੜਾ ਭਾਰੀ ਸਵਾਲ ਅਛੂਤ ਦਾ ਹੈ। ਸਵਾਲ ਇਹ ਕੀਤਾ ਜਾਂਦਾ ਹੈ ਕਿ 30 ਕਰੋੜ ਦੀ ਆਬਾਦੀ ਵਾਲੇ ਮੁਲਕ ਵਿੱਚ ਜੋ 6 ਕਰੋੜ ਆਦਮੀ ਅਛੂਤ ਕਹਾਉਂਦੇ ਹਨ, ਉਨ੍ਹਾਂ ਨਾਲ ਛੂਹ ਲੈਣ ਨਾਲ ਧਰਮ ਭ੍ਰਿਸ਼ਟ ਤੇ ਨਾ ਹੋਵੇਗਾ ? ਕੀ ਉਨ੍ਹਾਂ ਨੂੰ ਮੰਦਰਾਂ ਵਿੱਚ ਜਾਣ ਦੇਣ ਨਾਲ ਦੇਵਤੇ ਨਾਰਾਜ਼ ਤੇ ਨਾ ਹੋ ਜਾਣਗੇ ? ਕੀ ਉਨ੍ਹਾਂ ਦੇ ਖੂਹ ਤੋਂ ਪਾਣੀ ਕੱਢ ਲੈਣ ਨਾਲ ਖੂਹ ਪਲੀਤ ਤੇ ਨਾ ਹੋ ਜਾਵੇਗਾ ? ਇਹ ਸਵਾਲ ਬੀਹਵੀਂ ਸਦੀ ਵਿੱਚ ਕੀਤੇ ਜਾ ਰਹੇ ਹਨ, ਜਿੰਨ੍ਹਾਂ ਨੂੰ ਕਿ ਸੁਣਦਿਆਂ ਹੀ ਸ਼ਰਮ ਆਉਂਦੀ ਹੈ।

ਸਾਡਾ ਮੁਲਕ ਬੜਾ ਅਧਿਆਤਮਵਾਦੀ ਯਾਨੀ ਰੂਹਾਨੀਅਤ ਪਸੰਦ ਹੈ, ਅਸੀਂ ਮਨੁੱਖ ਨੂੰ ਮਨੁੱਖ ਦਾ ਦਰਜਾ ਦੇਣੋਂ ਵੀ ਝਕਦੇ ਹਾਂ ਤੇ ਉਹ ਬਿਲਕੁਲ ਹੀ ਮਾਇਆਵਾਦੀ ਕਹਾਉਣ ਵਾਲਾ ਯੂਰਪ ਕਈ ਸਦੀਆਂ ਤੋਂ ਇਕਮਈ ਦਾ ਸ਼ੋਰ ਮਚਾ ਰਿਹਾ ਹੈ। ਉਨ੍ਹਾਂ **Equality** (ਬਰਾਬਰੀ) ਦਾ ਐਲਾਨ ਅਮਰੀਕਾ ਅਤੇ ਫਰਾਂਸ ਦੇ ਇਨਕਲਾਬ ਵਿੱਚ ਹੀ ਕਰ ਦਿੱਤਾ ਸੀ ਤੇ ਅੱਜ ਰੂਸ ਨੇ ਹੋਰ ਵੀ ਕਿਸੇ ਕਿਸਮ ਦਾ ਭਿੰਨ ਭੇਦ ਮਿਟਾਉਣ ਦੀ ਖਾਤਰ ਇਕ ਮਈ ਦੇ ਅਸੂਲ 'ਤੇ ਲੱਕ ਬੱਧਾ ਹੋਇਆ ਹੈ ਤੇ ਅਸੀਂ ਸਦਾ ਹੀ ਆਤਮਾ ਪਰਮਾਤਮਾ ਦੇ ਰੋਣੇ ਰੋਣ ਵਾਲੇ ਅੱਜ ਵੀ ਇਸ ਗੱਲ 'ਤੇ ਜ਼ੋਰ ਨਾਲ ਬਹਿਸ ਕਰਕੇ ਕਿ ਕੀ ਅਛੂਤਾਂ ਨੂੰ ਜਨੇਊ ਦੇ ਦਿੱਤਾ ਜਾਵੇਗਾ, ਕੀ ਉਹ ਵੇਦ ਸ਼ਾਸਤਰ ਪੜ੍ਹਨ ਦੇ ਹੱਕਦਾਰ ਹਨ ਕਿ ਨਹੀਂ! ਅਸੀਂ ਨਾ ਮਨਜ਼ੂਰ ਕਰ ਦਿੰਦੇ ਹਾਂ ਅਤੇ ਸਾਨੂੰ ਸ਼ਿਕਾਇਤ ਇਹ ਹੈ ਕਿ ਦੂਜੇ ਮੁਲਕਾਂ ਵਿਚ ਸਾਡੇ ਨਾਲ ਸਲੂਕ ਚੰਗਾ ਨਹੀਂ ਹੁੰਦਾ। ਗੋਰੇਸ਼ਾਹੀ ਵਿਚ ਸਾਨੂੰ ਗੋਰੇ ਦੇ ਬਰਾਬਰ ਨਹੀਂ ਸਮਝਿਆ ਜਾਂਦਾ ਹੈ। ਸਾਨੂੰ ਇਹ ਸ਼ਿਕਾਇਤ ਕਰਨ ਦਾ ਹੱਕ ਹੀ ਕੀ ਹੈ ?

ਕਾਕੀਨਾੜਾ ਵਿਖੇ 1923 ਵਿੱਚ ਕਾਂਗਰਸ ਦਾ ਅਜਲਾਸ ਹੋਇਆ। ਮੁਹੰਮਦ ਅਲੀ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ, ਅੱਜ ਕੱਲ੍ਹ ਦੀਆਂ ਅਨੁਸੂਚਿਤ ਜਾਤੀਆਂ ਦੇ ਮੈਂਬਰ, ਜਿੰਨ੍ਹਾਂ ਨੂੰ ਉਦੋਂ ਅਛੂਤ ਕਿਹਾ ਜਾਂਦਾ ਸੀ, ਨੂੰ ਹਿੰਦੂ ਤੇ ਮੁਸਲਮਾਨ ਮਿਸ਼ਨਰੀ ਸੰਸਥਾਵਾਂ ਵਿੱਚ ਵੰਡ ਦੇਣ ਦਾ ਸੁਝਾਅ ਦਿੱਤਾ। ਅਮੀਰ ਮੁਸਲਮਾਨ ਇਸ ਲਈ ਪੈਸੇ ਦੇਣ ਲਈ ਤਿਆਰ ਹੋਏ ਸਨ ਜਿਸ ਨੇ ਅਜਿਹੇ ਸੁਝਾਅ ਨੂੰ ਜਨਮ ਦਿੱਤਾ। ਇਸੇ ਤਰ੍ਹਾਂ ਮਜ਼ਬੀ ਤੌਰ 'ਤੇ ਵੰਡ ਨੂੰ ਪੱਕਿਆਂ ਕਰਨ ਲਈ ਬਿਰਲੇ ਨੇ ਵੀ ਹਿੰਦੂ ਅਛੂਤ ਉਦਾਰ ਕਮੇਟੀ ਬਣਾਉਣ ਲਈ ਪੈਸੇ ਦੇਣ ਲਈ ਹੱਥ ਅੱਗੇ ਵਧਾਇਆ। ਇਸ ਤਰ੍ਹਾਂ ਅਛੂਤਾਂ ਦੇ 'ਦੋਸਤ' ਉਹਨਾਂ ਨੂੰ ਧਰਮ ਦੇ ਨਾਂ ਤੇ ਪਾੜਣ ਦੇ ਯਤਨ ਕਰਦੇ ਸਨ। ਅਜਿਹੀ ਬਹਿਸ ਦੇ ਸਮੇਂ ਭਗਤ ਸਿੰਘ ਨੇ 'ਅਛੂਤ ਦਾ ਸਵਾਲ' ਨਾਂ ਦਾ ਲੇਖ ਲਿਖਿਆ। ਇਹ ਲੇਖ ਜੂਨ 1928 ਦੇ 'ਕਿਰਤੀ' ਵਿੱਚ 'ਵਿਦਰੋਹੀ' ਦੇ ਕਲਮੀ ਨਾਂ ਹੇਠ ਛਪਿਆ ਸੀ।

ਸਿੰਧ ਦੇ ਇਕ ਮੁਸਲਮਾਨ ਸੱਜਨ ਮਿ. ਨੂਰ ਮੁਹੰਮਦ, ਮੈਂਬਰ ਬੰਬਈ ਕੌਂਸਲ ਨੇ ਇਸ ਮਾਮਲੇ 'ਤੇ 1926 ਵਿੱਚ ਖੂਬ ਕਿਹਾ ਸੀ -

"If the Hindu Society refuses to allow other human beings, fellow creatures so that to attend public schools, and if...the president of local board representing so many lakhs of people in this house refuses to allow his fellows and brothers the elementary human right of having water to drink, what right have they to ask for more rights from the bureaucracy? Before we accuse people coming from other lands, we should see how we ourselves behave toward our own people...How can we ask for greater political rights when we ourselves deny elementary rights of human beings."



ਉਹ ਕਹਿੰਦੇ ਹਨ ਕਿ ਜਦੋਂ ਤੁਸੀਂ ਇੱਕ ਇਨਸਾਨ ਨੂੰ ਪੀਣ ਵਾਸਤੇ ਪਾਣੀ ਦੇਣ ਤੋਂ ਇਨਕਾਰੀ ਹੋ, ਜਾਂ ਜਦੋਂ ਤੁਸੀਂ ਉਹਨਾਂ ਨੂੰ ਮਦਰਸੇ ਵਿਚ ਪੜ੍ਹਨ ਵੀ ਨਹੀਂ ਦਿੰਦੇ, ਤਾਂ ਤੁਹਾਡਾ ਕੀ ਹੱਕ ਹੈ ਕਿ ਆਪਣੇ ਵਾਸਤੇ ਹੋਰ ਹਕੂਕ ਮੰਗੋ ? ਜਦ ਤੁਸੀਂ ਇਕ ਇਨਸਾਨ ਦੇ ਸਾਧਾਰਣ ਅਧਿਕਾਰ ਦੇਣ ਤੋਂ ਵੀ ਇਨਕਾਰੀ ਹੋ, ਤਾਂ ਤੁਸੀਂ ਹੋਰ ਪੁਲੀਟੀਕਲ ਹੱਕ ਮੰਗਣ ਦੇ ਅਧਿਕਾਰੀ ਕਿੱਥੋਂ ਬਣ ਗਏ ? ਗੱਲ ਬੜੀ ਸੱਚੀ ਹੈ, ਪਰ ਇਹ ਚੂੰਕਿ ਇਕ ਮੁਸਲਮਾਨ ਨੇ ਕਹੀ ਹੈ, ਇਸ ਵਾਸਤੇ ਹਿੰਦੂ ਕਹਿਣ ਲੱਗ ਪੈਂਦੇ ਹਨ, ਦੇਖੋ ਜੀ, ਉਹ ਉਨ੍ਹਾਂ ਅਛੂਤਾਂ ਨੂੰ ਮੁਸਲਮਾਨ ਬਣਾ ਕੇ ਆਪਣੇ ਵਿੱਚ ਰਲਾਉਣਾ ਚਾਹੁੰਦੇ ਹਨ। ਉਨ੍ਹਾਂ ਤੇ ਸਾਫ ਮੰਨ ਲਿਆ ਹੈ ਕਿ ਜਦੋਂ ਤੁਸੀਂ ਉਨ੍ਹਾਂ ਨੂੰ ਇਸ ਤਰ੍ਹਾਂ ਪਸ਼ੂਆਂ ਨਾਲੋਂ ਵੀ ਗਿਆ ਗੁਜ਼ਰਿਆ ਸਮਝੋਗੇ ਤਾਂ ਉਹ ਜ਼ਰੂਰ ਹੀ ਦੂਜਿਆਂ ਮਜ਼ਬਾਂ ਵਿਚ ਜਾ ਸ਼ਾਮਿਲ ਹੋਣਗੇ। ਜਿੰਨ੍ਹਾਂ ਵਿੱਚ ਕਿ ਉਨ੍ਹਾਂ ਨੂੰ ਵਧੇਰੇ ਅਧਿਕਾਰ ਮਿਲਣਗੇ, ਜਿੱਥੇ ਕਿ ਉਨ੍ਹਾਂ ਨਾਲ ਆਦਮੀਆਂ ਵਾਲਾ ਸਲੂਕ ਕੀਤਾ ਜਾਵੇਗਾ। ਫੇਰ ਇਹ ਕਹਿਣਾ ਕਿ ਦੇਖੋ ਜੀ ਈਸਾਈ ਤੇ ਮੁਸਲਮਾਨ ਹਿੰਦੂ ਕੌਮ ਨੂੰ ਨੁਕਸਾਨ ਪਹੁੰਚਾ ਰਹੇ ਹਨ, ਫਜ਼ੂਲ ਹੋਵੇਗਾ।

ਕਿੱਡੀ ਸੱਚੀ ਗੱਲ ਹੈ ਪਰ ਇਹ ਸੁਣ ਕੇ ਸਾਰੇ ਤੜਫ

ਉਠਦੇ ਹਨ। ਖ਼ੈਰ ! ਠੀਕ ਇਸੇ ਗੱਲ ਦਾ ਫ਼ਿਕਰ ਹਿੰਦੂਆਂ ਨੂੰ ਵੀ ਪਿਆ ! ਸਨਾਤਨੀ ਪੰਡਿਤ ਵੀ ਕੁਝ ਕੁ ਇਸ ਮਸਲੇ ਤੇ ਸੋਚਣ ਲੱਗੇ। ਵਿਚ ਵਿਚ ਬੜੇ 'ਯੁੱਗ ਪਲਟਾਊ' ਕਹਾਉਣ ਵਾਲੇ ਵੀ ਸ਼ਾਮਿਲ ਹੋਏ। ਪਟਨਾ ਹਿੰਦੂਮਹਾਂ ਸਭਾ ਹੋਈ। ਲਾਲਾ ਲਾਜਪਤ ਰਾਏ, ਜਿਹੜੇ ਕਿ ਅਛੂਤਾਂ ਦੇ ਬੜੇ ਪੁਰਾਣੇ ਹਾਮੀ ਚਲੇ ਆਉਂਦੇ ਹਨ, ਪ੍ਰਧਾਨ ਸਨ। ਬੜੀ ਬਹਿਸ ਛਿੜੀ, ਗਰਮਾ-ਗਰਮ ਝੜਪਾਂ ਹੋਈਆਂ, ਮਾਮਲਾ ਇਹ ਦਰਪੇਸ਼ ਸੀ, ਕਿ ਕੀ ਅਛੂਤਾਂ ਨੂੰ ਯਗੋ-ਪਵੀਤ (ਜਨੇਊ) ਪਾਉਣ ਦਾ ਹੱਕ ਹੈ ? ਤੇ ਕੀ ਉਹਨਾਂ ਨੂੰ ਵੇਦ ਸ਼ਾਸਤਰ ਪੜ੍ਹਨ ਦਾ ਹੱਕ ਹੈ ? ਬੜੇ ਬੜੇ **Reformer** (ਸਮਾਜ ਸੁਧਾਰਕ) ਗਰਮ ਹੋ ਪਏ, ਪਰ ਲਾਲਾ ਜੀ ਨੇ ਸਭ ਨੂੰ ਸਮਝਾ ਲਿਆ, ਤੇ ਇਹ ਦੋਵੇਂ ਗੱਲਾਂ ਮਨਜ਼ੂਰ ਕਰਕੇ ਹਿੰਦੂ ਧਰਮ ਦੀ ਲਾਜ ਰੱਖ ਲਈ। ਨਹੀਂ ਤਾਂ ਕਿੱਥੇ ਟਿਕਾਣਾ ਸੀ, ਜ਼ਰਾ ਸੋਚੋ ਤਾਂ ਸਹੀ ਕਿੱਡੀ ਸ਼ਰਮ ਦੀ ਗੱਲ ਹੈ। ਕੁੱਤਾ ਸਾਡੀ ਗੋਦ ਵਿੱਚ ਬੈਠ ਸਕਦਾ ਹੈ, ਸਾਡੇ ਚੌਂਕੇ ਵਿੱਚ ਨਿਸ਼ੰਗ ਫਿਰਦਾ ਹੈ ਪਰ ਇਕ ਆਦਮੀ ਸਾਡੇ ਨਾਲ ਛੂਹ ਜਾਵੇ ਤਾਂ ਬੱਸ ਧਰਮ ਖਰਾਬ ਹੋ ਜਾਂਦਾ ਹੈ, ਪੰਡਿਤ ਮਾਲਵੀਆ ਜੀ ਜੈਸੇ ਬੜੇ ਸਮਾਜ ਸੁਧਾਰਕ, ਅਛੂਤਾਂ ਦੇ ਬੜੇ ਪ੍ਰੇਮੀ, ਹੋਰ ਵੀ ਨਾ ਜਾਣੇ ਕੀ ਕੀ-ਪਹਿਲੇ ਇਕ ਅਛੂਤ ਦੇ ਹੱਥੋਂ ਹਾਰ ਪੁਆ ਲੈਂਦੇ ਹਨ, ਪਿੱਛੋਂ ਕੱਪੜਿਆਂ ਸਮੇਤ ਇਸ਼ਨਾਨ ਕੀਤਿਆਂ ਬਿਨ੍ਹਾਂ ਆਪਣੇ ਆਪ ਨੂੰ ਅਸ਼ੁੱਧ ਸਮਝਦੇ ਹਨ। ਕਿਆ ਖੂਬ ਇਹ ਚਾਲ ਹੈ ! ਸਭ ਨੂੰ ਪਿਆਰ ਕਰਨ ਵਾਲਾ ਰੱਬ ! ਉਸਦੀ ਪੂਜਾ ਕਰਨ ਵਾਸਤੇ ਜੋ ਮੰਦਿਰ ਬਣਿਆ ਹੈ, ਉਥੇ ਅਗਰ ਉਹ ਗਰੀਬ ਜਾ ਵੜੇ ਤਾਂ ਮੰਦਿਰ ਪਲੀਤ ਹੋ ਜਾਂਦਾ ਹੈ, ਰੱਬ ਨਾਰਾਜ਼ ਹੋ ਜਾਂਦਾ ਹੈ। ਘਰ ਦੀ ਇਹ ਹਾਲਤ ਹੋਵੇ ਤੇ ਬਾਹਰ ਅਸੀਂ Equality (ਬਰਾਬਰੀ) ਦੇ ਨਾਮ ਤੇ ਝਗੜਦੇ ਚੰਗੇ ਲੱਗਦੇ ਹਾਂ ? ਫੇਰ ਸਾਡੇ ਇਸ ਰਵੱਈਏ ਵਿੱਚ ਅਕ੍ਰਿਤਘਨਤਾ ਦੀ ਵੀ ਹੱਦ ਪਾਈ ਜਾਂਦੀ ਹੈ। ਜੋ ਸਾਡੇ ਵਾਸਤੇ ਨੀਚ ਤੋਂ ਨੀਚ ਕੰਮ ਕਰਕੇ ਸਾਡੇ ਸੁੱਖਾਂ ਵਿੱਚ ਵਾਧਾ ਕਰਦੇ ਹਨ, ਉਨ੍ਹਾਂ ਨੂੰ ਹੀ ਅਸੀਂ ਪਰ੍ਹੇ ਪਰ੍ਹੇ ਕਰਦੇ ਹਾਂ। ਜਾਨਵਰਾਂ ਦੀ ਪੂਜਾ ਕਰ ਸਕਦੇ ਹਾਂ, ਪਰ ਇਨਸਾਨ ਨੂੰ ਕੋਲ ਵੀ ਨਹੀਂ ਬਿਠਾ ਸਕਦੇ ?

ਅੱਜ ਇਸ ਸਵਾਲ ਤੇ ਬਹੁਤ ਸ਼ੋਰ ਹੋ ਰਿਹਾ ਹੈ : ਉਹਨਾਂ ਵਿਚਾਰਿਆਂ ਵੱਲ ਅੱਜ-ਕੱਲ੍ਹ ਖਾਸ ਧਿਆਨ ਦਿੱਤਾ ਜਾ ਰਿਹਾ ਹੈ। ਮੁਲਕ ਵਿੱਚ ਆਜ਼ਾਦੀ ਦਾ ਜੋ ਵਿਕਾਸ ਹੋ ਰਿਹਾ ਹੈ, ਉਸ ਵਿਚ ਫਿਰਕਾਵਾਰਾਨਾ ਨਿਆਬੁਤ ਨੇ ਹੋਰ ਕੋਈ ਫਾਇਦਾ ਕੀਤਾ ਹੋਵੇ ਜਾਂ ਨਾ ਕੀਤਾ ਹੋਵੇ, ਇਹ ਫਾਇਦਾ ਜ਼ਰੂਰ ਕੀਤਾ ਹੈ ਕਿ ਵਧੀਕ ਹਕੂਕ ਮੰਗਣ ਵਾਸਤੇ ਆਪਣੀ ਕੌਮ ਦੀ ਗਿਣਤੀ ਵਧਾਉਣ ਦਾ ਫਿਕਰ ਸਭਨਾਂ ਨੂੰ ਪਿਆ। ਮੁਸਲਮਾਨਾਂ ਨੇ ਜ਼ਰਾ ਵਧੇਰੇ ਜ਼ੋਰ ਦਿੱਤਾ। ਉਨ੍ਹਾਂ ਅਛੂਤਾਂ ਨੂੰ ਮੁਸਲਮਾਨ ਬਣਾ ਬਣਾ ਕੇ ਆਪਣੇ ਬਰਾਬਰ ਦਾ ਇਨਸਾਨ ਬਣਾ ਕੇ ਉਨ੍ਹਾਂ ਨੂੰ ਆਦਮੀ ਦੇ ਹਕੂਕ ਦੇਣੇ ਸ਼ੁਰੂ ਕਰ ਦਿੱਤੇ। ਹੁਣ ਹਿੰਦੂਆਂ ਦੇ ਵੀ ਸੱਟ ਵੱਜੀ। ਜ਼ਿੱਦ ਵਧੀ। ਫਸ਼ਾਦ ਵੀ ਹੋਏ। ਖੈਰ ! ਹੌਲੀ ਹੌਲੀ ਸਿੱਖਾਂ ਵਿੱਚ ਵੀ ਖਿਆਲ ਪੈਦਾ ਹੋਇਆ ਕਿ ਅਸੀਂ ਨਾ ਪਿੱਛੇ ਰਹਿ ਜਾਈਏ। ਉਹਨਾਂ ਵੀ ਅੰਮ੍ਰਿਤ ਛਕਾਉਣਾ ਸ਼ੁਰੂ ਕਰ ਦਿੱਤਾ। ਹਿੰਦੂਆਂ ਸਿੱਖਾਂ ਵਿੱਚ ਅਛੂਤਾਂ ਦੇ ਜਨੇਊ ਲਾਹੁਣ ਜਾਂ ਕੇਸ ਕਟਾਉਣ ਦੇ ਸਵਾਲਾਂ 'ਤੇ ਝਗੜੇ ਹੋਏ। ਹੁਣ ਤਿੰਨੇ ਕੌਮਾਂ ਉਨ੍ਹਾਂ ਨੂੰ ਆਪਣੇ ਆਪਣੇ ਵੱਲ ਖਿੱਚ ਰਹੀਆਂ ਹਨ ਤੇ ਬੜਾ ਸ਼ੋਰ ਸ਼ਰਾਬਾ ਹੈ। ਉਧਰ ਈਸਾਈ ਚੁਪ ਚਾਪ ਉਨ੍ਹਾਂ ਦਾ ਰੁਤਬਾ ਵਧਾ ਰਹੇ ਹਨ। ਇਸ ਸਾਰੀ ਹਲਚਲ ਨਾਲ ਹਿੰਦੋਸਤਾਨ ਦੀ ਲਾਅਨਤ ਦੂਰ ਹੋ ਰਹੀ ਹੈ। ਇਧਰ ਜਦ ਅਛੂਤਾਂ ਦੇਖਿਆ ਕਿ ਸਾਡੀ ਖਾਤਰ ਇਹਨਾਂ ਵਿਚ ਫਸਾਦ ਹੋ ਰਿਹਾ ਹੈ ਅਤੇ ਸਾਨੂੰ ਹਰ ਕੋਈ ਆਪਣੀ ਆਪਣੀ ਖੁਰਾਕ ਸਮਝ ਰਿਹਾ ਹੈ ਤਾਂ ਅਸੀਂ ਜੁਦੇ ਹੀ ਕਿਉਂ ਨਾ ਸੰਗਠਤ ਹੋਈਏ। ਇਸੇ ਖਿਆਲ ਨੂੰ ਸ਼ੁਰੂ ਕਰਨ ਵਿਚ ਸਰਕਾਰ ਅੰਗਰੇਜ਼ੀ ਦਾ ਕੋਈ ਹੱਥ ਹੋਵੇ ਜਾਂ ਨਾ ਹੋਵੇ, ਇੰਨਾ ਜ਼ਰੂਰ ਹੈ ਕਿ ਉਸਦੇ ਪ੍ਰਚਾਰ ਵਿਚ ਸਰਕਾਰੀ ਆਦਮੀਆਂ ਦਾ ਵੀ ਕਾਫੀ ਹੱਥ ਹੈ ਸੀ। ਆਦਿ ਧਰਮ ਮੰਡਲ ਆਦਿਕ ਉਸੇ ਵਿਚਾਰ ਦੇ ਪ੍ਰਚਾਰ ਦਾ ਨਤੀਜਾ ਹਨ।

ਹੁਣ ਇਕ ਸਵਾਲ ਹੋਰ ਉਠਦਾ ਹੈ ਕਿ ਇਸ ਮਸਲੇ ਦਾ ਠੀਕ ਠੀਕ ਹੱਲ ਕੀ ਹੈ ? ਇਸ ਦਾ ਜਵਾਬ ਬੜਾ ਸੈਹਲ ਹੈ। ਸਭ ਤੋਂ ਪਹਿਲੋਂ ਇਹ ਫੈਸਲਾ ਕਰ ਲੈਣਾ ਚਾਹੀਦਾ ਹੈ ਕਿ ਸਭ ਇਨਸਾਨ ਇਕੋ ਜਿਹੇ ਹਨ ਅਤੇ ਨਾ ਤੇ ਜਨਮ ਨਾਲ ਕੋਈ ਭਿੰਨ ਭੇਦ ਪੈਂਦਾ ਹੈ ਤੇ ਨਾ ਕੰਮਕਾਜ ਨਾਲ। ਯਾਨੀ ਚੂੰਕਿ ਇਕ ਆਦਮੀ ਗਰੀਬ ਭੰਗੀ ਦੇ ਘਰ ਪੈਦਾ ਹੋ ਗਿਆ ਹੈ, ਇਸ ਕਰਕੇ ਸਾਰੀ ਉਮਰ ਟੱਟੀਆਂ ਹੀ ਸਾਫ ਕਰੇਗਾ ਤੇ ਦੁਨੀਆ ਵਿੱਚ ਕਿਸੇ ਕਿਸਮ ਦੀ ਤਰੱਕੀ ਦਾ ਉਸ ਨੂੰ ਕੋਈ ਹੱਕ ਨਹੀਂ। ਇਹ ਗੱਲਾਂ ਫਜ਼ੂਲ ਹਨ। ਇੰਨ੍ਹਾਂ ਵਰਗਿਆਂ ਆਦਮੀਆਂ ਨਾਲ ਜਦੋਂ ਸਾਡੇ ਬਜ਼ੁਰਗ ਆਰੀਅਨ ਲੋਕਾਂ ਨੇ ਇਹ ਜ਼ੁਲਮ ਕੀਤਾ ਅਤੇ ਉਨ੍ਹਾਂ ਨੂੰ ਨੀਚ ਕਹਿ ਕੇ ਪਰ੍ਹੇ ਕਰ ਦਿੱਤਾ ਅਤੇ ਨੀਚ ਕੰਮ ਕਰਾਉਣ ਲੱਗ ਪਏ ਅਤੇ ਨਾਲ ਹੀ ਇਹ ਵੀ ਫਿਕਰ ਪਿਆ ਕਿ ਇਹ ਬਗਾਵਤ ਨਾ ਕਰ ਦੇਣ, ਤਦੋਂ ਪੁਨਰ ਜਨਮ ਦੀ ਫਿਲੋਸਫੀ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਹ ਤੁਹਾਡੇ ਪੁਰਾਣੇ ਜਨਮ ਦੇ ਪਾਪਾਂ ਦਾ ਫਲ ਹੈ। ਕੀ ਹੋ ਸਕਦਾ ਹੈ ? ਚੁੱਪ ਕਰਕੇ ਗੁਜ਼ਾਰਾ ਕਰੋ। ਇਸ ਤਰ੍ਹਾਂ ਉਨ੍ਹਾਂ ਨੂੰ ਸਬਰ ਦਾ ਸਬਕ ਪੜ੍ਹਾ ਕੇ ਉਹ ਲੋਕੀਂ ਇੰਨ੍ਹਾਂ ਨੂੰ ਕੁੱਝ ਚਿਰ ਵਾਸਤੇ ਚੁੱਪ ਕਰਾ ਗਏ। ਪਰ ਉਨ੍ਹਾਂ ਇਨਸਾਨਾਂ ਦੇ ਅੰਦਰੋਂ ਇਨਸਾਨੀਅਤ ਦਾ ਮਾਦਾ, ਆਤਮ ਵਿਸ਼ਵਾਸ ਅਤੇ ਆਤਮ ਨਿਰਭਰਤਾ ਦਾ ਭਾਵ ਮਾਰ ਸੁਟਿਆ। ਬੜਾ ਜ਼ੁਲਮ ਤੇ ਕਹਿਰ ਕਮਾਇਆ। ਖੈਰ ਅੱਜ ਉਸਦੇ ਪ੍ਰਾਸ਼ਚਿਤ ਦਾ ਵੇਲਾ ਹੈ। ਇਸਦੇ ਨਾਲ ਹੀ ਇੱਕ ਹੋਰ ਖਰਾਬੀ ਪੈਦਾ ਹੋ ਗਈ। ਲੋਕਾਂ ਦੇ ਦਿਲਾਂ ਵਿੱਚ ਜਰੂਰੀ ਕੰਮਾਂ ਵਾਸਤੇ ਘ੍ਰਿਣਾ ਪੈਦਾ ਹੋ ਗਈ। ਅਸੀਂ ਜੁਲਾਹੇ ਨੂੰ ਵੀ ਪਰ੍ਹੇ ਦੁਰਕਾਰ ਦਿੱਤਾ ਤੇ ਅੱਜ ਕਪੜਾ ਬੁਣਨ ਵਾਲੇ ਅਛੂਤ ਸਮਝੇ ਜਾਂਦੇ ਹਨ। ਯੂ.ਪੀ. ਵੱਲ ਕਹਾਰ (ਝੀਰ) ਨੂੰ ਵੀ ਅਛੂਤ ਸਮਝਿਆ ਜਾਂਦਾ ਹੈ। ਇਸ ਨਾਲ ਬੜੀ ਖਰਾਬੀ ਪੈਦਾ ਹੋ ਗਈ ਜਿਸ ਨਾਲ ਕਿ ਸਾਡੀ ਤਰੱਕੀ ਵਿੱਚ ਬੜੀ ਰੁਕਾਵਟ ਪੈਂਦੀ ਹੈ।

ਇੰਨ੍ਹਾਂ ਗੱਲਾਂ ਨੂੰ ਸਾਹਮਣੇ ਰੱਖਦੇ ਹੋਏ ਅਸੀਂ ਅਗਾਹਾਂ ਵਧੀਏ। ਇਹਨਾਂ ਨੂੰ ਅਛੂਤ ਨਾ ਕਹੀਏ ਤੇ ਨਾ ਸਮਝੀਏ। ਬਸ ਮੁਆਮਲਾ ਸਾਫ ਹੋ ਜਾਂਦਾ ਹੈ। ਨੌਜਵਾਨ ਭਾਰਤ ਸਭਾ ਅਤੇ ਨੌਜਵਾਨ ਕਾਨਫਰੰਸ ਨੇ ਜੋ ਤਰੀਕਾ ਅਖਤਿਆਰ ਕੀਤਾ ਹੈ, ਉਹ ਡਾਢਾ ਸੁੰਦਰ ਹੈ। ਜਿੰਨ੍ਹਾਂ ਭਰਾਵਾਂ ਨੂੰ ਅੱਜ ਤੀਕ ਅਛੂਤ ਅਛੂਤ ਕਿਹਾ ਕਰਦੇ ਸਾਂ, ਉਨ੍ਹਾਂ ਕੋਲੋਂ ਖਿਮਾ ਮੰਗਣੀ ਅਤੇ ਉਨ੍ਹਾਂ ਨੂੰ ਆਪਣੇ ਵਰਗਾ ਆਦਮੀ ਸਮਝਣਾ, ਬਿਨ੍ਹਾਂ ਅੰਮ੍ਰਿਤ ਛਕਾਇਆਂ, ਕਲਮਾਂ ਪੜ੍ਹਾਇਆਂ ਜਾਂ ਸ਼ੁੱਧ ਕੀਤਿਆਂ ਹੀ ਉਸਨੂੰ ਆਪਣੇ ਵਿੱਚ ਰਲਾ ਲੈਣਾ, ਉਸਦੇ ਹੱਥ ਦਾ ਪਾਣੀ ਪੀਣਾ। ਇਹੋ ਠੀਕ ਤਰੀਕਾ ਹੈ ਤੇ ਆਪੋ ਵਿੱਚ ਖਿੱਚਾ ਧੂਹੀ ਕਰਨੀ ਤੇ ਅਮਲ ਵਿੱਚ ਕੋਈ ਵੀ ਹੱਕ ਨਾ ਦੇਣਾ ਕੋਈ ਠੀਕ ਗੱਲ ਨਹੀਂ ਹੈ।

ਜਦੋਂ ਪਿੰਡਾਂ ਵਿੱਚ ਕਿਰਤੀ ਪ੍ਰਚਾਰ ਸ਼ੁਰੂ ਹੋਇਆ, ਉਦੋਂ ਜੱਟਾਂ ਨੂੰ ਸਰਕਾਰੀ ਆਦਮੀ ਇਹ ਗੱਲ ਸਮਝਾ ਕੇ ਭੜਕਾਉਂਦੇ ਸਨ ਕਿ ਦੇਖੋ ਇਹ ਇਹਨਾਂ ਨੂੰ ਸਿਰ ਤੇ ਚੜ੍ਹਾ ਰਹੇ ਹਨ ਅਤੇ ਤੁਹਾਡਾ ਕੰਮ ਬੰਦ ਕਰਾਊ ਹਨ। ਬੱਸ ਜੱਟ ਇੰਨੇ ਵਿਚ ਹੀ ਭੂਤਰ ਪਏ। ਉਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਹਨਾਂ ਦੀ ਹਾਲਤ ਉਨ੍ਹਾਂ ਚਿਰ ਨਹੀਂ ਸੁਧਰ ਸਕਦੀ ਜਿੰਨ੍ਹਾ ਚਿਰ ਕਿ ਉਹ ਇੰਨ੍ਹਾਂ ਗਰੀਬਾਂ ਨੂੰ ਕਮੀਨ ਅਤੇ ਨੀਚ ਕਹਿ ਕੇ ਆਪਣੇ ਪੈਰਾਂ ਹੇਠ ਦੱਬੀ ਰੱਖਣਾ ਚਾਹੁੰਦੇ ਹਨ। ਕਿਹਾ ਜਾਂਦਾ ਹੈ ਕਿ ਉਹ ਸਾਫ ਨਹੀਂ ਰਹਿੰਦੇ। ਇਸਦਾ ਜਵਾਬ ਸਾਫ ਹੈ, ਉਹ ਗਰੀਬ ਹਨ। ਗਰੀਬੀ ਦਾ ਇਲਾਜ ਕਰੋ। ਉੱਚੀਆਂ-ਉੱਚੀਆਂ ਕੁਲਾਂ ਦੇ ਗਰੀਬ ਲੋਕੀਂ ਕੋਈ ਘੱਟ ਗੰਦੇ ਨਹੀਂ ਹੁੰਦੇ। ਗੰਦਾ ਕੰਮ ਕਰਨ ਦਾ ਬਹਾਨਾ ਵੀ ਨਹੀਂ ਲੱਗ ਸਕਦਾ। ਮਾਵਾਂ ਬੱਚਿਆਂ ਦਾ ਗੰਦ ਸਾਫ ਕਰਨ ਨਾਲ ਅਛੂਤ ਨਹੀਂ ਹੋ ਜਾਂਦੀਆਂ।

ਪਰ ਇਹ ਕੰਮ ਉਨ੍ਹਾਂ ਚਿਰ ਨਹੀਂ ਹੋ ਸਕਦਾ, ਜਿੰਨ੍ਹਾਂ ਚਿਰ ਕਿ ਅਛੂਤ ਕੌਮਾਂ ਆਪਣੇ ਆਪ ਨੂੰ ਸੰਗਠਤ ਨਾ ਕਰ ਲੈਣ। ਅਸੀਂ ਤਾਂ ਸਮਝਦੇ ਹਾਂ ਕਿ ਉਨ੍ਹਾਂ ਦਾ ਆਪਣੇ ਆਪ ਨੂੰ ਵੱਖਰਾ ਜਥੇਬੰਦ ਕਰਨਾ ਤੇ ਬਰਾਬਰ ਹੱਕ ਹਕੂਕ ਮੰਗਣਾ ਬੜੀ ਆਸ਼ਾਜਨਕ ਤਹਿਰੀਕ ਹੈ। ਜਾਂ ਤੇ ਫਿਰਕਾਵਾਰਾਨਾ ਨਿਆਬਤ ਦਾ ਟੰਟਾ ਹੀ ਮੁਕਾਓ ਨਹੀਂ ਤੇ ਉਨਾਂ ਦੇ ਵੱਖਰੇ ਹਕੂਕ ਉਨ੍ਹਾਂ ਨੂੰ ਦੇਵੋ। ਕੌਂਸਲਾਂ ਤੇ ਅਸੈਂਬਲੀਆਂ ਦਾ ਫਰਜ਼ ਹੈ ਕਿ ਸਕੂਲ, ਕਾਲਜ, ਖੂਹ ਤੇ ਸੜਕਾਂ ਦੇ ਇਸਤੇਮਾਲ ਦੀ ਪੂਰੀ ਆਜ਼ਾਦੀ ਇੰਨ੍ਹਾਂ ਨੂੰ ਦੁਆਉਣ। ਜ਼ਬਾਨੀ ਹੀ ਨਹੀਂ, ਬਲਕਿ ਨਾਲ ਲੈ ਜਾ ਕੇ ਉਨ੍ਹਾਂ ਨੂੰ ਖੂਹਾਂ ਤੇ ਚੜ੍ਹਾਉਣ, ਨਾਲ ਲੈ ਜਾ ਕੇ ਉਨ੍ਹਾਂ ਦੇ ਮੁੰਡਿਆਂ ਨੂੰ ਮਦਰਸਿਆਂ ਵਿੱਚ ਭਰਤੀ ਕਰਾਉਣ। ਪਰ ਜਿਸ ਲੈਜਿਸਲੇਟਿਵ ਵਿਚ ਛੋਟੀ ਉਮਰ ਦੇ ਵਿਆਹਾਂ ਦੇ ਵਿਰੁੱਧ ਪੇਸ਼ ਕੀਤੇ ਗਏ ਬਿੱਲ ਤੇ ਮਜ਼੍ਹਬ ਦਾ ਬਹਾਨਾ ਲੈ ਕੇ ਹਾਏ ਤੋਬਾ ਮਚਾ ਦਿੱਤੀ ਜਾਂਦੀ ਹੈ, ਉਥੇ ਅਛੂਤ ਨੂੰ ਨਾਲ ਰਲਾਉਣ ਦੀ ਹਿੰਮਤ ਉਹ ਕਿਸ ਤਰ੍ਹਾਂ ਕਰ ਸਕਦੇ ਹਨ।

ਇਸੇ ਕਰਕੇ ਅਸੀਂ ਕਹਿੰਦੇ ਹਾਂ ਕਿ ਉਨ੍ਹਾਂ ਦੇ ਆਪਣੇ ਨੁਮਾਇੰਦੇ ਕਿਉਂ ਨਾ ਹੋਣ ? ਉਹ ਆਪਣੀ ਵੱਖਰੀ ਤਾਦਾਦ ਕਿਉਂ ਨਾ ਮੰਗਣ ? ਅਸੀਂ ਤਾਂ ਸਾਫ ਕਹਿੰਦੇ ਹਾਂ ਕਿ ਉਠੋ ! ਅਛੂਤ ਕਹਾਉਣ ਵਾਲੇ ਅਸਲੀ ਸੇਵਕੋ ਤੇ ਵੀਰੋ ਉਠੋ ! ਆਪਣਾ ਇਤਿਹਾਸ ਦੇਖੋ ! ਤੁਹਾਡੀਆਂ ਕੁਰਬਾਨੀਆਂ ਸੋਨੇ ਦੇ ਅੱਖਰਾਂ ਵਿੱਚ ਲਿਖੀਆਂ ਹੋਈਆਂ ਹਨ। ਤੁਸੀਂ ਜੋ ਨਿੱਤ ਸੇਵਾ ਕਰਕੇ ਕੰਮ ਦੇ ਸੁੱਖ ਵਿੱਚ ਵਾਧਾ ਕਰਕੇ ਅਤੇ ਜ਼ਿੰਦਗੀ ਮੁਮਕਨ ਬਣਾ ਕੇ ਇਕ ਬੜਾ ਭਾਰੀ ਅਹਿਸਾਨ ਕਰ ਰਹੇ ਹੋ, ਉਸਨੂੰ, ਅਸੀਂ ਲੋਕੀਂ ਨਹੀਂ ਸਮਝਦੇ। (**Land Alienation Act**) ਇੰਤਕਾਲੇ ਅਰਾਜ਼ੀ ਐਕਟ ਦੇ ਮੁਤਾਬਿਕ ਤੁਸੀਂ ਪੈਸੇ ਇਕੱਠੇ ਕਰਕੇ ਵੀ ਜ਼ਮੀਨ ਨਹੀਂ ਖਰੀਦ ਸਕੇ। ਤੁਹਾਡੇ 'ਤੇ ਇੰਨ੍ਹਾਂ ਜ਼ੁਲਮ ਹੋ ਰਿਹਾ ਹੈ ਕਿ ਅਮਰੀਕਾ ਦੀ ਮਿਸ ਮੇਯੋ ਤੁਹਾਨੂੰ (**Less than men**) ਮਨੁੱਖਾਂ ਨਾਲੋਂ ਬਹੁਤ ਹੇਠਾਂ ਕਹਿੰਦੀ ਹੈ। ਉਠੋ ! ਆਪਣੀ ਤਾਕਤ ਪਛਾਣੋ। ਜਥੇਬੰਦ ਹੋ ਜਾਓ। ਅਸਲ ਵਿਚ ਤੇ ਤੁਹਾਡੇ ਆਪਣੇ ਯਤਨ ਕੀਤਿਆਂ ਬਿਨਾਂ ਤੁਹਾਨੂੰ ਕੁੱਝ ਵੀ ਨਹੀਂ ਮਿਲ ਸਕੇਗਾ। (**Those who would be free must themselves strike the blow**) ਆਜ਼ਾਦੀ ਦੀ ਖਾਤਰ ਆਜ਼ਾਦੀ ਚਾਹੁਣ ਵਾਲਿਆਂ ਨੂੰ ਯਤਨ ਕਰਨਾ ਚਾਹੀਦਾ ਹੈ। ਲੱਤਾਂ ਦੇ ਭੂਤ ਗੱਲਾਂ ਨਾਲ ਨਹੀਂ ਮੰਨਿਆ ਕਰਦੇ। ਜਥੇਬੰਦ ਹੋ ਕੇ ਆਪਣੇ ਪੈਰਾਂ ਤੇ ਖਲੋ ਕੇ ਸਾਰੇ ਸਮਾਜ ਨੂੰ ਚੈਲੰਜ ਕਰ ਦਿਓ। ਦੇਖੋ ਤਾਂ ਫੇਰ ਕੌਣ ਤੁਹਾਡੇ ਹੱਕ ਦੇਣ ਤੋਂ ਇਨਕਾਰ ਕਰਨ ਦੀ ਜੁਰਅਤ ਕਰ ਸਕੇਗਾ। ਤੁਸੀਂ ਲੋਕਾਂ ਦੀ ਖੁਰਾਕ ਨਾ ਬਣੋ। ਦੂਜਿਆਂ ਦੇ ਮੂੰਹ ਵੱਲ ਨਾ ਤੱਕੋ। ਪਰ ਖਿਆਲ ਰੱਖਣਾ। ਨੌਕਰਸ਼ਾਹੀ ਦੇ ਝਾਂਸੇ ਵਿੱਚ ਵੀ ਨਾ ਆਉਣਾ। ਇਹ ਤੁਹਾਡੀ ਮਦਦ ਨਹੀਂ ਕਰਨਾ ਚਾਹੁੰਦੀ। ਬਲਕਿ ਤੁਹਾਨੂੰ ਆਪਣਾ ਟੂਲ ਬਣਾਉਣਾ ਚਾਹੁੰਦੀ ਹੈ। ਇਹ ਸਰਮਾਏਦਾਰ ਨੌਕਰਸ਼ਾਹੀ ਤੁਹਾਡੀ ਗੁਲਾਮੀ ਤੇ ਗਰੀਬੀ ਦਾ ਮੁੱਖ ਕਾਰਨ ਹੈ। ਇਸ ਕਰਕੇ ਉਸ ਨਾਲ ਤੁਸੀਂ ਨਾ ਮਿਲਣਾ। ਉਸ ਦੀਆਂ ਚਾਲਾਂ ਕੋਲੋਂ ਬਚਣਾ। ਬਸ ਫੇਰ ਸਾਰਾ ਕੰਮ ਬਣ ਜਾਵੇਗਾ। ਤੁਸੀਂ ਅਸਲੀ ਕਿਰਤੀ ਹੋ। ਕਿਰਤੀਓ ! ਜਥੇਬੰਦ ਹੋ ਜਾਓ ! ਤੁਹਾਡਾ ਕੋਈ ਨੁਕਸਾਨ ਨਹੀਂ ਹੋਵੇਗਾ। ਕੇਵਲ ਗੁਲਾਮੀ ਦੀਆਂ ਜ਼ੰਜੀਰਾਂ ਕੱਟੀਆਂ ਜਾਣਗੀਆਂ। ਉੱਠੋ, ਮੌਜੂਦਾ ਨਿਜ਼ਾਮ ਦੇ ਵਿਰੁੱਧ ਬਗਾਵਤ ਖੜ੍ਹੀ ਕਰ ਦਿਓ। ਹੌਲੀ-ਹੌਲੀ ਸੁਧਾਰ ਤੇ ਰੀਫਾਰਮਾਂ ਨਾਲ ਕੁਝ ਨਹੀਂ ਬਣ ਸਕਦਾ। ਸਮਾਜਿਕ (**Social**) ਐਜੀਟੇਸ਼ਨ ਇਨਕਲਾਬ ਪੈਦਾ ਕਰ ਦਿਓ ਅਤੇ ਪੋਲੀਟੀਕਲ ਤੇ ਆਰਥਿਕ ਇਨਕਲਾਬ ਵਾਸਤੇ ਕਮਰ ਕੱਸੇ ਕਰ ਲਵੋ। ਤੁਸੀਂ ਹੀ ਤੇ ਮੁਲਕ ਦੀ ਜੜ੍ਹ ਹੋ, ਅਸਲੀ ਤਾਕਤ ਹੋ, ਉਠੋ ! ਸੁੱਤੇ ਹੋਏ ਸ਼ੇਰੋ, ਵਿਦਰੋਹੀਓ ਵਿਦਰੋਹ ਖੜ੍ਹਾ ਕਰ ਦਿਓ।

ਭਖਵਾਂ ਮਸਲਾ

ਦਲਿਤਾਂ 'ਤੇ ਵਹਿਸ਼ੀ ਅੱਤਿਆਚਾਰ 'ਤੇ ਇਸਦਾ ਤਿੱਖਾ ਵਿਰੋਧ

ਹੇਮ ਰਾਜ ਸਟੈਨੋ

ਦਲਿਤਾਂ 'ਤੇ ਅਤਿਆਚਾਰਾਂ ਦੀ ਲੜੀ ਲਗਾਤਾਰ ਜਾਰੀ ਹੈ। 15 ਅਕਤੂਬਰ, 2002 ਹਰਿਆਣੇ ਦੇ ਝੱਜਰ ਜ਼ਿਲੇ ਦੇ ਦਲੀਨਾ ਕਾਂਡ ਦੌਰਾਨ ਮਰੀ ਹੋਈ ਗਊ ਦੀ ਖੱਲ ਲਾਹ ਰਹੇ ਪੰਜ ਦਲਿਤਾਂ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ ਗਿਆ। ਇਸ 'ਤੇ ਭਾਜਪਾਈ ਆਗੂ ਗਿਰੀ ਰਾਜ ਕਿਸ਼ੋਰ ਨੇ ਬਿਆਨ ਦਿੱਤਾ ਸੀ ਕਿ ਦਲਿਤਾਂ ਨੂੰ ਮਾਰਨ ਵਾਲਿਆਂ ਦੇ ਮਨ 'ਚ ਗਊ ਪ੍ਰਤੀ ਸਤਿਕਾਰ ਸੀ। ਪਿਛਲੇ ਸਾਲ ਦਸੰਬਰ ਮਹੀਨੇ 'ਚ ਹਰਿਆਣਾ ਦੇ ਜ਼ਿਲਾ ਫਰੀਦਾਬਾਦ ਦੇ ਇੱਕ ਪਿੰਡ 'ਚ ਉੱਚ ਜਾਤੀ ਦੇ ਲੋਕਾਂ ਨੇ ਇੱਕ ਦਲਿਤ ਦੇ ਘਰ ਨੂੰ ਅੱਗ ਲਗਾ ਦਿੱਤੀ ਜਿਸ ਵਿੱਚ ਦੋ ਮਾਸੂਮ ਬੱਚਿਆਂ ਦੀ ਜਾਨ ਜਾਂਦੀ ਰਹੀ। ਸਤੰਬਰ 2014 'ਚ ਲੁਧਿਆਣੇ ਜ਼ਿਲੇ ਦੇ ਪਿੰਡ ਜਮਾਲਪੁਰ ਵਿੱਚ ਪੁਲਿਸ ਵੱਲੋਂ ਦੋ ਸਕੇ ਦਲਿਤ ਭਰਾਵਾਂ ਨੂੰ ਝੂਠੇ ਮੁਕਾਬਲੇ 'ਚ ਮਾਰ ਦਿੱਤਾ ਗਿਆ। ਅਬੋਹਰ 'ਚ ਬੀਤੇ ਦਸੰਬਰ ਮਹੀਨੇ ਦੌਰਾਨ ਇੱਕ ਸਰਮਾਏਦਾਰ ਵੱਲੋਂ ਦੋ ਦਲਿਤਾਂ ਨੌਜਵਾਨਾਂ ਦੇ ਹੱਥ-ਪੈਰ ਵੱਢ ਦਿੱਤੇ ਗਏ, ਜਿੰਨਾਂ ਵਿੱਚੋਂ ਇੱਕ ਨੌਜਵਾਨ-ਭੀਮ ਟਾਂਕ- ਦੀ ਮੌਤ ਹੋ ਗਈ।

ਗੁਜਰਾਤ 'ਚ ਚਾਰ ਦਲਿਤ ਨੌਜਵਾਨਾਂ 'ਤੇ ਅੱਤ ਦਾ ਜ਼ਬਰ ਢਾਹਿਆ ਗਿਆ। ਕੱਪੜੇ ਲਾਹ ਕੇ ਅਰਧ-ਨੰਗੀ ਹਾਲਤ 'ਚ ਉਨ੍ਹਾਂ ਨੂੰ ਗੱਡੀ ਨਾਲ ਬੰਨਿਆ ਗਿਆ। ਉਨ੍ਹਾਂ ਨੂੰ ਛਾਂਟਿਆਂ ਅਤੇ ਰਾਡਾਂ ਨਾਲ ਕੁੱਟਿਆ ਗਿਆ। ਜਦੋਂ ਕਿ ਅਸਲੀਅਤ ਇਹ ਸੀ ਕਿ ਇਨ੍ਹਾਂ ਨੌਜਵਾਨਾਂ ਨੇ ਗਊ ਮਾਰੀ ਹੀ ਨਹੀਂ ਸੀ ਬਲਕਿ ਇਹ ਗਊ ਇੱਕ ਸ਼ੇਰ ਦੁਆਰਾ ਮਾਰੀ ਗਈ ਦੱਸੀ ਗਈ ਹੈ। ਇਹ ਦਲਿਤ ਨੌਜਵਾਨ ਤਾਂ ਮਰੀ ਹੋਈ ਗਊ ਦੀ ਚਮੜੀ ਹੀ ਉਤਾਰ ਰਹੇ ਸਨ। ਜ਼ਬਰ ਦਾ ਸ਼ਿਕਾਰ ਹੋਏ 23 ਸਾਲਾਂ ਦਲਿਤ ਨੌਜਵਾਨ ਵਾਸਰਾਮ ਸਰਵਈਆ ਨੇ ਬਿਆਨ ਦਿੱਤਾ ਹੈ ਕਿ ਜਦੋਂ ਇਹ ਗਊ-ਰੱਖਿਅਕ ਉਨ੍ਹਾਂ ਦੀ ਕੁੱਟ ਮਾਰ ਕਰ ਰਹੇ ਸਨ ਤਾਂ "ਮੇਰਾ ਪਿਤਾ ਉਨ੍ਹਾਂ ਨੂੰ ਹਟ ਜਾਣ ਦੀ ਭੀਖ ਮੰਗਦਾ ਰਿਹਾ। ਉਸਨੇ ਕਿਹਾ ਕਿ ਉਹ ਮਰੀ ਹੋਈ ਗਊ ਚੁੱਕਣ ਗਏ ਸਨ, ਪ੍ਰੰਤੂ ਉਹ (ਕੁੱਟ-ਮਾਰ ਕਰਨ ਵਾਲੇ) ਇਸ ਗੱਲ 'ਤੇ ਅੜੇ ਰਹੇ ਕਿ ਗਊ ਅਸੀਂ ਮਾਰੀ ਹੈ। ਉਨ੍ਹਾਂ ਨੇ ਸਾਡੀਆਂ ਕਮੀਜ਼ਾਂ ਲਾਹ ਦਿੱਤੀਆਂ, ਇੱਕ ਵਹੀਕਲ ਨਾਲ ਸਾਨੂੰ ਬੰਨ ਦਿੱਤਾ ਅਤੇ ਵੱਡੀਆਂ ਵੱਡੀਆਂ ਡਾਂਗਾਂ ਨਾਲ ਕੁੱਟਮਾਰ ਕਰਨ ਲੱਗ ਪਏ। 50 ਤੋਂ ਉੱਪਰ ਲੋਕ ਜਿੰਨਾਂ ਵਿੱਚ ਕੁੱਝ ਪੁਲਿਸ ਵਾਲੇ ਵੀ ਸਨ ਸਾਡੀ ਕੁੱਟ ਮਾਰ ਹੁੰਦੀ ਦੇਖਦੇ ਰਹੇ। ਇਸ ਕੁੱਟਮਾਰ ਤੋਂ ਇਲਾਵਾ ਉਹ ਫਿਲਮ ਵੀ ਬਣਾਉਂਦੇ ਰਹੇ....ਸਦੀਆਂ ਤੋਂ ਸਾਡਾ ਭਾਈਚਾਰਾ ਅਜਿਹਾ ਕੰਮ (ਮਰੇ ਪਸ਼ੂਆਂ ਤੋਂ ਚਮੜੀ ਲਾਹੁਣ ਦਾ-ਲੇਖਕ) ਕਰਦਾ ਆ ਰਿਹਾ ਹੈ। ਹੁਣ ਉਹ ਅਚਾਨਕ ਹੀ ਗਊ ਰੱਖਿਆ ਬਾਰੇ ਗੱਲਾਂ ਕਿਉਂ ਕਰਨ ਲੱਗ ਪਏ ਹਨ ?"

ਜ਼ਬਰ ਦਾ ਸ਼ਿਕਾਰ ਹੋਏ 23 ਸਾਲਾਂ ਦਲਿਤ ਨੌਜਵਾਨ ਵਾਸਰਾਮ ਸਰਵਈਆ ਨੇ ਬਿਆਨ ਦਿੱਤਾ ਹੈ ਕਿ ਜਦੋਂ ਇਹ ਗਊ-ਰੱਖਿਅਕ ਉਨ੍ਹਾਂ ਦੀ ਕੁੱਟ ਮਾਰ ਕਰ ਰਹੇ ਸਨ ਤਾਂ "ਮੇਰਾ ਪਿਤਾ ਉਨ੍ਹਾਂ ਨੂੰ ਹਟ ਜਾਣ ਦੀ ਭੀਖ ਮੰਗਦਾ ਰਿਹਾ। ਉਸਨੇ ਕਿਹਾ ਕਿ ਉਹ ਮਰੀ ਹੋਈ ਗਊ ਚੁੱਕਣ ਗਏ ਸਨ, ਪ੍ਰੰਤੂ ਉਹ (ਕੁੱਟ-ਮਾਰ ਕਰਨ ਵਾਲੇ) ਇਸ ਗੱਲ 'ਤੇ ਅੜੇ ਰਹੇ ਕਿ ਗਊ ਅਸੀਂ ਮਾਰੀ ਹੈ। ਉਨ੍ਹਾਂ ਨੇ ਸਾਡੀਆਂ ਕਮੀਜ਼ਾਂ ਲਾਹ ਦਿੱਤੀਆਂ, ਇੱਕ ਵਹੀਕਲ ਨਾਲ ਸਾਨੂੰ ਬੰਨ ਦਿੱਤਾ ਅਤੇ ਵੱਡੀਆਂ ਵੱਡੀਆਂ ਡਾਂਗਾਂ ਨਾਲ ਕੁੱਟਮਾਰ ਕਰਨ ਲੱਗ ਪਏ। 50 ਤੋਂ ਉੱਪਰ ਲੋਕ ਜਿੰਨਾਂ ਵਿੱਚ ਕੁੱਝ ਪੁਲਿਸ ਵਾਲੇ ਵੀ ਸਨ ਸਾਡੀ ਕੁੱਟ ਮਾਰ ਹੁੰਦੀ ਦੇਖਦੇ ਰਹੇ। ਇਸ ਕੁੱਟਮਾਰ ਤੋਂ ਇਲਾਵਾ ਉਹ ਫਿਲਮ ਵੀ ਬਣਾਉਂਦੇ ਰਹੇ....ਸਦੀਆਂ ਤੋਂ ਸਾਡਾ ਭਾਈਚਾਰਾ ਅਜਿਹਾ ਕੰਮ (ਮਰੇ ਪਸ਼ੂਆਂ ਤੋਂ ਚਮੜੀ ਲਾਹੁਣ ਦਾ) ਕਰਦਾ ਆ ਰਿਹਾ ਹੈ। ਹੁਣ ਉਹ ਅਚਾਨਕ ਹੀ ਗਊ ਰੱਖਿਆ ਬਾਰੇ ਗੱਲਾਂ ਕਿਉਂ ਕਰਨ ਲੱਗ ਪਏ ਹਨ ?"

ਇਸ ਘਟਨਾ ਦਾ ਦੂਸਰਾ ਸ਼ਿਕਾਰ 17 ਸਾਲਾਂ ਨੌਜਵਾਨ ਅਸ਼ੋਕ ਸਰਵਈਆ ਨੇ ਬਿਆਨ ਦਿੱਤਾ ਹੈ ਕਿ "ਅਸੀਂ ਆਪਣੀ ਜ਼ਿੰਦਗੀ ਬਖਸ਼ ਦੇਣ ਦੀ ਬੇਨਤੀ ਕਰਦੇ ਰਹੇ ਕਿਉਂਕਿ ਅਸੀਂ ਸੁਣਿਆ ਸੀ ਕਿ ਉਹ ਸਾਨੂੰ ਜ਼ਿੰਦਾ ਜਲਾ ਦੇਣਗੇ। ਕਿੰਨੇ ਅਜਿਹੇ ਕੇਸ ਹੋਏ ਹਨ ਜਿੱਥੇ ਮਾਮੂਲੀ ਗੱਲਾਂ 'ਤੇ ਦਲਿਤਾਂ ਨੂੰ ਜ਼ਿੰਦਾ ਜਲਾ ਕੇ ਮਾਰ ਦਿੱਤਾ ਜਾਂਦਾ ਹੈ। ਮੈਂ ਬਹੁਤ ਹੀ ਸਹਿਮਿਆ ਹੋਇਆ ਸੀ। ਲੋਕ ਦੇਖਦੇ ਰਹੇ, ਪ੍ਰੰਤੂ ਉਨ੍ਹਾਂ ਨੇ ਸਾਡੀ ਕੋਈ ਮੱਦਦ ਨਹੀਂ ਕੀਤੀ। ਇੱਥੋਂ ਤੱਕ ਕਿ ਪੁਲਿਸ ਵੀ ਨੇੜੇ ਖੜ੍ਹੀ ਰਹੀ।"

ਦਲਿਤਾਂ 'ਤੇ ਜ਼ਬਰ ਪਹਿਲਾਂ ਵੀ ਹੁੰਦਾ ਰਿਹਾ ਹੈ ਪਰ ਗੁਜਰਾਤ 'ਚ ਦਲਿਤ ਨੌਜਵਾਨਾਂ 'ਤੇ ਹੋਏ ਜ਼ਬਰ ਦਾ ਪਹਿਲੀ ਵਾਰ ਵਿਆਪਕ ਪੱਧਰ 'ਤੇ ਵਿਰੋਧ ਹੋਇਆ। ਹਾਲਾਂ ਕਿ ਦਲਿਤਾਂ ਦਾ ਕੋਈ ਬਕਾਇਦਾ ਸੰਗਠਨ ਨਹੀਂ ਹੈ। ਦਲਿਤਾਂ ਨੇ ਸੌਰਾਸ਼ਟਰ ਖਿੱਤੇ 'ਚ ਜ਼ੋਰਦਾਰ ਮੁਜ਼ਾਹਰੇ ਕੀਤੇ। ਇਨ੍ਹਾਂ ਦਲਿਤਾਂ ਦਾ ਮੁਸਲਿਮ ਭਾਈਚਾਰੇ ਨੇ ਵੀ ਸਾਥ ਦਿੱਤਾ। ਦਲਿਤ ਭਾਈਚਾਰੇ ਦੇ ਨੌਜਵਾਨਾਂ ਨੇ ਜ਼ਹਿਰ ਪੀ ਕੇ ਵੀ ਆਪਣਾ ਰੋਸ ਪ੍ਰਗਟਾਇਆ। ਇਹ ਠੀਕ ਹੈ

ਜਾਂ ਨਹੀਂ ਇਹ ਗੱਲ ਵੱਖਰੀ ਹੈ ਪਰ ਇਸ ਰੂਪ ਅਪਨਾਉਣ ਪਿੱਛੇ ਦਲਿਤਾਂ ਦੀਆਂ ਭਾਵਨਾਵਾਂ ਸਾਫ ਪ੍ਰਗਟ ਹੁੰਦੀਆਂ ਹਨ ਕਿ ਉਹ ਹੁਣ ਜ਼ਲਾਲਤ ਤੇ ਜ਼ਹਾਲਤ ਭਰੀ ਜ਼ਿੰਦਗੀ ਜਿਉਣ ਲਈ ਤਿਆਰ ਨਹੀਂ ਹਨ ਤੇ ਇਹ ਗੱਲ ਉਨ੍ਹਾਂ ਦੀ ਹੈ ਵੀ ਠੀਕ ਕਿ ਉਹ ਪਸ਼ੂਆਂ ਨਾਲੋਂ ਵੀ ਬਦਤਰ ਜ਼ਿੰਦਗੀ ਕਿਉਂ ਜਿਉਣ ? ਉਹ ਕਿਉਂ ਬਰਦਾਸ਼ਤ ਕਰਨ ਅਜਿਹੀ ਸਥਿਤੀ ਨੂੰ ਜਿੱਥੇ ਤਿੰਨ ਦਲਿਤ ਮਹਿਲਾਵਾਂ ਨਾਲ ਹਰ ਰੋਜ਼ ਬਲਾਤਕਾਰ ਹੋ ਰਹੇ ਹਨ, ਹਰ 18 ਮਿੰਟ ਵਿੱਚ ਦਲਿਤਾਂ ਖਿਲਾਫ ਇੱਕ ਜੁਰਮ ਦੀ ਘਟਨਾ ਹੁੰਦੀ ਹੈ, ਸਰਕਾਰੀ ਸਕੂਲਾਂ 'ਚ ਦਲਿਤ ਵਰਗ ਲਈ 37.8 ਫੀਸਦੀ ਥਾਵਾਂ 'ਤੇ ਵੱਖਰੇ ਬੈਠਣ ਦਾ ਪ੍ਰਬੰਧ ਅਤੇ 24.5 ਫੀਸਦੀ ਦਲਿਤਾਂ ਦੇ ਪੁਲੀਸ ਥਾਣਿਆਂ ਵਿੱਚ ਦਾਖਲੇ ਉੱਤੇ ਪਾਬੰਦੀ ਹੈ, ਜਿੱਥੇ ਇੱਕ ਸਾਲ 'ਚ 22,327 ਦਲਿਤ ਮਰਦ ਤੇ ਔਰਤਾਂ ਦੀ ਸੀਵਰੇਜ ਦੀ ਸਫਾਈ ਕਰਨ ਦੌਰਾਨ ਮੌਤ ਹੋ ਜਾਂਦੀ ਹੈ, ਜਿੱਥੇ 13 ਲੱਖ ਪਖਾਨਿਆਂ 'ਚ ਮਨੁੱਖੀ ਮਲ-ਤਿਆਗ ਦਾ ਖੁੱਲੇ 'ਚ ਨਿਕਾਸ ਕੀਤਾ ਜਾਂਦਾ ਹੈ ਤੇ ਲਗਭਗ 8 ਲੱਖ ਸੁੱਕੀਆਂ ਲੈਟਰੀਨਾਂ 'ਚੋਂ ਇਹ ਭਾਈਚਾਰਾ ਮਨੁੱਖੀ ਮਲ-ਤਿਆਗ ਹੱਥ ਨਾਲ ਸਾਫ ਕਰਨ ਲਈ ਮਜ਼ਬੂਰ ਹੈ, ਜਿੱਥੇ ਦਲਿਤਾਂ ਦੇ ਸਮਾਜਕ ਬਾਈਕਾਟ ਕਰ ਦੇਣ ਦੀਆਂ ਸੁਰਖੀਆਂ ਅਖਬਾਰਾਂ 'ਚ ਇੱਕ ਆਮ ਵਰਤਾਰਾ ਹੈ। ਅਜਿਹੀਆਂ ਹਾਲਤਾਂ ਦੇ ਨਾਲ-ਨਾਲ ਦਲਿਤਾਂ ਨੂੰ ਕੋਈ ਵੀ ਗਊ-ਰੱਖਿਆ ਦੇ ਨਾਮ ਥੱਲੇ ਵਹਿਸੀਆਣਾ ਕੁੱਟ, ਕੁੱਟ ਦੇਵੇ। ਆਮ ਸੂਝ-ਬੂਝ ਵਾਲਾ ਵਿਅਕਤੀ ਵੀ ਅਜਿਹੀ ਹਾਲਤ ਨੂੰ ਇਨਸਾਨੀ ਜ਼ਿੰਦਗੀ ਕਹਿਣ ਦਾ ਜੇਰਾ ਨਹੀਂ ਕਰ ਸਕਦਾ। ਫਿਰ ਦਲਿਤ ਕਿਉਂ ਬਤੀਤ ਕਰਨ ਇਹੋ-ਜਿਹੀ ਜ਼ਿੰਦਗੀ ? ਉਹ ਕਿਉਂ ਲਹੂ ਦਾ ਘੁੱਟ ਭਰਕੇ ਸਹਿਕਦੇ ਹੋਏ ਜੀਵਨ ਬਤੀਤ ਕਰਨ ?

ਗੁਜਰਾਤ 'ਚ ਕੀਤੇ ਵਿਰੋਧ 'ਚ ਦਲਿਤਾਂ ਨੇ ਬੈਨਰ ਫੜੇ ਹੋਏ ਸਨ ਜਿਸਤੇ ਲਿਖਿਆ ਸੀ ਕਿ "ਜ਼ਿੰਦਾ ਗਊ ਤੁਮਹਾਰੀ ਹੈ ਤੋ, ਮੁਰਦਾ ਗਊ ਵੀ ਤੁਮ ਹੀ ਲੇ ਲੋ।" ਇਸ ਤਰ੍ਹਾਂ ਕਰਦਿਆਂ ਉਨ੍ਹਾਂ ਨੇ ਗਊ ਨੂੰ ਹੱਡਾ-ਰੋੜੀ 'ਚ ਸੁੱਟਣ ਅਤੇ ਉਸਦੀ ਚਮੜੀ ਉਤਾਰਨ ਦਾ ਕੰਮ ਬੰਦ ਕਰਨ ਦਾ ਐਲਾਨ ਕਰ ਦਿੱਤਾ। ਉਨ੍ਹਾਂ ਨੇ ਆਪਣੇ ਰੋਸ ਮੁਜ਼ਾਹਰੇ ਵੇਲੇ ਐਲਾਨ ਕੀਤਾ ਕਿ ਉਨ੍ਹਾਂ ਨੂੰ ਪੰਜ-ਪੰਜ ਏਕੜ ਜ਼ਮੀਨ ਦਿੱਤੀ ਜਾਵੇ।

ਹਜ਼ਾਰਾਂ ਸਾਲਾਂ ਤੋਂ ਬੇਜ਼ਬਾਨਾਂ ਵਾਂਗੂੰ ਦਿਨ ਟਪਾ ਰਹੇ ਇਨ੍ਹਾਂ ਦਲਿਤਾਂ ਵੱਲੋਂ ਹਿੱਕਾਂ ਠੋਕ ਕੇ ਐਲਾਨ ਕਰਨਾ ਕਿ ਉਹ ਹਰ ਬੰਧਨ ਤੋਂ-ਜਾਤੀ ਦੇ ਬੰਧਨ ਤੋਂ, ਮਨੂੰ ਸਿਮ੍ਰਤੀ ਦੇ ਫੁਰਮਾਨਾਂ ਤੋਂ, ਅਤੇ ਗਰੀਬੀ ਤੋਂ ਆਜ਼ਾਦੀ ਚਾਹੁੰਦੇ ਹਨ, ਇਹ ਕੋਈ ਸਾਧਾਰਨ ਗੱਲ ਨਹੀਂ। ਭਾਵੇਂ ਦਲਿਤਾਂ ਦੀ ਇਸ ਪੰਜ ਏਕੜ ਵਾਲੀ ਜ਼ਮੀਨ ਦੀ ਮੰਗ ਨੂੰ ਕੋਈ ਠੀਕ ਸਮਝੇ ਜਾਂ ਨਾ, ਇਹ ਗੱਲ ਵੱਖਰੀ ਹੈ ਪਰ ਉਨ੍ਹਾਂ ਵੱਲੋਂ ਇਹ ਮੰਗ ਇੱਕ ਤਰ੍ਹਾਂ ਨਾਲ ਉਨ੍ਹਾਂ ਵੱਲੋਂ ਸਵੈਮਾਣ ਨਾਲ ਜ਼ਿੰਦਗੀ ਜਿਉਣ ਦਾ ਐਲਾਨ ਹੈ।

ਜਦੋਂ 15 ਅਗਸਤ ਨੂੰ ਆਜ਼ਾਦੀ ਦਾ ਦਿਵਸ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਸੀ ਤਾਂ ਦਲਿਤਾਂ ਵੱਲੋਂ ਰੋਸ ਮਾਰਚ ਕੀਤਾ ਗਿਆ। ਉਹ ਨਾਹਰੇ ਲਾ ਰਹੇ ਸਨ "ਮਨੂੰਵਾਦ ਤੋਂ ਆਜ਼ਾਦੀ" "ਗਰੀਬੀ ਤੋ-ਆਜ਼ਾਦੀ" ਵਗੈਰਾ ਵਗੈਰਾ। ਹੈਦਰਾਬਾਦ ਯੂਨੀਵਰਸਿਟੀ ਤੋਂ ਅੱਕੇ ਹੋਏ ਖੁਦਕੁਸ਼ੀ ਕਰ ਗਏ ਦਲਿਤ ਖੋਜਾਰਥੀ ਰੋਹਿਤ ਵੇਮੂਲਾ ਦੀ ਮਾਤਾ ਵੀ ਇਸ ਰੋਹ ਭਰਪੂਰ ਮੁਜ਼ਾਹਰੇ 'ਚ ਸ਼ਾਮਲ ਸੀ। ਜਦੋਂ ਧਰਤੀ 'ਤੇ ਜਵਾਲਾਮੁਖੀ ਫਟਦਾ ਹੈ ਤਾਂ ਉਸਤੋਂ ਪਹਿਲਾਂ ਧਰਤੀ ਹੇਠ ਅਨੇਕਾਂ ਤਬਦੀਲੀਆਂ ਆਉਂਦੀਆਂ ਹਨ। ਜਵਾਲਾਮੁਖੀ ਉਨ੍ਹਾਂ ਤਬਦੀਲੀਆਂ ਦਾ ਫੁਟਾਰਾ ਹੁੰਦਾ ਹੈ। ਇਵੇਂ ਇਹ ਵਿਰੋਧ ਦਲਿਤਾਂ 'ਤੇ ਹਜ਼ਾਰਾਂ ਸਾਲਾਂ ਤੋਂ ਹੁੰਦੇ ਅਤਿਆਚਾਰ ਤੋਂ ਪਣਪੇ ਗੁੱਸੇ ਦਾ ਜ਼ਾਇਜ਼ ਤੇ ਜ਼ਬਰਦਸਤ ਫੁਟਾਰਾ ਹੈ।

ਦਲਿਤਾਂ 'ਤੇ ਅੱਤਿਆਚਾਰ ਦੀਆਂ ਘਟਨਾਵਾਂ ਪਹਿਲਾਂ ਵੀ ਹੁੰਦੀਆਂ ਰਹੀਆਂ ਹਨ ਪਰ ਮੋਦੀ ਸਰਕਾਰ ਦੇ ਆਉਣ ਤੋਂ ਬਾਅਦ ਇਨ੍ਹਾਂ 'ਚ ਵਾਧਾ ਹੋ ਗਿਆ ਹੈ। ਇਹ ਇਸ ਕਰਕੇ ਹੈ ਕਿ ਮੋਦੀ ਸਰਕਾਰ ਦੀ ਅਜਿਹੀਆਂ ਘਟਨਾਵਾਂ ਕਰਨ ਵਾਲਿਆਂ ਨੂੰ ਸਿੱਧੀ-ਅਸਿੱਧੀ ਸ਼ਹਿ ਮਿਲ ਰਹੀ ਹੈ। ਇਸ 'ਤੇ ਕੋਈ ਕਹਿ ਸਕਦਾ ਹੈ ਕਿ ਮੋਦੀ ਨੇ ਤਾਂ ਇਹ ਬਿਆਨ ਦਿੱਤਾ ਹੈ ਕਿ ਦਲਿਤਾਂ ਨੂੰ ਨਾ ਮਾਰੋ, ਜੇਕਰ ਮਾਰਨਾ ਹੈ ਤਾਂ ਉਸਦੇ ਗੋਲੀ ਮਾਰੋ। ਇਹ ਬੜਾ ਜ਼ਜਬਾਤੀ ਬਿਆਨ ਲਗਦਾ ਹੈ ਪਰ ਹੈ ਬਿਲਕੁਲ ਥੋਥਾ। ਪਹਿਲੀ ਗੱਲ ਤਾਂ ਇਹ ਹੈ ਕਿ ਇਹ ਬਿਆਨ ਹੀ ਉਸਨੇ ਕਿੰਨੇ ਚਿਰ ਬਾਅਦ ਦਿੱਤਾ ਹੈ। ਦੂਸਰਾ ਭਲਾਂ ਮੋਦੀ ਨੂੰ ਇਹ ਕੀ ਲੋੜ ਪੈ ਗਈ ਕਿ ਉਹ ਕਹੇ ਕਿ ਦਲਿਤਾਂ ਦੀ ਬਜਾਇ ਉਸਦੇ ਗੋਲੀ ਮਾਰੀ ਜਾਵੇ। ਇਹ ਤਾਂ ਗਊ ਰੱਖਿਆ ਦੇ ਨਾਮ 'ਤੇ ਅੱਤ ਮਚਾਉਣ ਵਾਲਿਆਂ ਅੱਗੇ ਇੱਕ ਤਰ੍ਹਾਂ ਨਾਲ ਬੇਨਤੀ ਬਣ ਜਾਂਦੀ ਹੈ ਕਿ "ਉਹ ਦਲਿਤਾਂ ਨੂੰ ਕੁੱਝ ਨਾ ਕਹਿਣ, ਉਸ ਨਾਲ ਜੋ ਮਰਜ਼ੀ ਕਰ ਲੈਣ।" ਕੀ ਪ੍ਰਧਾਨ ਮੰਤਰੀ ਅਜਿਹੀਆਂ ਬੇਨਤੀਆਂ ਕਰਦੇ ਹੁੰਦੇ ਹਨ ਅਤੇ ਉਹ ਵੀ ਉਹਨਾਂ ਅੱਗੇ ਜਿੰਨਾਂ ਨੂੰ ਉਹ ਅਪਰਾਧੀ ਮੰਨਦੇ ਹੋਣ (ਮੋਦੀ ਨੇ ਗਊ ਰੱਖਿਅਕਾਂ 'ਚੋਂ 80 ਪ੍ਰਤੀਸ਼ਤ ਨੂੰ ਅਪਰਾਧੀ ਕਿਹਾ ਹੈ) ਉਸਨੇ ਸਿੱਧੇ ਤੌਰ 'ਤੇ ਗਊ ਰੱਖਿਅਕਾਂ 'ਤੇ ਸਖਤ ਕਾਰਵਾਈ ਕਰਨ ਦਾ ਹੁਕਮ ਉਸੇ ਦਿਨ ਹੀ ਕਿਉਂ ਨਹੀਂ ਦਿੱਤਾ ? ਇਸਤੋਂ ਇਲਾਵਾ ਇੱਕ ਗੱਲ ਇਹ ਵੀ ਕਿ ਉਸਨੇ ਦਲਿਤਾਂ ਬਾਰੇ ਤਾਂ ਬਿਆਨ ਦੇ ਦਿੱਤਾ ਪਰ ਘੱਟ-ਗਿਣਤੀ ਮੁਸਲਿਮ ਫਿਰਕੇ ਨਾਲ ਗਊ ਰੱਖਿਆ ਦੇ ਨਾਮ 'ਤੇ ਹੋਣ ਵਾਲੀਆਂ ਜ਼ਿਆਦਤੀਆਂ ਬਾਰੇ ਉਹ ਜਾੜ੍ਹ ਘੁੱਟ ਗਿਆ। ਅਸਲ ਗੱਲ ਇਹ ਹੈ ਕਿ ਮੋਦੀ ਆਪਣੇ ਕੌਮਾਂਤਰੀ ਆਕਾ ਅਮਰੀਕਾ ਅਤੇ ਆਰ.ਐਸ.ਐਸ. ਦਾ ਇਸ਼ਾਰਾ ਉਡੀਕਦਾ ਰਿਹਾ। ਜਦੋਂ ਅਮਰੀਕਾ ਨੇ ਇਸ ਘਿਣਾਉਣੇ ਵਰਤਾਰਾ ਨੂੰ ਠੀਕ ਨਾ ਸਮਝਿਆ ਤਾਂ ਮੋਦੀ ਦੀ ਮਾੜੀ ਜਿਹੀ ਅੱਖ ਖੁੱਲੀ। ਇਵੇਂ ਮੋਦੀ ਦੇ ਬਿਆਨ ਤੋਂ ਫੌਰੀ ਬਾਅਦ ਆਰ.ਐਸ.ਐਸ. ਦਾ ਬਿਆਨ ਆਇਆ। ਉਨ੍ਹਾਂ ਨੇ ਵੀ ਕੋਈ ਸਖਤ ਕਾਨੂੰਨੀ ਕਾਰਵਾਈ ਦੀ ਮੰਗ ਨਹੀਂ ਕੀਤੀ ਸਿਰਫ ਇਹ ਹੀ ਕਿਹਾ ਕਿ ਸਮਾਜ 'ਚ

ਵੰਡਵਾਰਾ ਨਾ ਪਾਇਆ ਜਾਵੇ। ਸੋ ਮੋਦੀ ਸਾਹਿਬ ਦਾ ਬਿਆਨ ਦਲਿਤਾਂ 'ਤੇ ਹੋਏ ਅੱਤਿਆਚਾਰ 'ਤੇ ਹੋਣ ਵਾਲੇ ਦੁੱਖ ਦਾ ਪ੍ਰਤੀਕ ਨਹੀਂ ਬਲਕਿ ਆਪਣੇ ਆਕਾਵਾਂ ਨੂੰ ਖੁਸ਼ ਕਰਨ ਲਈ ਛੱਡਿਆ ਤੀਰ ਹੀ ਹੈ। ਹੋਰ ਦੇਖੋ ! ਆਰ.ਐਸ.ਐਸ. ਨੇ ਗਊ ਰੱਖਿਆ ਦੇ ਨਾਮ 'ਤੇ ਦਲਿਤਾਂ ਅਤੇ ਘੱਟ ਗਿਣਤੀਆਂ 'ਤੇ ਹੁੰਦੇ ਹਮਲਿਆਂ ਨੂੰ ਰੋਕਣ ਬਾਰੇ ਕੋਈ ਸਖਤ ਬਿਆਨ ਨਹੀਂ ਦਿੱਤਾ। ਕਿਉਂ ਨਹੀਂ ਦਿੱਤਾ ? ਲਓ ਸੁਣੋ।

ਪਹਿਲਾਂ ਇੱਥੇ ਇਹ ਨੋਟ ਕਰ ਲੈਣਾ ਠੀਕ ਰਹੇਗਾ ਕਿ ਅੱਜ ਦੇ ਦਲਿਤ, ਵਰਣ-ਵੰਡ ਵੇਲੇ ਸ਼ੂਦਰ ਕਹੇ ਜਾਂਦੇ ਲੋਕਾਂ ਦੀ ਹੀ ਪੀੜੀ ਹੈ। ਜਿਵੇਂ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਿਆ ਹੈ ਕਿ ਮੋਦੀ ਸਰਕਾਰ ਆਉਣ 'ਤੇ ਦਲਿਤਾਂ 'ਤੇ ਅੱਤਿਆਚਾਰ ਤੇਜ਼ ਅਤੇ ਤੀਬਰ ਹੋਏ ਹਨ। ਇਹ ਕੋਈ ਅਚਾਨਕ ਵਰਤਾਰਾ ਨਹੀਂ ਹੈ ਬਲਕਿ ਇਸ ਪਿੱਛੇ ਬਕਾਇਦਾ ਇੱਕ ਵਿਚਾਰਧਾਰਾ ਦੀ ਸਾਜਿਸ਼ ਹੈ। ਉਹ ਕਿਵੇਂ ? ਲਓ ਦੇਖੋ।

ਇਹ ਤਾਂ ਸਭ ਨੂੰ ਪਤਾ ਹੀ ਹੈ ਕਿ ਭਾਜਪਾ ਆਰ.ਐਸ.ਐਸ. ਤੋਂ ਅਗਵਾਈ ਲੈਂਦੀ ਹੈ, ਅਗਵਾਈ ਹੀ ਨਹੀਂ ਬਲਕਿ ਉਸਤੋਂ ਪੁੱਛੇ ਵਗੈਰ ਤਾਂ ਇਹ ਛਿੱਕ ਵੀ ਨਹੀਂ ਮਾਰ ਸਕਦੀ। ਆਰ.ਐਸ.ਐਸ. ਮੁਖੀ ਗੋਲਵਾਲਕਰ, ਜਿਸਨੂੰ ਇਹ ਸੰਘ ਪਰਿਵਾਰ ਵਾਲੇ ਗੁਰੂ ਜੀ ਕਹਿੰਦੇ ਹਨ, ਨੇ ਲਿਖਿਆ ਸੀ ਕਿ "ਮਨੁੱਖਤਾ ਵਾਸਤੇ ਕਾਨੂੰਨ ਬਣਾਉਣ ਵਾਲਾ ਸਭ ਤੋਂ ਪਹਿਲਾ ਅਤੇ ਮਹਾਨਤਮ ਮਨੂੰ ਹੋਇਆ ਹੈ। ਉਸਨੇ ਆਚਾਰ-ਸਹਿਤਾ 'ਚ ਸੰਸਾਰ ਦੇ ਸਮੁੱਚੇ ਲੋਕਾਂ ਨੂੰ ਕਿਹਾ ਹੈ ਕਿ ਉਨ੍ਹਾਂ ਨੂੰ ਪਿਤਾ-ਪੁਰਖੀ **(traditional)** ਬ੍ਰਾਹਮਣਾਂ ਤੋਂ ਸਿਆਣਪ ਸਿੱਖਣੀ ਚਾਹੀਦੀ ਹੈ। ਮਨੂੰ ਨੇ 'ਵੰਸ਼' ਦਾ ਧਰਮ ਬਦਲਕੇ ਇਸਨੂੰ ਕਿਰਤ ਦੀ ਵੰਡ, ਜਾਤੀ, ਜਾਤ-ਪ੍ਰਥਾ ਵਿੱਚ ਤਬਦੀਲ ਕੀਤਾ। ਜਿਸ ਅਨੁਸਾਰ ਸ਼ੂਦਰਾਂ ਦਾ ਫਰਜ਼ ਬ੍ਰਾਹਮਣਾਂ ਦੀ ਸੇਵਾ ਕਰਨਾ ਹੈ, ਜਿਸ ਦੇ ਮੋੜਵੇਂ ਰੂਪ 'ਚ ਬ੍ਰਾਹਮਣਾਂ ਨੂੰ ਬਚਿਆ-ਖੁਚਿਆ ਖਾਣਾ, ਲਾਹੇ ਹੋਏ ਕੱਪੜੇ ਅਤੇ ਵਰਤ ਕੇ ਪਾਸੇ ਰੱਖੇ ਭਾਂਡੇ (ਸ਼ੂਦਰਾਂ ਨੂੰ-ਲੇਖਕ) ਦੇਣੇ ਚਾਹੀਦੇ ਹਨ। ਜੇਕਰ ਸ਼ੂਦਰ ਪੜ੍ਹਾਈ ਕਰਨ ਦੀ ਕੋਸ਼ਿਸ਼ ਕਰੇ ਤਾਂ ਉਸਦੀ ਜ਼ਬਾਨ ਵੱਢ ਦੇਣੀ ਚਾਹੀਦੀ ਹੈ। ਜੇਕਰ ਉਹ ਸ੍ਰੇਸ਼ਟ ਵੇਦਾਂ ਨੂੰ ਸੁਣੇ ਤਾਂ ਉਸਦੇ ਕੰਨਾਂ 'ਚ ਸਿੱਕਾ ਢਾਲ ਦੇਣਾ ਚਾਹੀਦਾ ਹੈ। ਪੁਰਸ਼ ਸੁਕਤ ਬਿਆਨ ਕਰਦਾ ਹੈ ਕਿ ਬ੍ਰਾਹਮਣ ਸਿਰ ਹਨ, ਕਸ਼ੱਤਰੀ ਬਾਹਵਾਂ, ਵੈਸ਼ ਕਮਰ ਅਤੇ ਸ਼ੂਦਰ ਪੈਰ ਹਨ।"

ਸੋ ਗੋਲਵਾਲਕਰ ਦੁਆਰਾ ਮਨੂੰ ਸਮ੍ਰਿਤੀ ਦਾ ਉਪਰੋਕਤ ਦਿੱਤਾ ਨਿਚੋੜ ਦਰਸਾਉਂਦਾ ਹੈ ਕਿ ਸੰਘ ਪਰਿਵਾਰ ਸਾਡੇ ਦੇਸ਼ ਅੰਦਰ ਮਨੂੰ ਸਮ੍ਰਿਤੀ (ਮਨੂੰ ਅਚਾਰ-ਸਹਿਤਾ) ਦਾ ਵਿਧੀ-ਵਿਧਾਨ ਲਾਗੂ ਕਰਨਾ ਚਾਹੁੰਦਾ ਹੈ। ਅੱਜ ਇਨ੍ਹਾਂ ਦੀ ਹੀ ਕੇਂਦਰ 'ਚ ਹਕੂਮਤ ਹੈ, ਇਸ ਲਈ ਇਹ ਕਾਰਜ ਉਨ੍ਹਾਂ ਨੂੰ ਹੁਣ ਹੋਰ ਆਸਾਨ ਲੱਗਣ ਲੱਗਿਆ ਹੈ। ਜਾਤ-ਪਾਤ ਦਾਬੇ ਨੂੰ ਸਹੀ ਠਹਿਰਾਉਣ ਅਤੇ ਅਖੌਤੀ ਉੱਚ ਜਾਤੀਆਂ ਅਤੇ ਅਖੌਤੀ ਨੀਵੀਆਂ ਜਾਤਾਂ 'ਚ ਸਮਾਜ ਦੀ ਵੰਡ ਬਾਰੇ ਇਸ ਗ੍ਰੰਥ 'ਚ ਕੀ ਕਿਹਾ ਗਿਆ ਹੈ, ਇਸ ਬਾਰੇ ਕੁੱਝ ਮੋਟੀਆਂ-ਮੋਟੀਆਂ ਗੱਲਾਂ ਹੇਠਾਂ ਨੋਟ ਕਰਦੇ ਹਾਂ:-

"ਭਗਵਾਨ ਮਨੂੰ ਨੇ ਜਿਹੜੇ ਕਾਰਜਾਂ ਦਾ ਵਿਧਾਨ ਵੱਖੋ-ਵੱਖਰੇ ਵਰਣਾਂ ਲਈ ਕੀਤਾ ਹੈ, ਉਨ੍ਹਾਂ ਦਾ ਆਧਾਰ ਵੇਦ ਹੀ ਹਨ। ਉਹ ਵੇਦ ਨੂੰ ਹੀ ਸਾਰੇ ਗਿਆਨ ਦਾ ਮੂਲ ਸਰੋਤ ਮੰਨਦੇ ਹਨ। ਉਹ ਸਾਰੇ ਵੇਦਾਂ ਦੇ ਅਰਥ ਜਾਨਣ ਵਾਲੇ ਹਨ।

ਕਹਿਣ ਦਾ ਅਰਥ ਇਹ ਹੈ ਕਿ ਭਗਵਾਨ ਮਨੂੰ ਨੇ ਜੋ ਕੁੱਝ ਕਿਹਾ ਹੈ ਉਹ ਵੇਦ ਦੇ ਅਨੁਸਾਰ ਹੈ। ... ਮਨੂੰ ਸਮ੍ਰਿਤੀ ਇੱਕ ਪ੍ਰਮਾਣਿਕ ਗ੍ਰੰਥ ਹੈ।"

"ਸੰਸਾਰ ਦੇ ਵਾਧੇ ਲਈ ਬ੍ਰਹਮਾ ਨੇ ਆਪਣੇ ਮੂੰਹ ਤੋਂ ਬ੍ਰਾਹਮਣ ਦੀ, ਬਾਹਵਾਂ ਤੋਂ ਕਸ਼ੱਤਰੀਆਂ ਦੀ, ਜਾਂਗਾਂ-ਪੱਟਾਂ- ਤੋਂ ਵੈਸ਼ਆ ਦੀ, ਪੈਰਾਂ ਤੋਂ ਸ਼ੂਦਰਾਂ ਦੀ ਸ੍ਰਿਸ਼ਟੀ ਕੀਤੀ।"

"ਬ੍ਰਹਮਾ ਜੀ ਨੇ ਸ਼ੂਦਰ ਵਰਣ ਲਈ ਇੱਕ ਹੀ ਕਰਤੱਵ ਦੱਸਿਆ ਹੈ। ਇਹ ਕਰਤੱਵ ਹੈ-ਈਰਖਾ ਅਤੇ ਦਵੇਸ਼ ਤੋਂ ਪਾਸੇ ਰਹਿੰਦੇ ਹੋਏ ਤਿੰਨੋਂ ਵਰਣਾਂ-ਬ੍ਰਾਹਮਣ, ਕਸ਼ੱਤਰੀ ਅਤੇ ਵੈਸ਼- ਦੀ ਸੇਵਾ ਕਰਨਾ"

"ਬ੍ਰਾਹਮਣ ਦਾ ਨਾਮ ਮੰਗਲ ਸੂਚਕ ਸ਼ਬਦ ਵਾਲਾ ਹੋਣਾ ਚਾਹੀਦਾ ਹੈ ਜਿਵੇਂ ਆਨੰਦ ਪ੍ਰਕਾਸ਼, ਗਿਆਨ ਪ੍ਰਕਾਸ਼, ਰਾਮ ਸਵਰੂਪ ਆਦਿ, ਕਸ਼ੱਤਰੀ ਦਾ ਨਾਮ ਬਲ-ਸੂਚਕ ਸ਼ਬਦ ਵਾਲਾ ਹੋਣਾ ਚਾਹੀਦਾ ਹੈ ਜਿਵੇਂ ਅਜੇ, ਵਿਜੇ, ਸ਼ਕਤੀਮਾਨ ਆਦਿ, ਵੈਸ਼ ਦਾ ਨਾਮ ਧਨ ਸੂਚਕ ਹੋਣਾ ਚਾਹੀਦਾ ਹੈ ਕਿ ਜਿਵੇਂ ਲਕਸ਼ਮੀ ਪ੍ਰਸਾਦ, ਧਨਪਤੀ, ਧਨਪਾਲ ਆਦਿ ਅਤੇ ਸ਼ੂਦਰ ਨਾਮ ਸੇਵਾ ਭਾਵ ਵਾਲਾ ਹੋਣਾ ਚਾਹੀਦਾ ਹੈ ਜਿਵੇਂ ਰਾਮ ਸੇਵਕ, ਕ੍ਰਿਸ਼ਨਾਦਾਸ, ਚੰਦਰ ਦਾਸ ਆਦਿ"

"ਬ੍ਰਾਹਮਣ ਨੂੰ ਆਪਣੀ ਬ੍ਰਾਹਮਣ ਜਾਤੀ-ਵਰਣ- ਤੋਂ ਇਲਾਵਾ ਕਸ਼ੱਤਰੀ, ਵੈਸ਼ ਅਤੇ ਸ਼ੂਦਰ ਵਰਣਾਂ ਦੀਆਂ ਕੰਨਿਆਵਾਂ ਨਾਲ ਵਿਵਾਹ ਕਰਨ ਦਾ ਅਧਿਕਾਰ ਹੈ। ਕਸ਼ੱਤਰੀ ਨੂੰ ਆਪਣੇ ਕਸ਼ੱਤਰੀ ਵਰਣ ਤੋਂ ਇਲਾਵਾ ਵੈਸ਼ ਅਤੇ ਸ਼ੂਦਰ ਵਰਣ ਦੀ ਕੰਨਿਆ ਨਾਲ ਵੀ ਵਿਵਾਹ ਕਰਨ ਦਾ ਅਧਿਕਾਰ ਹੈ। ਵੈਸ਼ ਨੂੰ ਆਪਣੀ ਜਾਤੀ-ਵਰਣ-ਦੀ ਕੰਨਿਆ ਤੋਂ ਇਲਾਵਾ ਸ਼ੂਦਰ ਵਰਣ ਦੀ ਕੰਨਿਆ ਨਾਲ ਸ਼ਾਦੀ ਕਰਨ ਦਾ ਅਧਿਕਾਰ ਹੈ। ਪ੍ਰੰਤੂ ਸ਼ੂਦਰ ਨੂੰ ਕੇਵਲ ਸ਼ੂਦਰ ਕੰਨਿਆ ਨਾਲ ਹੀ ਸ਼ਾਦੀ ਕਰਨ ਦਾ ਅਧਿਕਾਰ ਹੈ।"

"ਸੁੰਘਣ ਨਾਲ ਸੂਰ, ਖੰਭਾਂ ਦੀ ਹਵਾ ਨਾਲ ਮੁਰਗਾ, ਦੇਖਣ 'ਤੇ ਕੁੱਤਾ ਅਤੇ ਭੋਜਨ ਨੂੰ ਛੂਹ ਲੈਣ 'ਤੇ ਸ਼ੂਦਰ ਉਸਨੂੰ ਅਸ਼ੁੱਧ ਕਰ ਦਿੰਦੇ ਹਨ ਜਿਸ ਨਾਲ ਸ਼ਰਾਧ ਕਰਮ ਨਿਸਫਲ ਹੋ ਜਾਂਦਾ ਹੈ। ਇਸ ਲਈ ਇਨ੍ਹਾਂ ਸਭ ਨੂੰ ਸ਼ਰਾਧ ਸਥਲ ਤੋਂ ਦੂਰ ਰੱਖਿਆ ਜਾਵੇ।"

ਇਸ ਤੋਂ ਇਲਾਵਾ ਮਨੂੰ ਸਮ੍ਰਿਤੀ 'ਚ ਇਹ ਵੀ ਕਿਹਾ ਗਿਆ ਹੈ ਕਿ ਮਰਨ ਉਪਰੰਤ ਬ੍ਰਾਹਮਣਾਂ, ਕਸ਼ੱਤਰੀਆਂ, ਵੈਸ਼ਾਂ ਅਤੇ ਸ਼ੂਦਰਾਂ ਦਾ ਵੱਖੋ-ਵੱਖਰੀਆਂ ਦਿਸ਼ਾਵਾਂ 'ਚ ਦਾਹ-ਸੰਸਕਾਰ ਕਰਨਾ ਚਾਹੀਦਾ ਹੈ।

ਸੋ ਇਨ੍ਹਾਂ ਕੁੱਝ ਕੁ ਹਵਾਲਿਆਂ ਤੋਂ ਹੀ ਦੇਖਿਆ ਜਾ ਸਕਦਾ ਹੈ ਕਿ ਇਹ ਇੱਕ ਅਜਿਹੀ ਵਿਚਾਰਧਾਰਾ ਹੈ ਜਿਸ ਵਿੱਚ ਸ਼ੂਦਰ ਨੂੰ ਤਾਂ ਇਨਸਾਨ ਦੇ ਤੌਰ 'ਤੇ ਵੀ ਨਹੀਂ ਸਮਝਿਆ ਗਿਆ। ਜਦੋਂ ਸ਼ੂਦਰਾਂ ਨੂੰ ਇਨਸਾਨ ਹੀ ਨਹੀਂ ਸਮਝਿਆ ਗਿਆ ਤਾਂ ਫਿਰ ਉਨ੍ਹਾਂ ਨਾਲ ਇਨਸਾਨ ਵਰਗੇ ਵਰਤਾਓ ਕਰਨ ਦਾ ਸਵਾਲ ਕਿੱਥੋਂ ਪੈਦਾ ਹੁੰਦਾ ? ਬਸ, ਆਰ.ਐਸ.ਐਸ. ਤੋਂ ਅਗਵਾਈ ਲੈਣ ਵਾਲੀ ਕੇਂਦਰੀ ਹਕੂਮਤ ਮਨੂੰ ਸਮ੍ਰਿਤੀ ਵਾਲਾ ਵਿਵਹਾਰ ਅੱਜ ਵੀ ਨਵੀਆਂ ਸ਼ਕਲਾਂ 'ਚ ਜਾਰੀ ਰੱਖ ਰਹੀ ਹੈ।

ਕੁੱਝ ਗੱਲ ਵਰਣ ਵੰਡ ਬਾਰੇ: ਮਨੂੰ ਸਮ੍ਰਿਤੀ ਦੀ ਵਰਣ-ਵੰਡ ਬਾਰੇ ਵੀ ਵੱਖੋ-ਵੱਖਰੇ ਵਿਚਾਰ ਹਨ। ਕੁੱਝ ਇਹ ਸਮਝਦੇ ਹਨ ਕਿ ਵਰਣ-ਵੰਡ ਜਾਣ-ਬੁੱਝਕੇ ਪੈਦਾ ਕੀਤੀ ਗਈ ਅਤੇ ਲਾਗੂ ਕੀਤੀ ਗਈ। ਇਹ ਵਿਚਾਰ ਇਸ ਤਰ੍ਹਾਂ ਬਣ ਜਾਂਦਾ ਹੈ ਕਿ ਭਾਵੇਂ ਹਾਲਤਾਂ ਅਜੇ ਹੋਂਦ 'ਚ ਨਾ ਆਈਆਂ ਹੋਣ ਪਰ ਉਨ੍ਹਾਂ ਸਬੰਧੀ ਵਿਚਾਰ ਪਹਿਲਾਂ ਲਾਗੂ ਹੋ ਜਾਂਦਾ ਹੈ। ਇਸ ਲਈ ਵਿਚਾਰ ਠੀਕ ਨਹੀਂ ਹੈ।

ਅਸਲ ਵਿੱਚ ਇਹ ਵਰਣ-ਵੰਡ ਸਾਡੇ ਸਮਾਜ ਦੇ ਇੱਕ ਖਾਸ ਪੜਾਅ 'ਤੇ ਹੋਂਦ 'ਚ ਆਈ। ਇਹ ਉਸ ਸਮੇਂ ਹੋਂਦ 'ਚ ਆਈ ਜਦੋਂ ਸਾਡਾ ਸਮਾਜ ਵਿਕਾਸ ਕਰਦਾ ਹੋਇਆ ਇਸ ਪੜਾਅ 'ਤੇ ਪੁੱਜ ਗਿਆ ਕਿ ਉਦੋਂ ਕਿਰਤ ਵੰਡ ਦੀ ਲੋੜ ਖੜ੍ਹੀ ਹੋ ਗਈ। ਬਸ ਇਸੇ ਕਿਰਤ ਦੀ ਵੰਡ ਨੇ ਹੀ ਵਰਣ-ਵੰਡ ਜਿਹਾ ਕੋਝਾ ਰੂਪ ਧਾਰਿਆ। (ਇਹ ਸਾਰਾ ਅਮਲ ਕਿਵੇਂ ਚੱਲਿਆ ਜਾਂ ਦੂਸਰੇ ਦੇਸ਼ਾਂ ਵਿੱਚ ਇਹ ਕਿਉਂ ਨਾ ਚੱਲਿਆ, ਇਹ ਇੱਕ ਵੱਖਰੀ ਬਹਿਸ ਦਾ ਵਿਸ਼ਾ ਹੈ।) ਕਿਉਂਕਿ ਕਿਰਤ ਦੀ ਵੰਡ ਤੋਂ ਵਗੈਰ ਕੋਈ ਸਮਾਜ ਵਿਕਾਸ ਹੀ ਨਹੀਂ ਕਰ ਸਕਦਾ। ਇੱਕ ਮਿਸਾਲ ਲਵੋ। ਅੱਜ ਇੰਨ੍ਹੇ ਤਕਨੀਕੀ ਤੇ ਹੋਰ ਹਰ ਤਰ੍ਹਾਂ ਦੇ ਸਾਧਨਾਂ ਦੇ ਵਿਕਸਤ ਹੋ ਜਾਣ ਦੇ ਬਾਵਜੂਦ ਵੀ ਜੇ ਕੋਈ 'ਕੱਲਾ-ਕਹਿਰਾ ਇਨਸਾਨ ਕੱਪੜੇ, ਮਕਾਨ, ਭੋਜਨ-ਆਦਿ ਆਪਣੇ ਤੌਰ 'ਤੇ ਹੀ ਤਿਆਰ ਕਰੇ ਤਾਂ ਉਹ ਨਹੀਂ ਕਰ ਸਕੇਗਾ। ਅਤੇ ਜੇਕਰ ਇਉਂ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਉਹ ਇਸਦੇ ਹੀ ਕੋਹਲੂ-ਗੇੜ੍ਹ 'ਚ ਫਸਿਆ ਰਹਿ ਜਾਵੇਗਾ ਤੇ ਇਸੇ ਤਰ੍ਹਾਂ ਹੋਰ ਸਾਰੇ ਪ੍ਰਾਣੀ ਵੀ। ਸੋ ਸਮਾਜ ਜਿੱਥੇ ਖੜ੍ਹਾ ਹੈ, ਉੱਥੇ ਹੀ ਖੜ੍ਹਾ ਰਹੇਗਾ। ਕਹਿਣ ਤੋਂ ਭਾਵ ਕਿ ਵਰਣ-ਵੰਡ ਸਮੇਂ ਦੀ ਲੋੜ ਦੀ ਪੂਰਤੀ ਸੀ ਭਾਵੇਂ ਕਿ ਇਹ ਸ਼ੂਦਰਾਂ ਆਦਿ 'ਤੇ ਇੱਕ ਜ਼ੁਲਮ ਦਾ ਹਥਿਆਰ ਸੀ ਜੋ ਅੱਜ ਵੀ ਚਾਲੂ ਹੈ। ਕਿਰਤ ਦੀ ਵੰਡ ਸਿਰਫ ਉਨ੍ਹਾਂ ਹਾਲਤਾਂ 'ਚ ਹੀ ਸਮਾਜ ਨੂੰ ਪੁੱਠਾ ਗੇੜਾ ਦਿੰਦੀ ਹੈ ਜਿੱਥੇ ਇਹ ਲੁੱਟ-ਖਸੁੱਟ ਅਤੇ ਦਾਬਾ ਕਾਇਮ ਕਰਨ ਲਈ ਕੀਤੀ ਜਾਂਦੀ ਹੈ। ਹਜ਼ਾਰਾਂ ਸਾਲਾਂ ਤੋਂ ਸ਼ੂਦਰਾਂ ਆਦਿ 'ਤੇ ਹੁੰਦੇ ਰਹੇ ਜ਼ੁਲਮਾਂ ਦੀ ਝਲਕ ਹੀ ਦਲਿਤਾਂ 'ਤੇ ਹੁੰਦੇ ਵੱਖੋ-ਵੱਖਰੇ ਵਹਿਸ਼ੀ ਕਾਂਡਾਂ 'ਚੋ ਮਿਲਦੀ ਹੈ।

ਦਲਿਤ ਭਾਈਚਾਰੇ ਨੇ ਜ਼ਬਰ ਵਿਰੁੱਧ ਜ਼ਬਰਦਸਤ ਵਿਰੋਧ ਕਰਕੇ ਲੁਟੇਰੀਆਂ ਹਕੂਮਤਾਂ ਅਤੇ ਅਖੌਤੀ ਉੱਚ ਜਾਤੀਆਂ ਦਾ ਉਹ ਵਹਿਮ ਦੂਰ ਕਰ ਦਿੱਤਾ ਜਿਸ ਅਨੁਸਾਰ ਉਹ ਸਮਝਦੇ ਸਨ ਕਿ ਹਜ਼ਾਰਾਂ ਸਾਲਾਂ ਤੋ ਦਬਾਕੇ ਤੇ ਲਿਤਾੜਕੇ, ਤਿਰਸਕਾਰਕੇ ਤੇ ਧਿਰਕਾਰਕੇ ਰੱਖੇ ਜਾਂਦੇ ਦਲਿਤਾਂ ਦਾ ਲੜਣ-ਮਰਨ ਦਾ ਕਣ ਖਤਮ ਕਰ ਦਿੱਤਾ ਗਿਆ ਹੈ। ਦਲਿਤਾਂ ਦੇ ਇਸ ਵਿਰੋਧ ਨੇ ਹਰਜਿੰਦਰ ਕੰਗ ਦੇ ਹੇਠ ਲਿਖੇ ਸ਼ੇਅਰ ਨੂੰ ਪੂਰੀ ਤਰ੍ਹਾਂ ਰੂਪਮਾਨ ਕਰ ਦਿੱਤਾ ਹੈ:

ਫੇਰ ਕਰੂੰਬਲ ਫੁੱਟ ਪਈ,
ਝੱਖੜ ਦੇ ਝੰਬੇ ਰੁੱਖ 'ਤੇ।
ਤੂਫਾਨ ਨੂੰ ਇਹ ਵਹਿਮ ਸੀ,
ਸਭ ਕੁੱਝ ਉਡਾ ਕੇ ਲੈ ਗਿਆ।

ਨਿਚੋੜ: ਕਿਉਂਕਿ ਦਲਿਤ ਭਾਈਚਾਰਾ ਵੀ ਦੂਸਰੀ ਸਾਰੀ ਕਿਰਤੀ ਜਮਾਤ ਦਾ ਹੀ ਇੱਕ ਅੰਗ ਹੈ, ਇਸ ਲਈ ਇਸ ਭਾਈਚਾਰੇ ਦੀ ਲੁੱਟ ਅਤੇ ਜ਼ਬਰ ਤੋਂ ਮੁਕਤੀ ਦਾ ਸਵਾਲ ਵੀ ਕਿਰਤ ਦੀ ਲੁੱਟ ਅਤੇ ਜ਼ਬਰ ਤੋਂ ਮੁਕਤੀ ਦੇ ਸਵਾਲ ਨਾਲ ਹੀ ਗੁੰਦਿਆ ਹੋਇਆ ਹੈ। ਪਰ ਫਿਰ ਵੀ ਇਸ ਲੁਟੇਰੇ ਪ੍ਰਬੰਧ ਦੇ ਇੱਕ ਲੜ ਵਜੋਂ ਜਾਤ-ਪਾਤ ਪ੍ਰਬੰਧ ਨੂੰ ਬਣਾਈ ਰੱਖਣ ਕਰਕੇ ਦਲਿਤ ਭਾਈਚਾਰੇ ਦੀ ਇਸ ਪ੍ਰਬੰਧ ਨਾਲ ਵਿਰੋਧ ਦੀ ਆਪਣੀ ਇੱਕ ਖਾਸੀਅਤ (Particularity) ਵੀ ਹੈ। ਇਸ ਲਈ ਇਹ ਖਾਸੀਅਤ ਨੂੰ ਸਮੁੱਚੀਆਂ ਲੋਕ-ਪੱਖੀ ਸ਼ਕਤੀਆਂ ਨੂੰ ਧਿਆਨ 'ਚ ਰੱਖਕੇ ਦਲਿਤਾਂ ਵੱਲੋਂ ਕੀਤੀ ਜਾਂਦੀ ਹਰ ਜ਼ਾਇਜ਼ ਜੱਦੋਜਹਿਦ 'ਚ ਗਹਿ-ਗੱਡਵਾਂ ਸਾਥ ਦੇਣ ਲਈ ਹਿੰਮਤ ਅਤੇ ਉਪਰਾਲਾ ਕਰਨਾ ਚਾਹੀਦਾ ਹੈ। ਇੱਕ ਵਾਰੀਂ ਮੈਨੂੰ ਇੱਕ ਮੇਰੇ ਦੋਸ਼ਤ ਨੇ ਕਿਹਾ ਸੀ ਕਿ ਦਲਿਤਾਂ ਨੂੰ ਸੰਬੋਧਨ ਹੋਣ ਦੀ ਲੋੜ ਹੈ। ਇਸ ਨਾਲ ਗੱਲ ਜੋੜਦਿਆਂ ਮੈਂ ਕਿਹਾ ਸੀ ਕਿ ਦਲਿਤਾਂ ਨੂੰ ਸੰਬੋਧਨ ਹੋਣ ਦੀ ਹੀ ਲੋੜ ਨਹੀਂ ਬਲਕਿ ਦਲਿਤਾਂ ਨਾਲ ਤੁਰਨ ਦੀ ਲੋੜ ਹੈ। ਕੀ ਅਸੀਂ ਤੁਰਾਂਗੇ ? ਬਰਾਬਰੀ ਦਾ ਸਮਾਜ ਸਿਰਜਣ ਵਾਲੇ ਸਾਰੇ ਲੋਕਾਂ ਦੇ ਸਾਹਮਣੇ ਇਹ ਸਵਾਲ ਖੜ੍ਹਾ ਹੋ ਗਿਆ ਹੈ, ਜਿਸਦਾ ਜਵਾਬ ਦੇਣਾ ਹੀ ਦੇਣਾ ਪਵੇਗਾ।

98769-53561

ਸ੍ਰੋਤ:

ਫਾਸ਼ਿਜ਼ਮ ਆਫ ਸੰਘ ਪਰਿਵਾਰ- ਰਾਮ ਪੁਨਿਆਨੀ
ਮਨੂੰ ਸਮ੍ਰਿਤੀ ਹਿੰਦੀ ਅਨੁਵਾਦ ਸੁਰਿੰਦਰ ਨਾਥ ਸਕਸੈਨਾ, ਮਨੋਜ ਪਬਲੀਕੇਸ਼ਨ, 761, ਮੇਨ ਰੋਡ ਬੁਰਾੜੀ, ਦਿੱਲੀ ਅੱਠਵਾਂ ਐਡੀਸ਼ਨ
ਪੰਜਾਬੀ ਟ੍ਰਿਬਿਊਨ, ਫਰੰਟ ਲਾਈਨ, ਲਲਕਾਰ 1 ਅਗਸਤ

ਲੰਮੀ ਉਮਰ ਵਾਲੇ ਮਾਪਿਆਂ ਦੇ ਬੱਚੇ ਵੀ ਹੁੰਦੇ ਨੇ ਵਡੇਰੀ ਉਮਰ ਵਾਲੇ

ਲੰਡਨ- ਜੇ ਮਾਪਿਆਂ ਦੀ ਉਮਰ ਲੰਮੀ ਹੈ ਤਾਂ ਬੱਚਿਆਂ ਦੀ ਉਮਰ ਲੰਮੀ ਹੋਣ ਦੇ ਨਾਲ ਨਾਲ ਉਨ੍ਹਾਂ ਦੇ ਉਮਰ ਦੇ 60ਵੇਂ ਤੇ 70ਵੇਂ ਦੇ ਦਹਾਕਿਆਂ ਵਿੱਚ ਪੁੱਜ ਕੇ ਵੀ ਤੰਦਰੁਸਤ ਰਹਿਣ ਦੀ ਸੰਭਾਵਨਾ ਵੱਧ ਜਾਂਦੀ ਹੈ। ਬਰਤਾਨੀਆ ਦੇ ਯੂਨੀਵਰਸਿਟੀ ਆਫ ਐਕਸਟਰ ਦੇ ਜੈਨਿਸ ਐਟਕਿਨਸ ਨੇ ਆਪਣੀ ਟੀਮ ਨਾਲ ਕੀਤੇ ਅਧਿਐਨ ਦੇ ਸਿੱਟਿਆਂ ਵਿੱਚ ਇਹ ਦਾਅਵਾ ਕੀਤਾ ਹੈ। ਉਨ੍ਹਾਂ ਆਪਣੇ ਅਧਿਐਨ ਵਿੱਚ 190000 ਲੋਕਾਂ ਨੂੰ ਸ਼ਾਮਲ ਕੀਤਾ ਜਿਨ੍ਹਾਂ ਦੇ ਮਾਪਿਆਂ ਵਿੱਚੋਂ ਜੇ ਇੱਕ ਵੀ 70 ਸਾਲ ਤੋਂ ਵੱਧ ਜਿੰਦਾ ਰਹਿੰਦਾ ਹੈ ਤਾਂ ਅਜਿਹੇ ਬੱਚਿਆਂ ਦੀ ਉਮਰ ਹੋਰ ਨਾਲੋਂ ਵੱਧ ਹੁੰਦੀ ਹੈ।

ਦੁਨੀਆਂ ਦਾ ਪਹਿਲਾ 'ਹੈਕ ਪਰੂਫ' ਸੰਚਾਰ ਉਪਗ੍ਰਹਿ

ਪੇਈਚਿੰਗ- ਚੀਨ ਨੇ ਅੱਜ ਵਿਸ਼ਵ ਦਾ ਪਹਿਲਾ 'ਕੁਆਂਟਮ' ਉਪਗ੍ਰਹਿ ਲਾਂਚ ਕੀਤਾ ਹੈ। ਇਸ ਉਪਗ੍ਰਹਿ ਬਾਰੇ ਕਿਹਾ ਗਿਆ ਹੈ ਕਿ ਇਸ ਵਿੱਚ ਸੁਰੱਖਿਆ ਦੇ ਵਿਸ਼ੇਸ਼ ਬੰਦੋਬਸਤ ਕੀਤੇ ਗਏ ਹਨ, ਜਿਸ ਨਾਲ ਇਹ ਪੁਲਾੜ ਤੇ ਜ਼ਮੀਨ ਦਰਮਿਆਨ 'ਹੈਕ ਪਰੂਫ' ਸੰਚਾਰ ਸਥਾਪਤ ਕਰ ਸਕੇਗਾ।

ਇਹ ਉਪਗ੍ਰਹਿ ਉੱਤਰ-ਪੱਛਮ ਵਿੱਚ ਗੋਬੀ ਰੇਗਿਸਤਾਨ ਵਿੱਚ ਸਥਿਤ ਜਿਊਕੁਆਨ ਉਪਗ੍ਰਹਿ ਕੇਂਦਰ ਤੋਂ ਲਾਂਚ ਕੀਤਾ ਗਿਆ।

ਦੁਨੀਆਂ ਦਾ ਸਭ ਤੋਂ ਲੰਬਾ ਸ਼ੀਸ਼ੇ ਦਾ ਪੁਲ

ਜ਼ਾਂਗਚਿਆਚੀ- ਚੀਨ ਦੇ ਜ਼ਾਂਗਚਿਆਚੀ ਪਹਾੜਾਂ ਵਿੱਚ ਬਣਾਇਆ ਗਿਆ ਦੁਨੀਆਂ ਦਾ ਸਭ ਤੋਂ ਉੱਚਾ ਤੇ ਲੰਬਾ ਸ਼ੀਸ਼ੇ ਦਾ ਪੁਲ ਲੋਕਾਂ ਲਈ ਖੋਲ੍ਹ ਦਿੱਤਾ ਗਿਆ ਹੈ। ਕੇਂਦਰੀ ਹੁਨਾਨ ਸੂਬੇ ਦੇ ਜ਼ਾਂਗਚਿਆਚੀ ਪਾਰਕ ਵਿੱਚ ਦੋ ਚੋਟੀਆਂ ਨੂੰ ਜੋੜਦਾ ਇਹ ਪੁਲ 1400 ਫੁੱਟ ਲੰਬਾ ਹੈ ਤੇ ਧਰਤੀ ਤੋਂ ਉਸ ਦੀ ਉਚਾਈ 300 ਮੀਟਰ ਹੈ।

ਅਧਿਕਾਰੀ ਨੇ ਦੱਸਿਆ ਕਿ ਛੇ ਮੀਟਰ ਚੌੜੇ ਤੇ ਕੱਚ ਦੀਆਂ 99 ਪੈਨਲਾਂ ਨਾਲ ਬਣੇ ਇਸ ਪੁਲ ਤੋਂ ਇੱਕੋ ਵੇਲੇ 800 ਲੋਕ ਲੰਘ ਸਕਦੇ ਹਨ। ਇਸ ਪੁਲ 'ਤੇ ਲੋਕ ਬੰਜੀ ਜੰਪ ਦਾ ਲੁਤਫ ਵੀ ਲੈ ਸਕਦੇ ਹਨ। ਸਬੰਧਤ ਅਧਿਕਾਰੀਆਂ ਨੇ ਇਸ ਪੁਲ ਦੀ ਮਜ਼ਬੂਤੀ ਦਾ ਪ੍ਰਦਰਸ਼ਨ ਕਰਨ ਲਈ ਕਾਫ਼ੀ ਯਤਨ ਕੀਤੇ ਹਨ। ਇੱਕ ਪ੍ਰੋਗਰਾਮ ਵਿੱਚ ਲੋਕਾਂ ਨੂੰ ਕੁਹਾੜਿਆਂ ਤੇ ਹਥੌੜਿਆਂ ਨਾਲ ਇਸ ਪੁਲ 'ਤੇ ਲੱਗੇ ਕੱਚ ਨੂੰ ਤੋੜਨ ਲਈ ਕਿਹਾ ਗਿਆ ਤੇ ਇੱਕ ਹੋਰ ਪ੍ਰੋਗਰਾਮ ਤਹਿਤ ਇਸ ਪੁਲ ਉਪਰੋਂ ਕਾਰ ਲੰਘਾਈ ਗਈ।

ਇਸ ਪੁਲ ਤੋਂ ਇੱਕ ਦਿਨ ਵਿੱਚ 8000 ਸੈਲਾਨੀਆਂ ਨੂੰ ਲੰਘਣ ਦੀ ਇਜਾਜ਼ਤ ਦਿੱਤੀ ਜਾਵੇਗੀ ਤੇ ਉਨ੍ਹਾਂ ਨੂੰ ਇਸ ਸਬੰਧੀ ਇੱਕ ਦਿਨ ਪਹਿਲਾਂ ਟਿਕਟਾਂ ਬੁਕ ਕਰਵਾਉਣੀਆਂ ਪੈਣਗੀਆਂ।

ਸਾਫਟਵੇਅਰ ਕਰੇਗਾ ਹੱਥ ਲਿਖਤ ਦੀ ਨਕਲ

ਲੰਡਨ- ਵਿਗਿਆਨੀਆਂ ਨੇ ਨਵਾਂ ਸਾਫਟਵੇਅਰ ਵਿਕਸਤ ਕੀਤਾ ਹੈ ਜੋ ਕਿਸੇ ਵੀ ਵਿਅਕਤੀ ਦੀ ਹੱਥ ਲਿਖਤ ਦਾ ਅਧਿਐਨ ਅਤੇ ਹੂਬਹੂ ਉਸ ਦੀ ਨਕਲ ਕਰ ਸਕਦਾ ਹੈ। ਇਸ ਤਕਨੀਕ ਦੇ ਆਉਣ ਨਾਲ ਹੱਥ ਲਿਖਤ ਸ਼ਬਦਾਂ ਦੀ ਵਾਪਸੀ ਹੋ ਸਕਦੀ ਹੈ। ਯੂਨੀਵਰਸਿਟੀ ਕਾਲਜ ਲੰਡਨ (ਯੂਸੀਐਲ) ਦੇ ਖੋਜੀਆਂ ਨੇ ਮਾਈ ਟੈਕਸਟ ਇਨ ਯੂਅਰ ਹੈਂਡਰਾਈਟਿੰਗ ਪ੍ਰੋਗਰਾਮ ਬਣਾਇਆ ਹੈ ਜੋ ਵਿਅਕਤੀ ਦੇ ਹੱਥ ਲਿਖਤ ਨਮੂਨੇ ਤੋਂ ਨਵਾਂ ਟੈਕਸਟ ਤਿਆਰ ਕਰੇਗਾ ਅਤੇ ਇੰਜ ਜਾਪੇਗਾ ਜਿਵੇਂ ਵਿਅਕਤੀ ਨੇ ਖੁਦ ਹੀ ਉਸ ਨੂੰ ਲਿਖਿਆ ਹੈ। ਹੇਅਨਜ਼ ਨੇ ਮਿਸਾਲ ਦਿੰਦਿਆ ਕਿਹਾ ਕਿ ਅਧਰੰਗ ਪੀੜਤ ਅਸਮਰੱਥ ਹੋਣ ਦੇ ਬਾਵਜੂਦ ਅੱਖਰਾਂ ਨੂੰ ਲਿਖ ਸਕਣਗੇ। ਪ੍ਰੋਗਰਾਮ ਵਿਅਕਤੀ ਦੇ ਲਿਖਣ ਸਟਾਈਲ ਦਾ ਅਧਿਐਨ ਕਰਦਾ ਹੈ ਅਤੇ ਉਸ ਵੱਲੋਂ ਲਿਖੇ ਜਾਣ ਵਾਲੇ ਵਿਸ਼ੇਸ਼ ਅਖਰਾਂ, ਕਲਮ ਦੇ ਰੰਗ, ਅੰਦਰਾਂ ਨੂੰ ਜੋੜੇ ਜਾਣ ਜਾਂ ਲਿਖਣ ਢੰਗ ਦੀ ਨਕਲ ਕਰਦਾ ਹੈ। ਵਿਗਿਆਨੀਆਂ ਨੇ ਅਬਰਾਹਮ ਲਿੰਕਨ, ਫਰੀਡਾ ਕਾਹਲੋ ਅਤੇ ਆਰਥਰ ਕੋਨਨ ਡੋਇਲ ਦੀਆਂ ਹੱਥ ਲਿਖਤਾਂ ਦੀ ਨਕਲ ਕੀਤੀ ਹੈ।

ਜੰਗਲ ਖਤਮ ਹੋਣ ਨਾਲ ਮੌਨਸੂਨ ਖਤਮ ਹੋਈ

ਇੰਡੀਅਨ ਇੰਸਟੀਚਿਊਟ ਆਫ਼ ਤਕਨਾਲੋਜੀ ਬੰਬੇ ਵੱਲੋਂ ਕੀਤੇ ਗਏ ਅਧਿਐਨ ਮੁਤਾਬਕ ਉੱਤਰ-ਪੂਰਬ ਅਤੇ ਉੱਤਰ-ਮੱਧ ਭਾਰਤ 'ਚ ਵੱਡੇ ਪੱਧਰ 'ਤੇ ਜੰਗਲਾਂ ਨੂੰ ਵੱਢ ਕੇ ਖੇਤੀ ਕਰਨ ਨਾਲ ਇਨ੍ਹਾਂ ਇਲਾਕਿਆ 'ਚ ਮੌਨਸੂਨ ਕਮਜੋਰ ਪਈ ਹੈ। ਅਧਿਐਨ 'ਚ ਚਿਤਾਵਨੀ ਦਿੱਤੀ ਗਈ ਹੈ ਕਿ ਜੇਕਰ ਇਸੇ ਤਰ੍ਹਾਂ ਜੰਗਲਾਂ ਦੀ ਕਟਾਈ ਹੁੰਦੀ ਰਹੀ ਤਾਂ ਹਾਲਾਤ ਹੋਰ ਜ਼ਿਆਦਾ ਗੰਭੀਰ ਹੋ ਜਾਣਗੇ।

ਡਾਇਨ ਦੱਸ ਕੇ ਔਰਤ ਨੂੰ ਪਿਆਇਆ ਪਿਸ਼ਾਬ

ਦਰਭੰਗਾ – ਬਿਹਾਰ ਵਿੱਚ ਦਰਭੰਗਾ ਜ਼ਿਲ੍ਹੇ ਦੇ ਇੱਕ ਪਿੰਡ ’ਚ ਡਾਇਨ ਦੱਸ ਕੇ ਦਲਿਤ ਔਰਤ ’ਤੇ ਦਬੰਗਾਂ ਦੇ ਜ਼ੁਲਮ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਬਾਰੇ ਪੀੜਤਾ ਵੱਲੋਂ ਪੁਲਸ ਕੋਲ ਕੀਤੀ ਗਈ ਸ਼ਿਕਾਇਤ ਵਿੱਚ ਪਿੰਡ ਦੇ ਹੀ ਕੁਝ ਲੋਕਾਂ ’ਤੇ ਕੱਪੜੇ ਲਾਹ ਕੇ ਕੁੱਟਣ ਤੇ ਪਿਸ਼ਾਬ ਪਿਆਉਣ ਦਾ ਦੋਸ਼ ਲਾਇਆ ਹੈ। ਪੀੜਤਾ ਮੁਤਾਬਕ ਉਸ ਦਾ ਪਤੀ ਗੁਜਰਾਤ ਵਿੱਚ ਮਜ਼ਦੂਰੀ ਕਰਦਾ ਹੈ। ਪਿੰਡ ਦੇ ਹੀ ਕੁਝ ਲੋਕ ਉਸ ਦੇ ਘਰ ਆ ਵੜੇ ਅਤੇ ਡਾਇਨ ਦੱਸ ਕੇ ਉਸ ਦੇ ਕੱਪੜੇ ਲਾਹ ਕੇ ਜੰਮ ਕੇ ਕੁੱਟਿਆ।

ਤਾਮਿਲ ਲੇਖਕ ਮੁਰੂਗਨ ਵੱਲੋਂ ਸੰਨਿਆਸ ਖ਼ਤਮ

ਨਵੀਂ ਦਿੱਲੀ- ਤਾਮਿਲ ਲੇਖਕ ਪੇਰੂਮਲ ਮੁਰੂਗਨ ਸੰਨਿਆਸ ਖ਼ਤਮ ਕਰ ਕੇ 19 ਮਹੀਨਿਆਂ ਬਾਅਦ ਆਪਣੀ ਨਵੀਂ ਕਿਤਾਬ ਨਾਲ ਜਨਤਕ ਤੌਰ ’ਤੇ ਸਾਹਮਣੇ ਆਏ ਹਨ। ਉਨ੍ਹਾਂ 200 ਕਵਿਤਾਵਾਂ ਦੀ ਕਿਤਾਬ ਲਿਖੀ ਹੈ ਜਿਸ ਦਾ ਸਿਰਲੇਖ ‘ਏ ਕਾਵਰਡਜ਼ ਸੌਂਗ’ ਹੈ। ਉਨ੍ਹਾਂ ਦੇ ਤਾਮਿਲ ਨਾਵਲ ‘ਮਧੋਰੂਬਾਗਨ’ ਖਿਲਾਫ ਹਿੰਦੂਤਵਵਾਦੀਆਂ ਵੱਲੋਂ ਪ੍ਰਦਰਸ਼ਨ ਦੀਆਂ ਧਮਕੀਆਂ ਮਿਲਣ ਤੋਂ ਬਾਅਦ ਸ਼੍ਰੀ ਮੁਰੂਗਨ ਨੇ ਦਸੰਬਰ 2014 ’ਚ ਫੇਸਬੁਕ ’ਤੇ ਐਲਾਨ ਕੀਤਾ, ‘ਲੇਖਕ ਪੇਰੂਮਲ ਮੁਰੂਗਨ ਮਰ ਗਿਆ ਹੈ।’ ਜੁਲਾਈ ’ਚ ਮਦਰਾਸ ਹਾਈ ਕੋਰਟ ਨੇ ਉਨ੍ਹਾਂ ਦੀ ਕਿਤਾਬ ’ਤੇ ਪਾਬੰਦੀ ਲਾਉਣ ਅਤੇ ਸਜ਼ਾ ਦੀ ਮੰਗ ਵਾਲੀ ਪਟੀਸ਼ਨ ਨੂੰ ਖਾਰਜ ਕਰ ਦਿੱਤੀ ਸੀ ਅਤੇ ਕਿਹਾ ਸੀ ਕਿ ਕਿਤਾਬ ’ਚ ਕੁਝ ਵੀ ਅਸ਼ਲੀਲ ਨਹੀਂ ਹੈ। ਨਵੀਂ ਕਿਤਾਬ ਜਾਰੀ ਕਰਨ ਸਮੇਂ ਉਨ੍ਹਾਂ ਜ਼ੋਰਦਾਰ ਬਿਆਨ ਦਿੱਤਾ ਅਤੇ 50 ਸਾਲਾ ਲੇਖਕ ਨੇ ਦੋ ਰਚਨਾਵਾਂ ‘ਹੋਮਟਾਊਨ’ ਅਤੇ ‘ਏ ਕਾਵਰਡਜ਼ ਸੌਂਗ’ ਵੀ ਸੁਣਾਈਆਂ।

ਬੱਚੇ ਦਾ ਕਾਤਲ ਤਾਂਤਰਿਕ ਗ੍ਰਿਫ਼ਤਾਰ

ਜਲੰਧਰ- ਥਾਣਾ ਲਾਂਬੜਾ ਅਧੀਨ ਆਉਂਦੇ ਪਿੰਡ ਮਲਕੇ ਵਿੱਚ 8 ਅਗਸਤ ਦੀ ਰਾਤ ਨੂੰ 8 ਸਾਲਾ ਗੁਰਪ੍ਰੀਤ ਗੋਪੀ ਦਾ ਕਤਲ ਕਰਨ ਵਾਲੇ ਮੁੱਖ ਦੋਸ਼ੀ ਤਾਂਤ੍ਰਿਕ ਨੂੰ ਪੁਲੀਸ ਨੇ ਗ੍ਰਿਫਤਾਰ ਕਰ ਲਿਆ ਹੈ। ਥਾਣਾ ਮੁਖੀ ਇੰਸਪੈਕਟਰ ਸਰਬਜੀਤ ਸਿੰਘ ਨੇ ਦੱਸਿਆ ਕਿ 8 ਅਗਸਤ ਦੀ ਰਾਤ ਨੂੰ ਗੋਪੀ ਦੀ ਲਾਸ਼ ਉਸ ਦੇ ਗੁਆਂਢੀ ਦੀ ਅਲਮਾਰੀ ਵਿੱਚੋਂ ਬਰਾਮਦ ਹੋਈ ਸੀ। ਗੋਪੀ ਪੁੱਤਰ ਅਸ਼ੋਕ ਕੁਮਾਰ ਆਪਣੇ ਗੁਆਂਢੀ ਘਰ ਟਿਊਸ਼ਨ ਪੜ੍ਹਨ ਜਾਂਦਾ ਸੀ। ਗੁਆਂਢੀ ਮੰਗਤ ਰਾਮ ਦੇ ਰਿਸ਼ਤੇਦਾਰ ਤਾਂਤ੍ਰਿਕ ਨੇ ਗੋਪੀ ਨੂੰ ਟਿਊਸ਼ਨ ਪੜ੍ਹਾਉਣ ਦੇ ਬਹਾਨੇ ਘਰ ਸੱਦ ਲਿਆ ਤੇ ਬਲੀ ਦੇ ਨਾਂਅ ’ਤੇ ਉਸ ਦਾ ਕਤਲ ਕਰ ਦਿੱਤਾ। ਤਾਂਤ੍ਰਿਕ ਇੰਦਰਜੀਤ ਵਾਸੀ ਰਿਹਾਣਾ ਜੱਟਾਂ ਨੂੰ ਲੁਧਿਆਣਾ ਤੋਂ ਗ੍ਰਿਫਤਾਰ ਕੀਤਾ। ਇੰਦਰਜੀਤ ਨੇ ਮੰਨਿਆ ਕਿ ਮੰਗਤ ਰਾਮ ਦੇ ਘਰ ਕੋਈ ਔਲਾਦ ਨਹੀਂ ਸੀ। ਇੰਦਰਜੀਤ ਨੇ ਦੱਸਿਆ ਕਿ 8 ਅਗਸਤ ਨੂੰ ਮੰਗਤ ਰਾਮ ਮੂਲਵਾਸੀ ਸ਼ਾਹਕੋਟ ਧਾਰਮਿਕ ਸਥਾਨ ਦੀ ਯਾਤਰਾ ਦਾ ਬਹਾਨਾ ਬਣਾ ਕੇ ਪਰਿਵਾਰ ਸਮੇਤ ਘਰੋਂ ਚਲਾ ਗਿਆ ਤੇ ਉਸ ਨੂੰ ਘਰ ਛਡ ਗਿਆ ਸੀ ਤਾਂ ਜੋ ਉਹ ਗੋਪੀ ਦੀ ਬਲੀ ਦੇ ਸਕੇ। ਉਸ ਨੇ ਦੱਸਿਆ ਕਿ ਇਸ ਕੰਮ ਲਈ ਮੰਗਤ ਰਾਮ ਨੇ ਉਸ ਨੂੰ 2 ਲੱਖ ਰੁਪਏ ਦਿੱਤੇ ਸਨ।

ਕਿਸਾਨਾਂ ਵੱਲੋਂ ਗਊ ਮਾਤਾ ਸਰਕਾਰ ਵਿਹੜੇ

ਜਗਰਾਉਂ- ਪ੍ਰੋਗਰੈਸਿਵ ਡੇਅਰੀ ਫਾਰਮਰਜ਼ ਐਸੋਸੀਏਸ਼ਨ (ਪੀ.ਡੀ.ਐਫ.ਏ.) ਨੇ ਅੱਜ ਇੱਥੋਂ ਰਾਜ ਦੇ ਡੇਅਰੀ ਫਾਰਮਰਾਂ ਦਾ ਇਕੱਠ ਕਰਕੇ ‘ਸਰਕਾਰ ਜਗਾਉ ਡੇਅਰੀ ਬਚਾਉ’ ਅੰਦੋਲਨ ਦੀ ਸ਼ੁਰੂਆਤ ਕਰ ਦਿੱਤੀ। ਭਰਵੀਂ ਰੈਲੀ ਪਿੱਛੋਂ ਕੌਮੀ ਸ਼ਾਹਰਾਹ 95 ’ਤੇ ਰੋਸ ਮਾਰਚ ਕੱਢਿਆ ਗਿਆ। ਇਸੇ ਦੌਰਾਨ ਹਾਈਵੇਅ ਤੋਂ ਦਸ ਗਾਵਾਂ ਫੜ ਕੇ ਹਲਕੇ ਦੇ ਅਕਾਲੀ ਵਿਧਾਇਕ ਐਸ. ਆਰ. ਕਲੇਰ ਦੇ ਦਫ਼ਤਰ ਵਿੱਚ ਲਿਜਾ ਕੇ ਛੱਡੀਆਂ ਗਈਆਂ। ਜਥੇਬੰਦੀ ਦੇ ਪ੍ਰਧਾਨ ਦਲਜੀਤ ਸਿੰਘ ਸਦਰਪੁਰਾ ਨੇ ਅੰਦੋਲਨ ਦੇ ਅਗਲੇ ਪੜਾਅ ਵਿੱਚ 500 ਗਾਵਾਂ ਫੜ ਕੇ ਖੇਤੀ ਮੰਤਰੀ ਜਥੇਦਾਰ ਤੋਤਾ ਸਿੰਘ ਦੀ ਕੋਠੀ ਛੱਡਣ ਅਤੇ ਇਸ ਮਗਰੋਂ ਇੱਕ ਹਜ਼ਾਰ ਗਾਵਾਂ ਮੁੱਖ ਮੰਤਰੀ ਦੀ ਕੋਠੀ ਛੱਡਣ ਦਾ ਐਲਾਨ ਕੀਤਾ।

‘ਗਊ ਰਾਖਿਆਂ’ ਖ਼ਿਲਾਫ਼ ਪਟੀਸ਼ਨ

ਨਵੀਂ ਦਿੱਲੀ- ਕਾਂਗਰਸੀ ਕਾਰਕੁਨ ਤਹਿਸੀਨ ਐਸ ਪੂਨਾਵਾਲਾ ਨੇ ਸੁਪਰੀਮ ਕੋਰਟ ਵਿੱਚ ਜਨ ਹਿੱਤ ਪਟੀਸ਼ਨ ਦਾਇਰ ਕਰ ਕੇ ਕੇਂਦਰ ਤੇ ਕੁਝ ਰਾਜ ਸਰਕਾਰਾਂ ਨੂੰ ਗਊ ਰੱਖਿਆ ਦੇ ਨਾਂਅ ’ਤੇ ਦਲਿਤਾਂ ਤੇ ਘੱਟ ਗਿਣਤੀਆਂ ਖਿਲਾਫ਼ ਹਿੰਸਾ ਫੈਲਾਉਣ ਵਾਲਿਆਂ ਖਿਲਾਫ ਕਾਰਵਾਈ ਲਈ ਨਿਰਦੇਸ਼ ਦਿੱਤੇ ਜਾਣ ਦੀ ਮੰਗ ਕੀਤੀ ਹੈ।

ਸਮਾਜਿਕ ਵਰਤਾਰੇ

ਸਮਾਜ ਵਿੱਚ ਖ਼ੁਦਕੁਸ਼ੀਆਂ ਦਾ ਵਧ ਰਿਹਾ ਵਰਤਾਰਾ

ਬਲਵਿੰਦਰ ਬਰਨਾਲਾ

ਖ਼ੁਦਕੁਸ਼ੀ ਦਾ ਰੁਝਾਨ ਹਰ ਸਮਾਜ ਵਿਚ ਪਾਇਆ ਜਾਂਦਾ ਹੈ। ਇਹ ਇਕ ਮਨੋਵਿਗਿਆਨਕ ਵਰਤਾਰਾ ਹੈ। ਮਨੁੱਖ ਕੋਲ ਦੋ ਹੀ ਰਸਤੇ ਹਨ, ਇਕ ਜ਼ਿੰਦਗੀ ਨੂੰ ਚਲਦੀ ਰੱਖਣ ਦਾ ਅਤੇ ਦੂਸਰਾ ਇਸਦੀ ਸਮਾਪਤੀ। ਜੀਵਨ ਸੰਘਰਸ਼ ਵਿਚ ਵਿਸ਼ਵਾਸ ਰੱਖਣ ਵਾਲੇ ਇਹ ਸਮਝਦੇ ਹਨ ਕਿ ਸੰਘਰਸ਼ ਬਿਨ੍ਹਾਂ ਜ਼ਿੰਦਗੀ ਹੋ ਹੀ ਨਹੀਂ ਸਕਦੀ ਅਤੇ ਨਕਰਾਤਮਕ ਸਮਝ ਵਾਲੇ ਜ਼ਿੰਦਗੀ ਨੂੰ ਬੋਝ ਸਮਝਦੇ ਹਨ।ਇਸਨੂੰ ਕਿਸੇ ਇੱਕ ਕਾਰਨ ਨਾਲ ਨਹੀਂ ਜੋੜਿਆ ਜਾ ਸਕਦਾ। ਖ਼ੁਦਕੁਸ਼ੀ ਸਮੂਹਕ ਰੂਪ ਵਿਚ ਵੀ ਹੁੰਦੀ ਹੈ ਅਤੇ ਵਿਅਕਤੀਗਤ ਰੂਪ ਵਿਚ ਵੀ। ਇਹ ਵੀ ਹੈਰਾਨੀ ਕਰਨ ਵਾਲਾ ਤੱਥ ਹੈ ਕਿ ਕਈ ਵਾਰ ਸਿੱਧੇ ਰੂਪ ਵਿਚ ਕੋਈ ਵੀ ਕਾਰਨ ਸਾਹਮਣੇ ਨਹੀਂ ਦਿਖਦਾ। ਕਨੇਡਾ, ਇੰਗਲੈਂਡ, ਆਸਟੇਰਲੀਆ ਅਤੇ ਅਮਰੀਕਾ ਵਰਗੇ ਮੁਲਖਾਂ ਅੰਦਰ ਵੀ ਖੁਦਕੁਸ਼ੀ ਦੇ ਕੇਸ ਸਾਹਮਣੇ ਆਉਂਦੇ ਹਨ। ਸਰਮਾਏਦਾਰੀ ਨਿਜ਼ਾਮਾਂ ਅੰਦਰ ਸਮਾਜਵਾਦੀ ਨਿਜ਼ਾਮਾਂ ਦੇ ਮੁਕਾਬਲੇ ਵਧੇਰੇ ਖੁਦਕੁਸ਼ੀਆਂ ਦਾ ਰੁਝਾਣ ਪਾਇਆ ਜਾਂਦਾ ਹੈ । ਸਮਾਜਵਾਦੀ ਕਿਊਬਾ ਅੰਦਰ ਲੋਕਾਂ ਅੰਦਰ ਅਜਿਹਾ ਰੁਝਾਨ ਦੇਖਣ ਨੂੰ ਨਹੀਂ ਮਿਲਦਾ।ਕਿਊਬਾ ਦੇ ਲੋਕ ਦੁਨੀਆ ਵਿਚ ਸਭ ਤੋਂ ਜਿਆਦਾ ਸਾਖਰ ਹਨ ਅਤੇ ਇਹ ਸਾਖਰਤਾ ਕੇਵਲ ਅੱਖਰ ਗਿਆਨ ਤੱਕ ਹੀ ਸੀਮਤ ਨਹੀਂ। ਇਸਦਾ ਮੁਹਾਂਦਰਾ ਵੀ ਵਿਗਿਆਨਕ ਸਮਝ ਦੇ ਪ੍ਰਸਾਰ ਵਾਲਾ ਹੈ ਜਿਸ ਵਿਚ ਧਰਮ ਲਈ ਕੋਈ ਸਥਾਨ ਨਹੀਂ। ਸਮਾਜਵਾਦੀ ਪ੍ਰਭਾਵ ਅਧੀਨ ਵਿਕਸਤ ਹੋਏ ਰੂਸ ਅਤੇ ਚੀਨ ਅੰਦਰ ਹੋਰ ਮੁਲਖਾਂ ਦੇ ਮੁਕਾਬਲੇ ਕਿਤੇ ਘੱਟ ਖੁਦਕੁਸ਼ੀਆਂ ਹੁੰਦੀਆਂ ਹਨ। ਨਾਰਵੇ ਨਾਸਤਿਕ ਮੁਲਖ ਹੈ। ਸਾਫ ਸੁਥਰਾ, ਅਨੁਸ਼ਾਸਤ। ਲੋਕਾਂ ਨੂੰ ਸਮਾਜਿਕ ਸੁਰੱਖਿਆ ਮਿਲੀ ਹੈ ਅਤੇ ਸਿਹਤ ਪੱਖੋਂ ਲੋਕ ਤੰਦਰੁਸਤ ਅਤੇ ਖੁਸ਼ਮਿਜ਼ਾਜ ਹਨ। ਖੁਦਕੁਸ਼ੀ ਦਾ ਰੁਝਾਣ ਨਹੀਂ ਹੈ।

ਖ਼ੁਦਕੁਸ਼ੀ ਲਈ ਕੋਈ ਇੱਕ ਕਾਰਨ ਨਹੀਂ, ਅਨੇਕਾਂ ਕਾਰਨ ਹਨ :-

1. **ਸਭਿਆਚਾਰਕ ਅਤੇ ਇਤਿਹਾਸਕ ਪੱਖ:-** ਹਰ ਦੇਸ਼ ਦਾ ਆਪਣਾ ਸਭਿਆਚਾਰ ਅਤੇ ਇਸਦੇ ਵਿਕਾਸ ਦਾ ਆਪਣਾ ਇਤਿਹਾਸ ਹੈ। ਯੂਰਪੀ ਮੁਲਖਾਂ ਅੰਦਰਲੇ ਸਭਿਆਚਾਰ ਦੀ ਕੁਦਰਤੀ ਉਸਾਰੀ ਹੋਈ ਹੈ। ਰਾਜਾਸ਼ਾਹੀ (ਸਾਮੰਤਵਾਦ) ਦੇ ਅੰਤ ਤੋਂ ਉੱਥੇ ਸਰਮਾਏ ਦਾ ਵਿਕਾਸ ਕੁਦਰਤੀ ਵਿਕਾਸ ਦੇ ਨਿਯਮਾਂ ਮੁਤਾਬਿਕ ਹੁੰਦਾ ਗਿਆ। ਜਮਹੂਰੀਅਤ ਵਾਲੇ ਨਿਜ਼ਾਮ ਆਉਣ ਬਾਅਦ ਵਿਅਕਤੀਗਤ ਆਜ਼ਾਦੀ ਉੱਪਰ ਵਧੇਰੇ ਜ਼ੋਰ ਦਿੱਤਾ ਜਾਣ ਲੱਗਾ। ਜਾਤ-ਪ੍ਰਥਾ ਦੀ ਅਣਹੋਂਦ ਵੀ ਇਹਨਾਂ ਸਮਾਜਾਂ ਦੇ ਵਧੇਰੇ ਆਜ਼ਾਦ ਹੋਣ ਵਿਚ ਕਾਰਗਰ ਸਾਬਤ ਹੋਈ। ਔਰਤ ਅਤੇ ਮਰਦ ਦੇ ਅਧਿਕਾਰਾਂ ਵਿਚ ਬਰਾਬਰਤਾ ਹੈ। ਬੱਚਿਆਂ ਨੂੰ 'ਦਬਕੇ' ਦੀ ਭਾਸ਼ਾ ਵੀ ਚੁਭਦੀ ਹੈ। ਉੱਥੇ ਵਿਆਹ ਸ਼ਾਦੀਆਂ ਥੋਪੀਆਂ ਨਹੀਂ ਜਾਂਦੀਆਂ। ਜਦ ਬੱਚਾ 18 ਸਾਲ ਦਾ ਹੀ ਕਿਰਤ ਕਰਕੇ ਖਾਣ ਦਾ ਆਦੀ ਹੋ ਜਾਂਦਾ ਤਾਂ ਕੁਦਰਤੀ ਹੈ ਕਿ ਉਸ ਅੰਦਰ ਜ਼ਿੰਦਗੀ ਪ੍ਰਤੀ ਸੰਘਰਸ਼ ਦੀ ਅਹਿਮੀਅਤ ਦਾ ਸੁਆਲ ਕਾਫੀ ਸਪਸ਼ਟ ਹੋ ਜਾਂਦਾ ਹੈ। ਭਾਵੇਂ ਇਹਨਾਂ ਮੁਲਖਾਂ ਅੰਦਰ ਸਰਮਾਏਦਾਰੀ ਪ੍ਰਬੰਧ ਹੈ ਪਰ ਇੱਥੇ ਲੋਕਾਂ ਦੀਆਂ ਮੁਢਲੀਆਂ ਜੀਵਨ ਲੋੜਾਂ ਦਾ ਸਰਕਾਰਾਂ ਧਿਆਨ ਰਖਦੀਆਂ ਹਨ। ਯੂਰਪ ਦਾ ਨਾਅਰਾ ਹੈ ਕਿ 'ਭੁੱਖਾ ਆਦਮੀ ਗੁੱਸੇਖੋਰ ਹੁੰਦਾ ਹੈ'। ਸਮਾਜ ਵਿੱਚ ਪੈਦਾ ਹੋਇਆ ਗੁੱਸਾ ਹੀ ਇਨਕਲਾਬ ਦੀ ਨੀਂਹ ਬਣਦਾ।ਇਸ ਲਈ ਇਨ੍ਹਾਂ ਦੇਸ਼ਾਂ ਅੰਦਰ ਆਰਥਿਕ ਕਾਰਨਾਂ ਕਰਕੇ ਖੁਦਕਸ਼ੀ ਦੀਆਂ ਘਟਨਾਵਾਂ ਘੱਟ ਹਨ। ਭਾਰਤੀ ਸਭਿਆਚਾਰ, ਪੱਛਮੀ ਸਭਿਆਚਾਰ ਤੋਂ ਪੂਰੀ ਤਰ੍ਹਾਂ ਵੱਖਰਾ ਹੈ। ਭਾਰਤੀ ਸਮਾਜ ਅਜੇ ਵੀ ਫਿਊਡਲ (ਸਾਮੰਤਵਾਦੀ) ਕਦਰਾਂ ਕੀਮਤਾਂ ਦੀ ਜਕੜ ਵਿਚ ਹੈ ।ਧਰਮਾਂ ਦਾ ਪੂਰਾ ਗਲਬਾ ਹੈ।ਦੂਸਰਾ ਇੱਥੇ ਜਾਤੀ ਪ੍ਰਬੰਧ ਹੈ ਜਿਸਦਾ ਰਾਜਨੀਤਿਕ ਅਧਾਰ ਮੰਨੂੰ ਸਮਰਿਤੀ ਹੈ। ਸਰਮਾਏਦਾਰੀ ਦੀ ਅੰਨ੍ਹੀ ਲੁੱਟ ਕਾਰਨ ਮਿਹਨਤਕਸ਼ਾਂ ਦਾ ਸ਼ੋਸਣ ਹੱਦਾਂ ਬੰਨ੍ਹੇ ਟੱਪ ਚੁਕਿਆ। ਕਿਰਤ ਦਾ ਮੁੱਲ ਇੰਨ੍ਹਾਂ ਘੱਟ ਹੈ ਕਿ ਰੋਜਮਰਾ ਦੀਆਂ ਜਿਉਂਦੇ ਰਹਿਣ ਲਈ ਸਧਾਰਨ ਲੋੜਾਂ ਵੀ ਪੂਰੀਆਂ ਨਹੀ ਹੋ ਰਹੀਆਂ। ਕੋਈ ਸਮਾਜਿਕ ਸੁਰੱਖਿਆ ਨਹੀਂ। ਕਿਸੇ ਗੰਭੀਰ ਬੀਮਾਰੀ ਦੇ ਆ ਜਾਣ ਤੇ ਇਲਾਜ਼ ਇੰਨ੍ਹਾਂ ਮਹਿੰਗਾ ਕਿ ਜੇ ਕੋਈ ਥੋੜ੍ਹੀ ਬਹੁਤ ਪੂੰਜੀ ਜੋੜੀ ਵੀ ਹੈ, ਉਹ ਖਤਮ ਹੋ ਜਾਂਦੀ ਹੈ ਅਤੇ ਬਹੁਤੇ ਪ੍ਰੀਵਾਰ ਕਰਜ਼ੇ ਹੇਠ ਆ ਜਾਣ ਕਾਰਨ ਟੁੱਟ ਜਾਂਦੇ ਹਨ। ਇਹ ਵੀ ਸਮਝਣਾ ਜਰੂਰੀ ਹੈ ਕਿ ਭਾਰਤੀ ਸਮਾਜ ਅੰਦਰ ਸਮਾਜਿਕ ਵਿਕਾਸ ਕੁਦਰਤੀ ਲੀਹਾਂ ਤੇ ਨਹੀਂ ਹੋਣ ਦਿੱਤਾ ਗਿਆ। ਇੱਥੇ ਸਰਮਾਏਦਾਰੀ ਦਾ ਵਿਕਾਸ ਅੰਗਰੇਜ਼ਾਂ ਦੀ ਛਤਰ ਛਾਇਆ ਅਧੀਨ ਹੋਇਆ ਹੈ।ਭਾਵ ਅੱਜ ਵੀ ਸਾਮੰਤਵਾਦੀ ਕਦਰਾਂ ਕੀਮਤਾਂ ਦਾ ਬੋਲਬਾਲਾ ਹੈ। ਨੌਜਵਾਨਾਂ ਅੰਦਰ ਉਠਦੀ ਸਮਾਜਿਕ ਬਗ਼ਾਵਤ ਨੂੰ ਦਬਾਉਣ ਦੀ ਰਾਜਨੀਤੀ ਖਾਪ ਪੰਚਾਇਤਾਂ ਵਿਚ ਦੇਖਣ ਨੂੰ ਆਮ ਮਿਲਦੀ ਹੈ।ਇਹ ਸਖਤ ਜ਼ਾਬਤੇ ਵੀ ਖੁਦਕੁਸ਼ੀਆਂ ਦਾ ਕਾਰਨ ਬਣ ਰਹੇ ਹਨ।

2. **ਗੈਰ-ਮਨੁੱਖੀ ਸਮਾਜਿਕ, ਵਿਦਿਅਕ, ਆਰਥਿਕ ਅਤੇ ਧਾਰਮਿਕ ਵਾਤਾਵਰਨ:-** ਭਾਰਤੀ ਬੁਰਜੁਆ ਰਾਜਨੀਤੀ ਲੋਕਪੱਖੀ ਮੁਹਾਂਦਰੇ ਵਾਲੀ ਨਹੀਂ ਹੈ। ਸ਼ੋਸਣ ਰਾਹੀਂ ਕਮਾਏ ਕਾਲੇਧਨ ਨਾਲ ਵੋਟਾਂ ਦੀ ਖਰੀਦੋ ਫਰੋਖਤ ਹੁੰਦੀ ਹੈ।ਇੱਥੋਂ ਤੱਕ ਹੈ ਕਿ ਵਿਧਾਨਕਾਰ ਅਤੇ ਮੈਂਬਰ ਪਾਰਲੀਮੈਂਟ ਵੀ ਵਿਕਾਊ ਹਨ। ਪਾਰਟੀਆਂ ਉਮੀਦਵਾਰਾਂ ਨੂੰ ਟਿਕਟ ਉਸਦੀ ਕਾਬਲੀਅਤ ਦੇਖ ਨਹੀਂ, ਸਰਮਾਇਆ ਦੇਖਕੇ ਮੁੱਲ ਵੇਚਦੀਆਂ ਹਨ।ਧਾਰਮਿਕ ਅਤੇ

ਜਾਤੀ ਖਾਈਆਂ ਹੋਰ ਡੂੰਘੀਆਂ ਕਰਨ ਦੇ ਯਤਨ ਹੋ ਰਹੇ ਹਨ। ਇਨਸਾਫ ਨਾ ਮਿਲਣਾ ਨਿਰਾਸ਼ਤਾ ਪੈਦਾ ਕਰਦਾ ਹੈ। ਅਦਾਲਤਾਂ ਦੀ ਮਹਿੰਗੀ ਤੇ ਲੰਬੀ ਕਾਰਜਗੁਜਾਰੀ ਨਾ-ਇਨਸਾਫੀ ਹੋ ਨਿਬੜਦੀ ਹੈ। ਅਜਿਹੀ ਨਿਰਾਸ਼ਤਾ ਦਾ ਆਲਮ ਖੁਦਕਸ਼ੀਆਂ ਲਈ ਜਰਖੇਜ਼ ਭੂਮੀ ਹੈ। ਸਿੱਖਿਆ ਦੀ ਸਥਿਤੀ ਇਹ ਹੈ ਕਿ ਸਕੂਲ ਅਧਿਆਪਕਾਂ ਤੋਂ ਸੱਖਣੇ ਹਨ ਅਤੇ ਬੇਰੁਜ਼ਗਾਰ ਅਧਿਆਪਕ ਸੜਕਾਂ ਤੇ ਘਸੀਟੇ ਜਾ ਰਹੇ ਹਨ। ਜਦ ਉਹਨਾਂ ਦੀ ਸੁਣਵਾਈ ਹੀ ਨਹੀਂ ਹੋ ਰਹੀ, ਉਹ ਟੈਂਕੀਆਂ ਤੇ ਚੜ੍ਹਕੇ ਖੁਦਕੁਸ਼ੀਆਂ ਕਰਨ ਲਈ ਤਤਪਰ ਹਨ। ਹੁਣ ਧੌਲੇ ਦੀ ਪੰਚਾਇਤ ਅਤੇ ਪਤਵੰਤੇ ਸਕੂਲ ਨੂੰ ਅਪਗਰੇਡ ਕਰਵਾਉਣ ਲਈ ਪਾਣੀ ਵਾਲੀ ਟੈਂਕੀ ਤੇ ਚੜ੍ਹ ਗਏ। ਵਿਦਿਅਕ ਸਿਲੇਬਸ ਕਿੱਤਾ-ਮੁਖੀ, ਵਿਗਿਆਨ-ਮੁਖੀ ਨਹੀਂ ਅਤੇ ਜੀਵਨ ਜਾਂਚ ਤੋਂ ਸੱਖਣੇ ਹਨ। ਸਕੂਲਾਂ ਵਿਚ ਧਾਰਮਿਕ ਪ੍ਰਾਥਨਾਵਾਂ ਲਈ ਸਰਕਾਰੀ ਹੁਕਮ ਆ ਰਹੇ ਹਨ ਅਤੇ ਵਿਦਿਅਕ ਅਦਾਰਿਆਂ ਦਾ ਭਗਵਾਕਰਨ ਅਤੇ ਵਪਾਰੀਕਰਨ ਕੀਤਾ ਜਾ ਰਿਹਾ। ਅਜੋਕੀ ਪੜ੍ਹਾਈ ਸਰਮਾਏਦਾਰ ਸਨਅਤ ਵਾਸਤੇ ਮੁਹਾਰਤ ਹਾਸ਼ਲ ਕਾਮਿਆਂ ਨੂੰ ਕੇਵਲ ਮੰਡੀ ਦੇ ਮਾਲ ਵਜੋਂ ਤਿਆਰ ਕਰ ਰਹੀ ਹੈ। ਇਹਨਾਂ ਵਿਚੋ ਛਾਂਟਵਾ 'ਮਾਲ' ਬੋਲੀ ਵਿੱਚ ਖਰੀਦ ਲਿਆ ਜਾਂਦਾ ਹੈ ਅਤੇ ਬਾਕੀ ਸੜਕਾਂ ਤੇ ਰੁਲਣ ਲਈ ਸੁੱਟ ਦਿੱਤਾ ਜਾਂਦਾ ਹੈ। ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਅਮੀਰ ਲਈ ਬਚਣ ਲਈ ਲਾਂਘੇ ਹਨ। ਮਾਲਿਆ 9000 ਕਰੋੜ ਭਾਰਤੀ ਬੈਂਕਾਂ ਦਾ ਕਰਜ਼ਾ ਦੱਬਕੇ ਇੰਗਲੈਂਡ ਪੁੱਜ ਗਿਆ। ਅਜਿਹੇ ਕਾਰਪੋਰੇਟ ਘਰਾਣਿਆਂ ਦੀ ਦੇਸ਼ ਵਿਚ ਭਰਮਾਰ ਹੈ ਜੋ ਅਰਬਾਂ ਦੇ ਕਰਜ਼ੇ ਲੈ ਕੇ ਬੈਂਕਾਂ ਨੂੰ ਵਾਪਸੀ ਨਹੀਂ ਕਰ ਰਹੇ। ਪਰ ਦੂਸਰੇ ਪਾਸੇ ਗਰੀਬ ਕਿਸਾਨ, ਮਜ਼ਦੂਰ ਘੱਟ ਉਜ਼ਰਤਾਂ ਦਾ ਸ਼ਿਕਾਰ ਹੋਕੇ ਪੈਦਾਵਾਰ ਲਈ ਲਏ ਕਰਜ਼ੇ ਨਾ ਮੁੜਨ ਕਾਰਨ ਤਰਸਯੋਗ ਹਾਲਤ ਵਿਚ ਹਨ। ਸਨਅਤ ਵਿਚ ਲੇਬਰ ਕਾਨੂੰਨ ਢਿੱਲੇ ਹਨ ਜਿਸ ਕਾਰਨ ਮਜ਼ਦੂਰਾਂ ਦਾ ਭਾਰੀ ਸ਼ੋਸਣ ਹੋ ਰਿਹਾ। ਬੁਢਾਪਾ ਪੈਨਸ਼ਨਾਂ ਨਾਲ ਬਜ਼ੁਰਗਾਂ ਦਾ ਮਜ਼ਾਕ ਉਡਾਇਆ ਜਾ ਰਿਹਾ। 500 ਰੁ: ਮਹੀਨਾ ਵਾਰ ਪੈਨਸ਼ਨ ਨਾਲ ਉਹ ਕੇਵਲ 16.50 ਰੁ: ਹੀ ਰੋਜ਼ਾਨਾ ਪ੍ਰਾਪਤ ਕਰਦਾ ਹੈ। ਮਜ਼ਦੂਰ ਅਤੇ ਉਸਦੇ ਬੱਚੇ ਕਪੋਸ਼ਣ ਦਾ ਸ਼ਿਕਾਰ ਹਨ। ਭੁੱਖਮਰੀ ਕਾਰਨ ਹਰ ਰੋਜ਼ ਪਰਿਵਾਰਾਂ ਵੱਲੋਂ ਸਮੂਹਕ ਖੁਦਕਸ਼ੀ ਕਰਨ ਦੇ ਕੇਸ਼ ਸਾਹਮਣੇ ਆ ਰਹੇ ਹਨ। ਧਾਰਮਿਕ ਅਦਾਰਿਆਂ ਨੂੰ ਖੁੱਲ੍ਹ ਹੈ ਉਹ ਜੋ ਜੀਅ ਆਵੇ ਕਰੀ ਜਾਣ। ਸਰਕਾਰੀ ਜਾਇਦਾਦਾਂ 'ਤੇ ਕਬਜ਼ੇ ਕਰਕੇ ਧਾਰਮਿਕ ਸਥਾਨ ਬਣਾਈ ਜਾਣ। ਸਾਧਵੀਆਂ ਅਤੇ ਕੀਰਤਨੀਏ ਸਮਾਜ ਅੰਦਰ ਧਾਰਮਿਕ ਜ਼ਜਬਾਤੀਪੁਣੇ ਨੂੰ ਹਵਾ ਦੇਕੇ ਧਾਰਮਿਕ ਦੰਗੇ ਭੜਕਾਉਣ ਤੋਂ ਗੁਰੇਜ਼ ਨਹੀਂ ਕਰਦੇ। ਜਮਹੂਰੀਅਤ ਦੇ ਨਾਮ ਹੇਠਾਂ ਗੈਰ-ਧਾਰਮਿਕ ਲੋਕਾਂ ਦਾ ਦਮਨ ਜ਼ਾਰੀ ਹੈ। 295 ਏ ਵਰਗੀਆਂ ਭਾਰਤੀ ਦੰਡ ਵਿਧਾਨ ਦੀਆ ਧਾਰਾਵਾਂ ਧਰਮ ਦੀ ਗੈਰ ਉਪਯੋਗਤਾ ਉੱਪਰ ਬੋਲਣ ਵਾਲਿਆਂ ਲਈ ਸਖਤ ਦੰਡ ਦਾ ਵਿਧਾਨ ਹਨ। ਪੰਜਾਬ ਸਰਕਾਰ ਵੱਲੋਂ ਧਾਰਮਿਕ ਬੇਅਦਬੀ ਲਈ ਉਮਰ ਕੈਦ ਦਾ ਵਿਧਾਨ ਵੀ ਪਾਸ ਕੀਤਾ ਗਿਆ ਹੈ। ਮਾਨਸਿਕ ਅਤੇ ਸਰੀਰਕ ਬੀਮਾਰੀਆਂ ਦੇ ਸ਼ਿਕਾਰ ਲੋਕ ਚਮਤਕਾਰੀ ਇਲਾਜ਼ ਭਰਮ ਵਿਚ ਫਸਕੇ ਆਪਣੀ ਅੰਨ੍ਹੀ ਲੁੱਟ ਹੋਣ ਤੇ ਆਰਥਿਕ ਤੰਗੀ ਕਾਰਨ ਖੁਦਕਸ਼ੀ ਕਰ ਰਹੇ ਹਨ।

3. ਵਿਹਲ ਤੇ ਨੀਰਸਤਾ ਤੋਂ ਪੈਦਾ ਹੋਈ ਨਿਰਾਸ਼ਤਾ:- ਸਾਡੇ ਲੋਕਾਂ ਅੰਦਰ ਕੰਮ ਸਭਿਆਚਾਰ ਖਤਮ ਹੋ ਰਿਹਾ। ਕੰਮ ਜਿੱਥੇ ਉਪਜੀਵਕਾ ਦਾ ਸਾਧਨ ਹੈ, ਉੱਥੇ ਰੁਝੇਂਵੇ ਦਾ ਸਾਧਨ ਵੀ ਹੈ। ਇਮਾਨਦਾਰੀ ਨਾਲ ਕੀਤੇ ਕੰਮ ਨਾਲ ਮਾਨਸਿਕ ਸੰਤੁਸ਼ਟੀ ਹੁੰਦੀ ਹੈ। ਉੱਚ ਵਰਗ ਤਾਂ ਡੱਕਾ ਤੋੜਦਾ ਹੀ ਨਹੀਂ, ਵਿਹਲਪੁਣੇ ਦਾ ਮੱਧ-ਵਰਗ ਅਤੇ ਮੱਧ ਕਿਸਾਨੀ ਵੀ ਸ਼ਿਕਾਰ ਹੋਈ ਹੈ। ਦੂਸਰਿਆਂ ਤੋਂ ਕੰਮ ਕਰਵਾਕੇ ਆਪ ਚੌਧਰ ਕਰਨ ਦਾ ਰੁਝਾਨ ਵਧ ਰਿਹਾ। ਕਿਸਾਨੀ ਦਾ ਕੰਮ ਵੀ ਹਾੜੀ ਸਾਉਣੀ ਹੈ। ਖੇਤੀ ਦਾ ਮਸ਼ੀਨੀਕਰਨ ਹੋਣ ਕਾਰਨ ਸਾਰੇ ਸਾਲ ਵਿੱਚ ਸਿਰਫ਼ ਤਿੰਨ ਮਹੀਨੇ ਦਾ ਜ਼ੋਰਦਾਰ ਕੰਮ ਹੈ। ਸਰਕਾਰੀ ਨਿਘਾਰ ਕਾਰਨ ਕਿਰਤ ਲਈ ਸਾਰੇ ਸਾਲ ਦੇ ਰੁਝੇਵੇਂ ਲਈ ਉਚਿਤ ਸਨਅਤੀ ਵਿਕਾਸ ਦੀ ਵੀ ਕਮੀਂ ਹੈ। ਵਿਹਲ ਅਤੇ ਨੀਰਸ਼ਤਾ ਕਾਰਨ ਉਦਾਸੀ ਰੋਗ ਲੋਕਾਂ ਅੰਦਰ ਬਹੁਤ ਤੇਜੀ ਨਾਲ ਵਧ ਰਿਹਾ। ਇਹੋ ਉਦਾਸੀ ਰੋਗ ਜੀਵਣ ਪ੍ਰਤੀ ਅਕੇਵਾਂ ਪੈਦਾ ਕਰਦਾ ਹੈ।

4. ਖਪਤ ਸਭਿਆਚਾਰ ਅਤੇ ਭਰਮਾਊ ਇਸ਼ਤਿਹਾਰਬਾਜੀ:- ਵੱਡੀਆਂ ਕੰਪਨੀਆਂ ਦੇ ਹਰ ਖੇਤਰ ਵਿਚ ਪ੍ਰਵੇਸ਼ ਕਾਰਨ ਇਸ਼ਤਿਹਾਰਬਾਜੀ ਦਾ ਜ਼ੋਰ ਹੈ। ਇਹ ਸਧਾਰਨ ਇਸ਼ਤਿਹਾਰਬਾਜੀ ਨਹੀਂ। ਹਰ ਵਰਗ ਦੇ ਲੋਕਾਂ ਦੀ ਮਾਨਸਿਕਤਾ ਨੂੰ ਜਾਨਣ ਲਈ ਕੰਪਨੀਆਂ ਨਿੱਜੀ ਸਰਵੇ ਕਰਵਾਉਂਦੀਆਂ ਹਨ। ਫਿਰ ਉਸੇ ਤਰ੍ਹਾਂ ਦੀ ਲੁਭਾਉਣੀ ਇਸ਼ਤਿਹਾਰਬਾਜ਼ੀ ਤਿਆਰ ਕੀਤੀ ਜਾਂਦੀ ਹੈ। ਉਦਾਹਰਣ ਵਜੋਂ ਸਾੜੀਆਂ ਤਿਆਰ ਕਰਨ ਵਾਲੀ ਇਕ ਕੰਪਨੀ ਅਦਾਕਾਰਾ ਸ਼ਿਲਪਾਸ਼ੈਟੀ ਨੂੰ ਲੱਖਾਂ ਰੁਪਏ ਆਪਣੀਆਂ ਸਾੜੀਆਂ ਦੀ ਇਸ਼ਤਿਹਾਰਬਾਜ਼ੀ ਲਈ ਦਿੰਦੀ ਰਹੀ ਹੈ ਤਾਂ ਕਿ ਮੱਧ-ਸ਼ਰੇਣੀ ਦੀਆਂ ਇਸਤਰੀਆਂ ਨੂੰ ਭਰਮਾਇਆ ਜਾ ਸਕੇ। ਕਿਸਾਨਾਂ ਲਈ ਖੇਤੀ ਮਸ਼ੀਨਾਂ ਪੈਦਾ ਕਰਨ ਵਾਲੀਆਂ ਕੰਪਨੀਆਂ ਲੁਭਾਉਣੀ ਇਸ਼ਤਿਹਾਰਬਾਜੀ ਉੱਪਰ ਲੱਖਾਂ ਰੁਪਏ ਖਰਚ ਕਰਦੀਆਂ ਹਨ। ਕਾਰਾਂ ਅਤੇ ਟਰੈਕਟਰਾਂ ਦੇ ਹਰ ਸਾਲ ਨਵੇਂ ਆਉਂਦੇ ਮਾਡਲ ਬਹੁਤ ਹੀ ਖਿਚ ਪਾਉਣ ਵਾਲੇ ਹੁੰਦੇ ਹਨ। ਇੱਕ ਕਿਸਾਨ ਮੇਲੇ 'ਤੇ ਮੈਨੇਜਰ ਕਿਸਾਨੀ ਵਿੱਚੋਂ ਹੋਣ ਕਾਰਨ ਅਤੇ ਕਿਸਾਨੀ ਦਾ ਹਮਦਰਦ ਹੋਣ ਕਰਕੇ ਉਸਨੇ ਇੱਕ ਕਿਸਾਨ ਤੋਂ ਨਵਾਂ ਟਰੈਕਟਰ ਲੈਣ ਦਾ ਕਾਰਨ ਪੁੱਛਿਆ। ਕਿਸਾਨ ਸਿਰਫ਼ ਟਰੈਕਟਰ ਕੰਪਨੀ ਦੇ ਲੁਭਾਉਂਣੇ ਇਸ਼ਤਿਹਾਰ ਕਰਕੇ ਹੀ ਪੁਰਾਣਾ ਵੇਚਕੇ ਨਵਾਂ ਟਰੈਕਟਰ ਲੈਣਾ ਚਾਹੁੰਦਾ ਸੀ।

5. ਉਮਰ ਗਰੁੱਪ ਅਤੇ ਜ਼ਜਬਾਤੀਪੁਣਾ:- ਖੁਦਕਸ਼ੀਆਂ ਨੂੰ ਉਮਰ ਗਰੁੱਪ ਵੀ ਪ੍ਰਭਾਵਤ ਕਰਦੇ ਹਨ। ਜੁਆਨੀ ਵਿਚ ਜਿਆਦਾ ਖੁਦਕਸ਼ੀਆਂ 15 ਤੋਂ 25 ਸਾਲਾਂ ਦੇ ਦਰਮਿਆਨ

ਹੀ ਹੁੰਦੀਆਂ ਹਨ। ਇਹ ਉਹ ਉਮਰ ਹੈ ਜਿੱਥੇ ਵਿਅਕਤੀ ਦੇ ਅੰਦਰ ਇੱਛਾਵਾਂ ਦਾ ਹੜ੍ਹ ਹੁੰਦਾ ਹੈ ਅਤੇ ਪੂਰੀਆਂ ਕਰਨ ਲਈ ਵੀ ਜ਼ਜਬਾਤੀ ਰੁਝਾਣ ਹੁੰਦਾ ਹੈ। ਮਾਪਿਆਂ ਅਤੇ ਅਧਿਆਪਕਾਂ ਦਾ ਸਾਰਥਿਕ ਅਤੇ ਵਿਗਿਆਨਿਕ ਵਿਵਹਾਰ ਇਹਨਾਂ ਨੂੰ ਦਿਸ਼ਾ ਪ੍ਰਦਾਨ ਕਰ ਸਕਦਾ ਹੈ ਜਿਸ ਨਾਲ ਉਹਨਾਂ ਨੂੰ ਜੀਵਨ ਦੀ ਸਾਰਥਿਕਤਾ ਦੀ ਸਮਝ ਵੀ ਪੈਂਦੀ ਹੈ। ਬੱਚੇ ਜ਼ਿੰਦਗੀ ਦੇ ਸੰਘਰਸ਼ ਅਤੇ ਯਥਾਰਥ ਨਾਲ ਜੁੜੇ ਹੋਣੇ ਚਾਹੀਦੇ ਹਨ। ਪਰ ਇਹ ਉਮਰ ਆਪਣੀਆਂ ਖਾਹਸ਼ਾਂ ਜਲਦੀ ਤੋਂ ਜਲਦੀ ਪੂਰੀਆਂ ਕਰਨ ਦੇ ਚੱਕਰ ਵਿਚ ਹੁੰਦੀ ਹੈ। ਜੇ ਇੱਛਾ ਮੁਤਾਬਕ ਨਾ ਮਿਲਿਆ ਤਾਂ ਛੇਤੀ ਨਿਰਾਸ਼ ਵੀ ਹੋ ਜਾਂਦੀ ਹੈ। ਇੱਕ ਪ੍ਰਾਪਤੀ ਤੋਂ ਅਸਫਲ ਰਹਿਣ ਤੇ ਹੀ ਉਦਾਸੀ ਦੇ ਆਲਮ ਵਿਚ ਜਾ ਪੁਜਦੀ ਹੈ। ਸਮਾਜ ਵਿਚ ਫੈਲ ਰਹੇ ਦਿਖਾਵੇ ਅਤੇ ਫੁਕਰੇ ਸਭਿਆਚਾਰ ਨੇ ਇਸ ਪੀੜ੍ਹੀ ਅੰਦਰ ਲਾਲਸਾਵਾਂ ਨੂੰ ਉਕਸ਼ਾਇਆ ਹੈ। ਜੱਟ ਦੀ ਪਤਲੀ ਹਾਲਤ ’ਤੇ ਰੌਸ਼ਨੀ ਪਾਉਣ ਦੀ ਬਜਾਏ ਬੰਦੂਕਾਂ, ਰਿਵਾਲਵਰ ਅਤੇ ਲੰਡੀਆਂ ਜੀਪਾਂ ਲੈ ਕੇ ਸ਼ਰਾਬ ਦੇ ਲੋਰ ਵਿੱਚ ਮਸਤੀ ਕਰਦੇ ਚੜ੍ਹਤ ਫੜ੍ਹਤ ਵਾਲੇ ਫਿਲਮੀ ਸਭਿਆਚਾਰ ਨੇ ਗੁੰਡਾਗਰਦੀ ਅਤੇ ‘ਗੈਂਗ ਵਾਰਾਂ’ ਵਿਚ ਵਾਧਾ ਕੀਤਾ ਹੈ। ਜਜ਼ਬਾਤੀ ਉਮਰ ਦੇ ਇਹ ਬੱਚੇ ਜਮੀਨੀ ਹਕੀਕਤਾਂ ਤੋਂ ਅਣਜਾਣ ਇਸ ਵਹਾਅ ਵਿਚ ਬਹਿ ਜਾਂਦੇ ਹਨ। ਇਸ ਕਾਰਨ ਸਮਾਜ ਅੰਦਰ ਸਮਾਜਿਕ ਸਮੱਸਿਆਵਾਂ ਅਤੇ ਖੁਦਕੁਸ਼ੀਆਂ ਦਾ ਰੁਝਾਨ ਵੀ ਵਧਿਆ ਹੈ।

6. ਵਿਅਕਤੀਗਤ ਵਰਤਾਅ ਦਾ ਗੈਰ-ਸਮਾਜੀਕਰਨ ਅਤੇ ਅਸਹਿਣਸ਼ੀਲਤਾ:- ਭਾਰਤੀ ਸਮਾਜ ਦਾ ਮੁਹਾਂਦਰਾ ਲਗਾਤਾਰ ਬਦਲ ਰਿਹਾ। ਫਿਊਡਲ ਸਮਾਜ ਤੋਂ ਸਰਮਾਏਦਾਰੀ ਸਮਾਜ ਵਿਚ ਤਬਦੀਲੀ ਦੇ ਲਗਾਤਾਰ ਵਰਤਾਰੇ ਨੇ ਸਮਾਜ ਦੀਆਂ ਕਦਰਾਂ ਕੀਮਤਾਂ ਵਿਚ ਭਾਰੀ ਤਬਦੀਲੀ ਲਿਆਂਦੀ ਹੈ। ਸਾਂਝੇ ਪਰਿਵਾਰਾਂ ਦੀ ਥਾਂ ਇਕਹਰੇ ਪਰਿਵਾਰਾਂ ਨੇ ਤੇਜੀ ਨਾਲ ਲੈ ਲਈ ਹੈ। ਮਨੁੱਖ ਨੂੰ ਸਾਂਝੇ ਪ੍ਰੀਵਾਰ ਟੁੱਟਣ ਨਾਲ ਇਕੱਲਤਾ ਦਾ ਸਾਹਮਣਾ ਕਰਨ ਪੈ ਰਿਹਾ ਹੈ। ਹਰ ਮਸਲੇ ਪ੍ਰਤੀ ਮਨੁੱਖ ਸਮੂਹਕ ਪਹੁੰਚ ਅਪਨਾਉਣ ਦੀ ਬਜਾਏ ਵਿਅਕਤੀਗਤ ਪਹੁੰਚ ਵਾਲੇ ਪਾਸੇ ਨੂੰ ਉਲਾਰ ਹੁੰਦਾ ਜਾ ਰਿਹਾ ਹੈ। ਇਸ ਕਾਰਨ ਉਸਦਾ ਲਾਲਚ ਵੀ ਵਧਿਆ ਹੈ। ਪਹਿਲਾ ਕਾਲਾ ਧਨ ਸਮਾਜ ਵਿਚ ਬਦਨਾਮੀ ਦਾ ਕਾਰਨ ਬਣਦਾ ਸੀ। ਅੱਜ ਸਮਾਜ ਅੰਦਰ ਅਜਿਹਾ ਮਹਿਸੂਸ ਹੀ ਨਹੀਂ ਹੋ ਰਿਹਾ। ਨਸ਼ਿਆਂ ਦੀ ਬਲੈਕ ਕਰਨ ਵਾਲੇ ਵਿਧਾਨ ਸਭਾ ਅਤੇ ਪਾਰਲੀਮੈਂਟ ਵਿਚ ਚੰਗੀਆਂ ਵੋਟਾਂ ਲੈ ਕੇ ਪਹੁੰਚ ਰਹੇ ਹਨ। ਵਿਅਕਤੀਗਤ ਪਹੁੰਚ ਕਾਰਨ ਸਮਾਜ ਵਿਚ ਅਸਹਿਣਸ਼ੀਲਤਾ ਵਧੀ ਹੈ। ਇਸ ਗੈਰ-ਸਮਾਜੀਕਰਨ ਕਾਰਨ ਮਨੁੱਖ ਮਾਨਸਿਕ ਪੱਖ ਤੋਂ ਕਮਜੋਰ ਹੋਇਆ ਹੈ।

7. ਦਿਮਾਗੀ ਬੁਣਤਾਂ ਦੀ ਇਕਸੁਰਤਾ ਅਤੇ ਇਕਸਾਰਤਾ ਵਿਚ ਆਇਆ ਅਸਾਵਾਂਪਣ:- ਖੁਦਕਸ਼ੀ ਦਾ ਰੁਝਾਣ ਪੀੜ੍ਹੀ ਦਰ ਪੀੜ੍ਹੀ ਵੀ ਹੁੰਦਾ ਹੈ। ਵਿਰਾਸਤ ਵਿਚ ਮਿਲੀਆਂ ਦਿਮਾਗੀ ਕਮਜ਼ੋਰੀਆਂ ਕਾਰਨ ਵੀ ਖੁਦਕਸ਼ੀ ਕੀਤੀ ਜਾਂਦੀ ਹੈ। ਦਿਮਾਗ ਵਿਚ ਰਸਾਣਿਕ ਅਸੰਤੁਲਨ ਹੋ ਜਾਂਦਾ ਹੈ। ਭਾਵੇਂ ਬਹੁਤੀ ਵਾਰ ਇਸਦਾ ਕਾਰਨ ਕਿਸੇ ਗੰਭੀਰ ਸਮੱਸਿਆ ਦੀ ਲਗਾਤਾਰਤਾ ਬਣੇ ਰਹਿਣਾ ਬਣਦਾ ਪਰ ਕਈ ਵਾਰ ਸਮੱਸਿਆ ਬਾਹਰੀ ਵਾਤਾਵਰਣ ਵਿੱਚ ਨਹੀਂ ਸਗੋਂ ਦਿਮਾਗ ਦੇ ਵਿਰਾਸਤ ’ਚੋਂ ਮਿਲੇ ਕਮਜ਼ੋਰ ਮਾਦੇ ਕਾਰਨ ਸਰੀਰਕ ਹੁੰਦੀ ਹੈ। ਇੱਕ ਪ੍ਰਸਿੱਧ ਨਾਵਲ ਦੇ ਲੇਖਕ ਦੇ ਸਹੁਰੇ ਪਰਿਵਾਰ ਦੇ ਪੰਜ ਮੈਂਬਰਾਂ ਨੇ ਸਮੇਂ ਸਮੇਂ ਤੇ ਖੁਦਕੁਸ਼ੀ ਕੀਤੀ। ਪੰਜ ਭੈਣ ਭਰਾਵਾਂ ਵਿੱਚੋਂ ਉਸਦੀ ਪਤਨੀ ਜੀਵਤ ਸੀ। ਘਰ ਵਿਚ ਕੋਈ ਆਰਥਿਕ, ਸਮਾਜਿਕ ਜਾਂ ਹੋਰ ਸਮੱਸਿਆ ਨਹੀਂ ਸੀ, ਉਸਦੀ ਘਰਵਾਲੀ ਵੀ 55ਵੇਂ ਸਾਲ ਵਿਚ ਖੁਦਕੁਸ਼ੀ ਕਰ ਗਈ। ਸ਼ਹਿਣੇ ਦੇ ਇੱਕ ਖਾਂਦੇ ਪੀਂਦੇ ਕਿਸਾਨ ਸਰਪੰਚ ਦੀ ਘਰਵਾਲੀ ਸਭ ਕੁੱਝ ਠੀਕ ਹੁੰਦਿਆਂ ਵੀ ਮਰਨ ਦੀ ਇੱਛਾ ਰਖਦੀ ਸੀ।

8. ਨਸ਼ਿਆਂ ਦੀ ਵਧੇਰੇ ਵਰਤੋਂ ਕਾਰਨ ਪੈਦਾ ਹੋਈ ਉਦਾਸੀ:- ਮਨੁੱਖ ਦੇ ਨਸ਼ਾ ਲੈਣ ਦੇ ਦੋ ਕਾਰਨ ਹਨ-ਪਹਿਲਾ ਸ਼ੌਕ ਅਤੇ ਦੂਸਰਾ ਮਾਨਸਿਕ ਦਬਾਅ। ਕਿਸੇ ਕਾਰਨ ਕਰਕੇ ਵੀ ਜੇ ਇੱਕ ਵਾਰ ਸ਼ੁਰੂਆਤ ਹੋ ਗਈ ਅਤੇ ਇਸਦੀ ਲਗਾਤਾਰਤਾ ਮਨੁੱਖ ਨੂੰ ਫਿਰ ਇਸਦਾ ਆਦੀ ਬਣਾ ਦਿੰਦੀ ਹੈ। ਹਰ ਨਸ਼ਾ ਖਤਰਨਾਕ ਹੈ। ਬੱਸ ਇੰਨ੍ਹਾਂ ਕੁ ਫਰਕ ਹੈ ਕਿ ਕੋਈ ਹੌਲੀ ਹੌਲੀ ਸਰੀਰਕ ਨੁਕਸ਼ਾਨ ਕਰਦਾ ਹੈ ਅਤੇ ਕਈ ਬਹੁਤ ਤੇਜੀ ਨਾਲ। ਲੋਮੋਟੋਲ ਦੀ ਇਕ ਗੋਲੀ ਤੋਂ ਸ਼ੁਰੂ ਕਰਨ ਵਾਲਾ ਚੁੰਘਾ (ਬਰਨਾਲਾ) ਪਿੰਡ ਦੇ 32 ਸਾਲਾਂ ਲੜਕੇ ਦੀ ਇਹ ਖੁਰਾਕ 400 ਗੋਲੀਆਂ ਲੈਣ ਤੱਕ ਅੱਪੜ ਗਈ। ਚਿੱਟੇ (ਸਮੈਕ) ਦੇ ਸ਼ੁਕੀਨ ਗਰਾਮ ਦੇ ਚੌਥੇ ਕੁ ਹਿੱਸੇ ਤੋਂ ਸੁਰੂ ਕਰਦੇ ਹਨ ਅਤੇ ਤਿੰਨ ਗਰਾਮ ਧੂੰਏ ਜਾਂ ਟੀਕੇ ਰਾਹੀਂ ਲੈਣ ਤੱਕ ਦੇ ਕੇਸ਼ ਮੇਰੇ ਪਾਸ ਆਏ ਹਨ। ਸਮੈਕ ਦੀ ਵਧੇਰੇ ਵਰਤੋਂ ਮਿਰਗੀ ਵਰਗੇ ਦਿਮਾਗੀ ਦੌਰੇ ਪੈਣ ਦਾ ਕਾਰਨ ਬਣਦੀ ਹੈ ਜਿਸ ਨਾਲ ਹਰ ਵਾਰ ਦਿਮਾਗੀ ਬਣਤਰਾਂ ਨੁਕਸਾਨੀਆਂ ਜਾਂਦੀਆਂ ਹਨ। ਨਸ਼ੇ ਮਨੁੱਖ ਦਾ ਸੁਭਾਅ ਚਿੜਚੜ੍ਹਾ ਬਣਾ ਦਿੰਦੇ ਹਨ। ਉਹ ਸਮਾਜਿਕ ਨਹੀਂ ਰਹਿੰਦਾ। ਸਰੀਰਕ ਤੇ ਮਾਨਸਿਕ ਪੱਖੋਂ ਵੀ ਨਿਤਾਣਾ ਹੁੰਦਾ ਜਾਂਦਾ ਹੈ। ਨਸ਼ੇ ਦੇ ਆਦੀ ਮਨੁੱਖ ਲਈ ਹਰ ਵਖਤ ਨਸ਼ੇ ਦੇ ਪ੍ਰਬੰਧ ਦਾ ਫਿਕਰ ਲੱਗਿਆ ਰਹਿੰਦਾ। ਨਸ਼ੇ ਦਾ ਨਾ ਮਿਲਣਾ ਵੀ ਖੁਦਕਸ਼ੀ ਕਰਨ ਲਈ ਮਜ਼ਬੂਰ ਕਰਦਾ ਹੈ। ਸਮਾਜਿਕ ਕਦਰ ਘਟਣ ਕਾਰਨ ਉਹ ਅਲਹਿਦਗੀ ਦਾ ਵੀ ਸ਼ਿਕਾਰ ਹੋ ਜਾਂਦਾ ਹੈ। ਅਜਿਹੀ ਸਥਿਤੀ ਦਾ ਬਣੇ ਰਹਿਣਾ ਉਸਨੂੰ ਡਿਪਰੈਸ਼ਨ ਵਿਚ ਲੈ ਜਾਂਦਾ ਹੈ ਅਤੇ ਉਸ ਅੰਦਰ ਖੁਦਕਸ਼ੀ ਦੇ ਖਿਆਲ ਆਉਣੇ ਸੁਰੂ ਹੋ ਜਾਂਦੇ ਹਨ।

9. ਬਦਲੇ ਦੀ ਭਾਵਨਾ ਅਧੀਨ ਖੁਦਕਸ਼ੀਆਂ:- ਅਕਲੀਆ ਪਿੰਡ ਦਾ 26 ਸਾਲਾ ਪੜ੍ਹਿਆ ਲਿਖਿਆ ਨੌਜਵਾਨ ਲੜਕਾ ਇਸ ਕਰਕੇ ਮਰਨਾ ਚਾਹੁੰਦਾ ਸੀ ਕਿ ਕਈ ਸਾਲ ਪਹਿਲਾਂ ਪਿੰਡ ਦੇ ਹੀ ਇੱਕ ਮੁੰਡੇ ਨੇ ਉਸਦੀ ਭੈਣ ਨਾਲ ਬਦਤਮੀਜ਼ੀ ਕੀਤੀ ਸੀ। ਉਸਦੀ ਉਸ ਮੁੰਡੇ ਨਾਲ ਹੱਥੋਂ ਪਾਈ ਵੀ ਹੋਈ ਸੀ। ਭੈਣ ਕਈ

ਸਾਲ ਪਹਿਲਾਂ ਵਿਆਹੀ ਵੀ ਗਈ ਸੀ। ਪਰ ਇਸ ਨੌਜਵਾਨ ਅੰਦਰ ਬਦਲੇ ਦੀ ਭਾਵਨਾ ਲਗਾਤਾਰ ਰਹਿਣ ਕਾਰਨ ਡਿਪਰੈਸ਼ਨ ਦੇ ਲੱਛਣ ਪੈਦਾ ਹੋ ਗਏ। ਕਈ ਪਰਿਵਾਰਾਂ ਅੰਦਰ ਖੁਦਕਸ਼ੀਆਂ ਦੂਸਰਿਆਂ ਨੂੰ ਸ਼ਜ਼ਾ ਦੇਣ ਦੀ ਬਦਲੇ ਦੀ ਭਾਵਨਾ ਵਿੱਚੋਂ ਹੁੰਦੀਆਂ ਹਨ। ਆਮ ਹੀ ਸੁਣਨ ਨੂੰ ਮਿਲਦਾ ਕਿ ਇੱਕ ਪਰਿਵਾਰ ਮੁਖੀ ਨੇ ਆਪਣੇ ਬੱਚਿਆਂ ਅਤੇ ਬੀਵੀ ਦੇ ਕਤਲ ਤੋਂ ਬਾਅਦ ਖੁਦਕਸ਼ੀ ਕਰ ਲਈ ਜਾਂ ਘਰ ਦੀ ਔਰਤ ਬੱਚਿਆਂ ਸਮੇਤ ਨਹਿਰ ਵਿਚ ਛਾਲ ਮਾਰ ਗਈ ਆਦਿ। ਇਸ ਪਿੱਛੇ ਕਾਰਨ ਘਰੇਲੂ ਕਲੇਸ਼ ਹੁੰਦਾ ਹੈ। ਅਜਿਹੇ ਕਲੇਸ਼ਾਂ ਪਿੱਛੇ ਮਾੜੀ ਆਰਥਿਕਤਾ ਜਾਂ ਮਾੜੇ ਪਰਿਵਾਰਕ ਸਬੰਧ ਹੁੰਦੇ ਹਨ। ਭਾਰਤੀ ਸਮਾਜ ਅੰਦਰ ਔਰਤ, ਸਮਾਜਿਕ ਨਾ-ਬਰਾਬਰੀ ਤੋਂ ਪੀੜਤ ਹੈ, ਆਰਥਿਕ ਪੱਖੋਂ ਕਮਜੋਰ ਸਥਿਤੀ ਵਿੱਚ ਹੈ। ਇੱਕ ਵਾਰ ਵਿਆਹੀ ਜਾਣ ਬਾਅਦ ਉਸ ਲਈ ਮਾੜੇ ਮਰਦ ਨਾਲੋਂ ਸਬੰਧ ਤੋੜਨੇ ਸੌਖੇ ਨਹੀਂ ਹੁੰਦੇ। ਭਾਵੇਂ ਕਾਨੂੰਨ ਉਸਨੂੰ ਤਲਾਕ ਦੀ ਇਜ਼ਾਜਤ ਦਿੰਦਾ ਹੈ ਪਰ ਇਹ ਸੁਖਾਵਾਂ ਰਸਤਾ ਨਹੀਂ। ਤਲਾਕ ਬਾਅਦ ਜ਼ਿੰਦਗੀ ਜਿਉਂਣ ਲਈ ਉਸ ਨੂੰ ਪਤੀ ਦੀ ਜਾਇਦਾਦ ਵਿੱਚੋਂ ਕੁਝ ਨਹੀਂ ਮਿਲਦਾ। ਅਦਾਲਤ ਰਾਹੀਂ ਮਿਲਦੇ ਨਿਗੂਣੇ ਖਰਚੇ ਉਸ ਦੇ ਗੁਜ਼ਾਰੇ ਲਈ ਕਾਫੀ ਨਹੀਂ ਹੁੰਦੇ। ਪਿਤਾ ਦੀ ਵਿਰਾਸਤ ਵਿਚ ਭਾਵੇਂ ਉਸਨੂੰ ਹੱਕਦਾਰ ਬਣਾਇਆ ਗਿਆ ਪਰ ਇੱਥੇ ਵੀ ਸਥਾਪਤ ਸਮਾਜਿਕ ਨਿਯਮ ਕਾਨੂੰਨ ਨੂੰ ਸੌਖੀ ਤਰ੍ਹਾਂ ਲਾਗੂ ਨਹੀਂ ਹੋਣ ਦਿੰਦੇ। ਸਹੁਰੇ ਘਰ ਵਿਚ ਔਰਤ ਅੱਤ ਦੇ ਜ਼ੁਲਮ ਤੇ ਤਸ਼ੀਹੇ ਝਲਦੀ ਆਖਰ ਅੱਗ ਲਾਕੇ ,ਫਾਹਾ ਲੈਕੇ ਜਾਂ ਫਿਰ ਕੋਈ ਜ਼ਹਿਰ ਨਿਗਲਕੇ ਜੀਵਣ ਦਾ ਅੰਤ ਕਰ ਦਿੰਦੀ ਹੈ। ਉਸਦੀਆਂ ਦਿਮਾਗੀ ਗਿਣਤੀਆਂ ਮਿਣਤੀਆਂ ਉਸ ਲਈ ਇਹੀ ਰਸਤਾ ਤਹਿ ਕਰਦੀਆਂ ਹਨ।

10. **ਅਚਾਨਕ ਆਏ ਸਦਮੇਂ ਪ੍ਰਤੀ ਭਾਵੁਕ ਪ੍ਰਤੀਕਰਮ**:- ਜੀਵਨ ਪ੍ਰਤੀ ਵਿਗਿਆਨਕ ਸਮਝ ਦੀ ਅਣਹੋਂਦ ਕਾਰਨ ਅਸੀਂ ਨਿੱਤ ਦੇ ਵਰਤਾਰਿਆਂ ਨੂੰ ਅਲੌਕਕ ਘਟਨਾਵਾਂ ਵਜੋਂ ਦੇਖਣ ਦੇ ਆਦੀ ਹੋ ਜਾਂਦੇ ਹਾਂ। ਅਸੀਂ ਅਰਦਾਸਾਂ ਰਾਹੀਂ ਸੰਕਟ ਮੋਚਨ ਹੋਣ ਦਾ ਯਤਨ ਕਰਦੇ ਹਾਂ। ਪਰ ਅਜਿਹਾ ਸੰਭਵ ਨਹੀਂ। ਰੋਜ਼ ਪਾਠ ਕਰਨ ਵਾਲੇ ਗ੍ਰੰਥੀ ਅਤੇ ਪੂਜਾ ਕਰਨ ਵਾਲੇ ਬ੍ਰਾਹਮਣ ਨੂੰ ਵੀ ਸਭ ਸੰਕਟਾਂ ਵਿੱਚੋਂ ਗੁਜਰਨਾ ਪੈਂਦਾ ਜਿਹੜੇ ਆਮ ਸਧਾਰਨ ਮਨੁੱਖ ਤੇ ਆਉਂਦੇ ਹਨ। ਕੈਂਸਰ ਨਾਲ ਇਹ ਵੀ ਮਰਦੇ ਹਨ। ਸਦਮਿਆਂ ਤੋਂ ਘਬਰਾਕੇ ਖੁਦਕਸ਼ੀ ਕਰਨ ਨਾਲੋਂ ਜੀਵਨ ਦੇ ਸੰਘਰਸ਼ ਦੀ ਕੜੀ ਹੋਰ ਅੱਗੇ ਤੋਰਨ ਦੀ ਸਾਰਥਿਕ ਪਹੁੰਚ ਦੀ ਜਰੂਰਤ ਹੈ।

11. **ਧਾਰਮਿਕ ਕਾਰਨ** :- ਗੱਲ ਮਾਰਚ 1997 ਦੀ ਹੈ ਜਦੋਂ ਕਨੇਡਾ ਦੇ ਸ਼ਹਿਰ ਕਿਉਬੈਕ ਦੀ ਪੁਲਿਸ ਦੇ ਸੇਂਟ ਕੈਸਮਿਰ ਕਸਬੇ ਦੇ ਪੰਜ ਬੰਦਿਆਂ ਦੇ ਸਮੂਹਕ ਖੁਦਕਸ਼ੀ ਕਰਨ ਦੀ ਘਟਨਾ ਸਾਹਮਣੇ ਆਈ। ਇਹ ਇਕ ਧਾਰਮਿਕ ਫਿਰਕੇ 'ਸੋਲਰ ਟੈਂਪਲ ਕਲਟ' ਦੇ ਮੈਂਬਰ ਸਨ। ਇਸ ਨੂੰ ਲਿਊਕ ਜੌਰੈਟ ਅਤੇ ਉਸਦਾ ਸਹਾਇਕ ਯੂਸਫ ਡੀ ਮੈਮਬਰੋ ਚਲਾ ਰਹੇ ਸਨ। ਇਸ ਫਿਰਕੇ ਨਾਲ ਜੁੜੇ ਬਹੁਤੇ ਲੋਕ ਅਮੀਰ ਕਾਰੋਬਾਰੀ ਸਨ। 1994 ਵਿੱਚ ਸਵਿਟਜ਼ਰਲੈਂਡ ਵਿਚ ਇਸ ਫਿਰਕੇ ਦੇ 22 ਮੈਂਬਰਾਂ ਨੇ ਫਿਰਕੇ ਦੀ ਬਿਲਡਿੰਗ ਸਮੇਤ ਆਪਣੇ ਆਪ ਨੂੰ ਅੱਗ ਦੀਆਂ ਲਪਟਾਂ ਦੇ ਹਵਾਲੇ ਕਰ ਦਿੱਤਾ। ਜਿਸ ਵਿਚ ਲਿਊਕ ਜੌਰੈਟ ਅਤੇ ਉਸਦਾ ਸਹਾਇਕ ਵੀ ਸ਼ਾਮਲ ਸੀ । ਸਾਮ ਤੱਕ ਇਹ ਗਿਣਤੀ 53 ਤੇ ਪੁਜ ਗਈ। ਇਹ ਇਕ ਅੰਧਵਿਸ਼ਵਾਸ ਕਾਰਨ ਵਾਪਰਿਆ। ਜੌਰੈਟ ਨੇ ਭਵਿੱਖਬਾਣੀ ਕੀਤੀ ਸੀ ਕਿ ਜਲਦੀ ਹੀ ਦੁਨੀਆ ਅੱਗ ਦੇ ਹਵਾਲੇ ਹੋਣ ਵਾਲੀ ਹੈ। ਜਿਹੜਾ ਇਸ ਹੋਣੀ ਤੋਂ ਪਹਿਲਾਂ ਆਪਣੇ ਆਪ ਨੂੰ, ਉਸ ਅਨੁਸਾਰ ਦੱਸੀਆਂ ਧਾਰਮਿਕ ਰਸਮਾਂ ਕਰਕੇ ਅੱਗ ਦੇ ਹਵਾਲੇ ਕਰ ਦੇਵੇਗਾ, ਉਹ ਇਕ ਹੋਰ ਸਤਾਰੇ ਸਿਰੀਅਸ ਤੇ ਮੁੜ ਜਨਮ ਲੈ ਲਵੇਗਾ ਅਤੇ ਜਿੰਨ੍ਹਾਂ ਅਜਿਹਾ ਨਾ ਕੀਤਾ, ਉਹਨਾਂ ਨੂੰ ਉੱਥੇ ਸਥਾਨ ਨਹੀਂ ਮਿਲੇਗਾ। ਇਸਨੂੰ ਉਸਨੇ 'ਮੌਤ ਯਾਤਰਾ' ਦਾ ਨਾਮ ਦਿੱਤਾ। ਮਨੁੱਖ ਅੰਦਰ ਕਈ ਕਿਸਮ ਦੇ ਡਰ, ਇੱਛਾਵਾਂ ਤੇ ਆਸਾਂ ਪਈਆਂ ਹੁੰਦੀਆਂ ਹਨ। ਜਦ ਇਹਨਾਂ ਦੀ ਨਵਿਰਤੀ ਜਾਂ ਪੂਰਤੀ ਲਈ ਉਹ ਇਕ ਵਾਰ ਕਿਸੇ ਖਾਸ ਕਿਸਮ ਦੇ ਵਿਵਹਾਰ ਨੂੰ ਅਪਣਾ ਲਵੇ, ਭਾਵੇਂ ਉਹ ਕੋਰਾ ਅੰਧਵਿਸ਼ਵਾਸ ਕਿਉਂ ਨਾ ਹੋਵੇ ਤਾਂ ਇਸ ਵਿਵਹਾਰ ਦੀ ਲਗਾਤਾਰਤਾ ਉਸਨੂੰ ਇਸਦਾ ਆਦੀ ਬਣਾ ਦਿੰਦੀ ਹੈ। ਉਹ ਇਸ ਨੂੰ ਸਿੱਧ ਕਰਨ ਲਈ ਸਵੈ-ਘੜੀਆਂ ਦਲੀਲਾਂ ਦਾ ਕਵਚ ਪ੍ਰਦਾਨ ਕਰ ਲੱਗ ਜਾਂਦਾ ਹੈ। ਇਹ ਇਕ ਮਾਨਸਿਕ ਬੀਮਾਰੀ ਹੈ ਜਿਸਨੂੰ ਮਨੋਵਿਗਿਆਨ ਦੀ ਭਾਸ਼ਾ ਵਿਚ O.C.P. ਕਿਹਾ ਜਾਂਦਾ ਹੈ ਭਾਵ ਉਸ ਅੰਦਰ ਕਿਸੇ ਦੈਵੀ ਸ਼ਕਤੀ ਦੀ ਹੋਂਦ ਦਾ ਅਹਿਸਾਸ ਬੁਰੀ ਤਰਾਂ ਘਰ ਕਰ ਜਾਂਦਾ ਹੈ। ਭਾਰਤ ਵਿਚ ਸਤੀ ਦੀ ਰਸਮ ਵੀ ਧਾਰਮਿਕ ਵਰਤਾਰਾ ਹੀ ਸੀ। ਅੰਧਵਿਸ਼ਵਾਸ ਸੀ ਕਿ ਪਤੀ ਦੀ ਮੌਤ ਉਪਰੰਤ ਉਸਦੀ ਚਿਖਾ ਵਿਚ ਸੜ੍ਹਨ ਵਾਲੀ ਪਤਨੀ ਅਗਲੇ ਜਨਮ ਵਿਚ ਵੀ ਉਸਦੀ ਪਤਨੀ ਬਣੇਗੀ। ਅਖੌਤੀ ਦੇਵਤਿਆਂ ਨੂੰ ਖੁਸ਼ ਕਰ ਲਈ ਮਨੁੱਖੀ ਬਲੀ ਵੀ ਇਹੋ ਵਰਤਾਰਾ ਹੈ। ਅਰਬ ਮੁਲਖਾਂ ਅੰਦਰ ਧਾਰਮਿਕ ਜ਼ਹਾਦ ਦੇ ਨਾਮ ਹੇਠ ਨੌਜਵਾਨ ਪੀੜ੍ਹੀ ਨੂੰ ਸਰੀਰਾਂ ਨਾਲ ਬੰਬ ਬੰਨ੍ਹਕੇ ਕੁਰਬਾਨ ਹੋਣ ਲਈ ਮਾਨਸਿਕ ਤੌਰ ਤੇ ਖੁਦਕਸ਼ੀ ਕਰਨ ਲਈ ਤਿਆਰ ਕੀਤਾ ਜਾਂਦਾ ਹੈ।

ਅੰਤ ਤੇ ਇਹੀਂ ਕਿਹਾ ਜਾ ਸਕਦਾ ਕਿ ਖੁਦਕਸ਼ੀਆਂ ਦੇ ਵਰਤਾਰੇ ਦੇ ਅਨੇਕਾਂ ਕਾਰਨ ਹਨ। ਪੰਜਾਬ ਅੰਦਰ ਜਥੇਬੰਦ ਸੰਘਰਸ਼ ਦੀ ਥਾਂ ਖੁਦਕੁਸ਼ੀ ਕਰਕੇ ਮੰਗਾਂ ਦੀ ਪ੍ਰਾਪਤੀ ਦਾ ਇਕ ਹੋਰ ਨਕਾਰਤਮਕ ਪੱਖ ਉਭਰ ਰਿਹਾ ਹੈ ਜੋ ਸਮਾਜ ਲਈ ਅਤਿ ਖਤਰਨਾਕ ਰੁਝਾਨ ਹੈ। ਲੋੜ ਹੈ ਕਿ ਅਸੀਂ ਜਥੇਬੰਦ ਹੋ ਕੇ ਸਰਮਾਏਦਾਰੀ ਪ੍ਰਬੰਧ ਖਿਲਾਫ਼ ਆਪਣੇ ਹੱਕਾਂ ਦੀ ਅਤੇ ਪ੍ਰਬੰਧ ਦੀ ਤਬਦੀਲੀ ਦੀ ਲੜਾਈ ਤੇਜ ਕਰੀਏ। **98147-32122**

ਵਿਗਿਆਨ ਅਤੇ ਧਰਮ

-ਅਵਤਾਰ ਗੋਂਦਾਰਾ

ਵਿਗਿਆਨ ਅਤੇ ਧਰਮ ਦੇ ਆਪਸੀ ਵਿਰੋਧ ਅਤੇ ਪਰਸਪਰ ਪੂਰਕ ਹੋਣ ਦੀ ਗੱਲ ਅਕਸਰ ਕੀਤੀ ਜਾਂਦੀ ਹੈ। ਆਪਣੇ ਦਾਅਵੇ ਦੀ ਪੁਸ਼ਟੀ ਲਈ, 'ਵਿਗਿਆਨ ਧਰਮ ਬਿਨ੍ਹਾਂ ਅੰਨ੍ਹਾਂ, ਅਤੇ ਧਰਮ ਵਿਗਿਆਨ ਬਿਨ੍ਹਾਂ ਲੂਲਾ ਹੈ', ਦੀ ਟੂਕ ਦਾ ਆਸਰਾ ਲਿਆ ਜਾਂਦਾ ਹੈ। ਕਈ ਵਿਗਿਆਨ ਨੂੰ ਪ੍ਰਤੱਖ ਸੱਚਾਈਆਂ ਅਤੇ ਧਰਮ ਨੂੰ 'ਅੰਤਮ ਸੱਚਾਈਆਂ' ਦਾ ਭਾਲੂ ਕਹਿੰਦੇ ਹਨ। ਕੁਝ ਵਿਗਿਆਨ ਅਤੇ ਵਿਗਿਆਨਕ ਖੋਜਾਂ, ਮੀਡੀਆ, ਸੰਚਾਰ ਸਾਧਨਾਂ ਦੀ ਦੂਜੀਆਂ ਕੌਮਾਂ ਨੂੰ ਗੁਲਾਮ ਬਨਾਉਣ 'ਚ ਹਿੱਸੇਦਾਰੀ, ਕੁਦਰਤ ਨੂੰ ਟਿੱਚ ਸਮਝਣ ਦਾ ਯਤਨ, ਵਿਗਿਆਨ ਦੁਆਰਾ ਮੌਤ ਦੇ ਸਮੇਂ ਅਤੇ ਖੁਸ਼ੀ-ਗਮੀ ਬਾਰੇ ਭਵਿਖਬਾਣੀ ਨਾ ਕਰਨਾ, ਸਨਅਤੀ ਅਤੇ ਹਰੀ ਕ੍ਰਾਂਤੀ ਦੁਆਰਾ ਮਨੁੱਖੀ ਸਿਹਤ ਅਤੇ ਵਾਤਾਵਰਣ ਨਾਲ ਖਿਲਵਾੜ ਦੇ ਦੂਸ਼ਣ ਲਾਉਂਦੇ ਹਨ। ਕਈਆਂ ਦਾ ਮੰਨਣਾ ਹੈ ਕਿ ਕੁਦਰਤ, ਮਨੁੱਖੀ ਖੁਨਾਮੀਆਂ ਦਾ, ਭੂਚਾਲਾਂ, ਮਹਾਂਮਾਰੀਆਂ ਅਤੇ ਸੁਨਾਮੀਆਂ ਰਾਹੀਂ ਬਦਲਾ ਲੈਂਦੀ ਹੈ ਅਤੇ ਵਿਗਿਆਨ ਨੂੰ ਧਰਮ ਦੀ ਸ਼ਰਣ ਹੇਠ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ।

ਬਹੁਤੇ ਲੇਖਾਂ ਵਿੱਚ, ਖਿਆਲਾਂ ਦੀ ਧੜ ਲਾਈ ਹੁੰਦੀ ਹੈ ਅਤੇ ਪਾਠਕ ਤੂੜੀ ਨਾਲੋਂ ਦਾਣਿਆਂ ਨੂੰ ਵੱਖ ਕਰਨ ਵਿੱਚ ਹੀ ਗੁਆਚ ਜਾਂਦੇ ਹਨ। ਉਸ ਦੀ ਝੋਲੀ ਵਿੱਚ ਸਪਸ਼ਟਤਾ ਦੇ ਦਾਣੇ ਭਾਵੇਂ ਨਾ ਪੈਣ, ਪਰ ਸਿਰ ਰੀਣ ਨਾਲ ਜਰੂਰ ਭਰ ਜਾਂਦਾ ਹੈ। ਇਸ ਤਰ੍ਹਾਂ ਬਹੁਤੇ ਖਿਆਲਾਂ ਨੂੰ ਇੱਕ ਹੀ ਲੇਖ ਵਿੱਚ ਸਮੇਟਣ ਦੀ ਕੋਸ਼ਿਸ਼ ਨਾਲ, ਕਿਸੇ ਵੀ ਵਿਸ਼ੇ ਨਾਲ ਇਨਸਾਫ ਨਹੀਂ ਹੁੰਦਾ। ਤਾਂ ਵੀ ਉਕਤ ਧਾਰਨਾਵਾਂ ਬਾਰੇ ਸੰਖੇਪ ਟਿੱਪਣੀਆਂ ਕਰਨਾ ਜਰੂਰੀ ਲਗਦਾ ਹੈ ਤਾਂ ਜੋ ਇੰਨ੍ਹਾਂ ਅਹਿਮ ਨੁਕਤਿਆਂ ਤੇ ਹੋਰ ਵੀ ਭਰਵੀਂ ਵਿਚਾਰ-ਚਰਚਾ ਜਾਰੀ ਰਹੇ। ਇੱਕ ਗੱਲ ਚੇਤੇ ਰੱਖਣ ਵਾਲੀ ਹੈ ਕਿ 'ਵਿਗਿਆਨ' ਅਤੇ 'ਧਰਮ' ਦੋ ਵੱਖੋਂ ਵੱਖਰੇ ਸੰਕਲਪ ਹਨ। ਵਾਇਰਸ ਵਾਂਗ, ਨਿਰਜਿੰਦ। ਕਿਤਾਬਾਂ ਜਾਂ ਗ੍ਰੰਥਾਂ ਵਿੱਚ ਪਏ ਕੁਝ ਨਹੀਂ ਕਹਿੰਦੇ। ਨਾ ਆਪ ਕੁਝ ਕਰਦੇ ਹਨ। ਤੁਸੀਂ ਇਕ ਸਫੇ ਤੇ ਧਾਰਮਿਕ ਤੁਕਾਂ ਅਤੇ ਆਈਨਸਟੀਨ ਦੀ ਊਰਜਾ ਵਾਲੀ ਕੁਟੇਸ਼ਨ ਲਿਖ ਕੇ ਅਲਮਾਰੀ ਵਿੱਚ ਰੱਖ ਦਿਓ, ਉਨ੍ਹਾਂ ਦਾ ਝਗੜਾ ਨਹੀਂ ਹੋਵੇਗਾ। ਪਰ ਇਹੀਂ ਸੰਕਲਪ ਜਦੋਂ ਜਿਉਂਦੇ ਜਾਗਦੇ ਮਨੁੱਖਾਂ ਦੇ ਦਿਮਾਗ ਵਿੱਚ ਬੈਠ ਜਾਂਦੇ ਹਨ, ਤਾਂ ਅਸੀਮ ਸ਼ਕਤੀ ਦਾ ਰੂਪ ਧਾਰ ਲੈਂਦੇ ਹਨ, ਤਬਾਹੀ ਜਾਂ ਸਿਰਜਣਾ ਦਾ ਸਾਧਨ ਬਣਦੇ ਹਨ। ਇਸ ਲਈ ਅਸਲੀ ਸੁਆਲ ਧਰਮ ਅਤੇ ਵਿਗਿਆਨ ਦੇ ਆਪਸੀ ਵਿਰੋਧ ਦੇ ਨਾਲ ਨਾਲ, ਵਿਗਿਆਨਕ ਅਤੇ ਧਾਰਮਿਕ ਪਹੁੰਚ ਦਾ, ਵਿਧੀ ਦਾ ਬਣਦਾ ਹੈ। ਅਸਲੀ ਲੜਾਈ ਇੰਨ੍ਹਾਂ ਦੇ ਵਾਹਕ ਮਨੁੱਖਾਂ (ਵਰਗਾਂ) ਦੀ ਹੈ, ਇਕੱਲੇ ਸੰਕਲਪਾਂ ਦੀ ਨਹੀਂ।

ਇੱਕ ਵਿਦਵਾਨ ਦਾ ਕਥਨ ਹੈ ਕਿ ਵਿਗਿਆਨ,'ਪ੍ਰਤੱਖ ਸੱਚਾਈਆਂ' ਨੂੰ ਸਮਝਣ ਅਤੇ ਧਰਮ 'ਸਦੀਵੀਂ ਜਾਂ ਅੰਤਮ ਸੱਚਾਈਆਂ'ਨੂੰ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਪੰਜੇ ਗਿਆਨ ਇੰਦਰੀਆਂ ਰਾਹੀਂ ਪ੍ਰਾਪਤ ਹੋਣ ਵਾਲੀਆਂ ਸੂਚਨਾਵਾਂ ਨੂੰ, ਪ੍ਰਤੱਖ ਸੱਚਾਈਆਂ ਕਿਹਾ ਗਿਆ ਹੈ। ਜਿਸ ਵਿੱਚ ਦੇਖਣਾ, ਸੁਣਨਾ, ਸੁੰਘਣਾ, ਛੂੰਹਣਾ ਅਤੇ ਚੱਖਣਾ ਆ ਜਾਂਦੇ ਹਨ। ਵਿਗਿਆਨੀ ਦਸਦੇ ਹਨ, ਕਿ ਸਾਰੀਆਂ ਗਿਆਨ ਇੰਦਰੀਆਂ, ਬਾਹਰੀ ਸੰਸਾਰ ਬਾਰੇ, ਸਿਰਫ ਤੱਥ ਦੱਸਦੀਆਂ ਹਨ, ਸੱਚਾਈ ਨਹੀਂ ਦੱਸਦੀਆਂ, ਮਗਰਲਾ ਕੰਮ ਦਿਮਾਗ ਕਰਦਾ ਹੈ, ਜਿਸ ਵਿੱਚ ਭਾਸ਼ਾ, ਰੀਜਨਿੰਗ, ਤਰਕ, ਦਲੀਲ, ਕਲਪਨਾ, ਛਾਣਬੀਣ, ਪੜਤਾਲ ਆਦਿ ਕਈ ਟੂਲਜ ਵਰਤੇ ਜਾਂਦੇ ਹਨ। ਅੱਖਾਂ ਨੂੰ (ਇੰਦਰਿਆਵੀ ਸੂਚਨਾ), ਪਾਣੀ ਦੇ ਭਰੇ ਗਿਲਾਸ ਵਿੱਚ ਪਈ ਪੈਂਸਲ ਟੁੱਟੀ ਨਜਰ ਆਉਂਦੀ ਹੈ ਅਤੇ ਮਾਰੂਥਲ ਵਿੱਚ ਦਿਸਦੀ ਮਿਰਗਤ੍ਰਿਸ਼ਨਾ ਪਾਣੀ, ਜੋ ਕਿ ਸੱਚਾਈ ਨਹੀਂ, ਝੂਠ ਹਨ। ਹਨੇਰੇ 'ਚ ਰੱਸੀ ਨੂੰ ਤਾਂ ਕਈਆਂ ਨੇ ਸੱਪ ਸਮਝਿਆ ਹੋਣੈ। ਵਿਗਿਆਨ ਦਾ ਕੰਮ ਇੱਥੋਂ ਹੀ ਸ਼ੁਰੂ ਹੁੰਦਾ ਹੈ, ਉਹ ਪ੍ਰਤੱਖ (ਇੰਦਰਿਆਵੀ) ਜਾਣਕਾਰੀ ਤੱਕ ਸੀਮਤ ਨਹੀਂ ਰਹਿੰਦਾ, ਬਲਕਿ, ਬਾਤਨ (Latent) ਨੂੰ ਜਾਣਨ ਦੀ ਕੋਸ਼ਿਸ਼ ਕਰਦਾ ਹੈ। ਵਿਗਿਆਨ ਦਾ ਸਫਰ ਦਿੱਖ (Appearance/Sensual Information) ਤੋਂ ਸਾਰ (Essence/Reasoning /Science) ਵੱਲ ਲਗਾਤਰ ਜਾਣਾ ਹੁੰਦਾ ਹੈ। ਅਣਗਿਣਤ ਵਿਗਿਆਨਕ ਲੱਭਤਾਂ ਹਨ, ਜੋ ਇੰਦਰਿਆਵੀ ਅਨੁਭਵ ਵਿੱਚ ਕਦੇ ਆ ਨਹੀਂ ਸਕਦੀਆਂ। ਜਿਵੇਂ ਐਟਮ ਦੀ ਬਣਤਰ, ਥਿਊਰੀ ਆਫ ਰੈਲੇਟਿਵਟੀ, ਥਿਊਰੀ ਆਫ ਅਨਸਰਟੇਨਟੀ, ਕੁਆਂਟਮ ਮੈਕੈਨਿਕਸ ਆਦਿ ਦੀ ਲੰਮੀ ਲੜੀ ਹੈ। ਵਿਗਿਆਨ ਕਦੇ ਵੀ ਅੰਤਮ ਸੱਚਾਈਆਂ ਦਾ ਦਾਅਵਾ ਨਹੀਂ ਕਰਦਾ। ਕਿਉਂਕਿ ਇਸਦੀਆਂ ਲੱਭਤਾਂ (ਸੱਚਾਈਆਂ), ਇਕ ਪੱਖੋਂ ਸਾਪੇਖਿਕ (Relative) ਹਨ ਅਤੇ ਲੱਭਤਾਂ ਦਾ ਨਾ ਮੁੱਕਣ ਵਾਲਾ, ਇਹ ਸਿਲਸਿਲਾ ਨਿਰੰਤਰ ਜਾਰੀ ਰਹਿੰਦਾ ਹੈ। ਜੇ ਬ੍ਰਹਿਮੰਡ ਅਸੀਮ ਹੈ ਤਾਂ ਇਸ ਦੀ ਖੋਜ ਦੀ ਵੀ ਕੋਈ ਸੀਮਾ ਨਹੀਂ।

ਹੁਣ ਧਰਮ ਦੁਆਰਾ ਲੱਭੀਆਂ ਅਖੌਤੀ ਅੰਤਮ ਜਾਂ ਸਦੀਵੀ ਸੱਚਾਈਆਂ ਵੱਲ ਆਈਏ। 'ਅੰਤਮ ਸੱਚਾਈ' ਇਕ ਹੀ ਹੋ ਸਕਦੀ ਹੈ, ਅਣਗਿਣਤ ਨਹੀਂ। ਜੇ ਸੱਚਾਈਆਂ ਇਕ ਤੋਂ ਵੱਧ ਹਨ, ਤਾਂ ਕੋਈ ਵੀ ਆਪਣੇ ਆਪ ਵਿੱਚ ਅੰਤਮ ਹੋਣ ਦਾ ਦਰਜਾ ਪ੍ਰਾਪਤ ਨਹੀਂ ਕਰ ਸਕਦੀ। ਦੁਨੀਆਂ ਦੇ ਮੁੱਖ ਧਰਮਾਂ ਨੇ ਇੱਕੋ ਇੱਕ

ਅੰਤਮ ਸੱਚਾਈ ਲੱਭਣ ਦਾ ਦਾਅਵਾ ਕੀਤਾ ਹੈ, ਉਹ ਹੈ ਰੱਬ। ਇਸ ਲੱਭਤ ਦਾ ਆਧਾਰ, ਇਲਹਾਮ, ਦੇਵਤੇ ਦੇ ਦਰਸ਼ਨ (ਨਿੱਜੀ ਪ੍ਰਤੀਤੀ) ਹੈ। ਇਸ ਵਿੱਚ ਵਿਗਿਆਨ ਦੇ ਟੂਲਜ ਜਿਵੇਂ-ਮਨੁੱਖੀ-ਅਕਲ, ਦਲੀਲ, ਵਿਸ਼ਲੇਸ਼ਣ, ਸੰਸਲੇਸ਼ਣ, ਪਰਖ, ਪੜਤਾਲ ਜਾਂ ਪ੍ਰਯੋਗ ਦਾ ਕੋਈ ਰੋਲ ਨਹੀਂ। ਇਸ ਤੋਂ ਬਿਨ੍ਹਾਂ ਹੋਰ ਅੰਤਮ ਸੱਚਾਈ ਦੇ ਲੱਭੇ ਜਾਣ ਦੀ ਕਦੇ ਭਿਣਕ ਨਹੀਂ ਪਈ, ਜੇ ਕਿਸੇ ਨੂੰ ਪਤਾ ਹੋਵੇ ਤਾਂ ਉਸ ਨੂੰ ਇਹ ਜਾਣਕਾਰੀ ਪਾਠਕਾਂ ਨਾਲ ਸਾਂਝੀ ਕਰਨੀ ਚਾਹੀਦੀ ਹੈ। ਇਹ ਲੱਭਤ ਵੀ ਹਰ ਮੱਤ ਦੇ ਮੋਢੀ ਦੀ ਹੁੰਦੀ ਹੈ। ਉਸ ਤੋਂ ਬਾਅਦ 'ਖੋਜ' ਦਾ ਕਾਰਜ ਬੰਦ ਹੋ ਜਾਂਦਾ ਹੈ ਕਿਉਂਕਿ ਵੱਖ ਵੱਖ ਧਰਮਾਂ ਦੇ ਪੈਰੋਕਾਰ, ਮੋਢੀ ਦੁਆਰਾ ਲੱਭੀ 'ਸੱਚਾਈ' ਦਾ ਗੁਣਗਾਣ, ਵਿਆਖਿਆ ਤੇ ਪ੍ਰਚਾਰ ਹੀ ਕਰਦੇ ਜਾਂ ਕਰ ਸਕਦੇ ਹਨ। ਇਸ ਵਿੱਚ ਵਾਧਾ ਘਾਟਾ ਕਰਨ ਦੀ ਜੁਰਅਤ ਨਹੀਂ ਕਰ ਸਕਦੇ। 'ਧਾਰਮਿਕ ਸੱਚਾਈਆਂ' ਦੀ ਵਿਡੰਬਣਾ ਹੈ, ਗੂੰਗੇ ਦੇ ਗੁੜ ਖਾਣ ਵਾਂਗ, ਇਹ ਨਿੱਜ ਤੱਕ ਰਹਿੰਦੀਆਂ ਹਨ। ਤੁਸੀਂ ਇੰਨ੍ਹਾਂ ਨੂੰ ਮੰਨ ਤਾਂ ਸਕਦੇ ਹੋ, ਇਨ੍ਹਾਂ ਤੇ ਕਿੰਤੂ-ਪ੍ਰੰਤੂ ਨਹੀਂ ਹੋ ਸਕਦਾ, ਪਰਖ ਨਹੀਂ ਕੀਤੀ ਜਾ ਸਕਦੀ। ਪੁਣਛਾਣ ਦੀ ਕੋਸ਼ਿਸ਼, ਤੁਹਾਨੂੰ 'ਧਾਰਮਿਕ ਭਾਵਨਾਵਾਂ ਨੂੰ ਠੇਸ' ਦੇ ਦੋਸ਼ 'ਚ ਜੇਲ੍ਹ ਭੇਜ ਸਕਦੀ ਹੈ, ਜਾਂ ਤੁਹਾਡੇ 'ਸਿਰ ਕਲਮ ਕਰਨ' ਦਾ ਇਨਾਮ ਰੱਖਿਆ ਜਾ ਸਕਦਾ ਹੈ। ਕਿਸੇ ਇੱਕ ਧਰਮ ਦੀ ਅੰਤਮ ਸੱਚਾਈ, ਦੂਜੇ ਨਾਲ ਮੇਲ ਵੀ ਨਹੀਂ ਖਾਂਦੀਂ। ਵਿਦਵਾਨਾਂ ਮੁਤਾਬਿਕ ਏਕ ਈਸ਼ਵਰਵਾਦੀ (**Monotheist**) ਧਰਮਾਂ ਦੇ 'ਰੱਬ' ਇਕ ਦੂਜੇ ਨਾਲ ਮੇਲ ਨਹੀਂ ਖਾਂਦੇ। ਉਨਾਂ ਦੀ ਇਕ ਦੂਜੇ ਨਾਲੋਂ ਵਿਲਖਣਤਾ ਬਾਰੇ ਮਣਾਂ ਮੂੰਹੀਂ ਲਿਖਿਆ ਗਿਆ ਹੈ। ਸਾਰਿਆਂ ਦੀਆਂ ਵੱਖੋਂ ਵੱਖ ਖਾਸੀਅਤਾਂ ਗਿਣਾਈਆਂ ਜਾਂਦੀਆਂ ਹਨ। ਉਂਝ ਵੀ ਜੇ ਫਲਸਫਾ ਜਾਂ ਸੱਚਾਈ ਇੱਕ ਹੋਵੇ ਤਾਂ ਬਹੁਤੇ ਧਰਮਾਂ ਦੀ ਲੋੜ ਨਹੀਂ, ਇੱਕ ਧਰਮ ਦੀਆਂ ਸੱਚਾਈਆਂ ਦਾ ਵੱਖੋ ਵੱਖ ਭਾਸ਼ਾਵਾਂ ਅਤੇ ਮੁਹਾਵਰੇ ਵਿੱਚ ਉਲੱਥਾ ਕਰ ਕੇ ਕੰਮ ਚਲਾਇਆ ਜਾ ਸਕਦਾ ਹੈ। ਸਾਰੇ ਜੀਵਾਂ ਦੇ 'ਇੱਕੋ ਨੂਰ' ਚੋਂ ਉਪਜੇ ਹੋਣ ਦੇ ਲੱਖ ਦਾਅਵੇ ਕੀਤੇ ਜਾਣ, ਹਰ ਮੱਤ/ਧਰਮ ਦੇ ਪ੍ਰਚਾਰਕ ਆਪੋ ਆਪਣੇ ਧਰਮ ਦੀ ਵਿਲੱਖਣਤਾ ਨੂੰ ਉਭਾਰਨ ਲਈ ਟਿੱਲ ਲਾਈ ਜਾਂਦੇ ਹਨ। ਸਾਰੇ ਧਰਮਾਂ ਦੇ ਕੁਦਰਤ ਅਤੇ ਵਰਤਾਰਿਆਂ ਬਾਰੇ ਸੱਚ (ਸੰਕਲਪ) ਵੀ ਆਪਾ ਵਿਰੋਧੀ ਹਨ। ਇੱਕ ਕਹਿੰਦਾ ਹੈ ਕਿ ਦੁਨੀਆ 'ਛਿਣ' ਵਿੱਚ ਸਿਰਜੀ ਗਈ, ਦੂਜਾ ਕਹਿੰਦਾ ਹੈ ਛੇ ਦਿਨ ਲੱਗੇ ਤੇ ਕਿਸੇ ਹੋਰ ਦਾ ਮੱਤ ਵੱਖਰਾ ਹੈ। ਹਿੰਦੂ ਪੁਨਰ-ਜਨਮ ਵਿੱਚ ਯਕੀਨ ਕਰਦੇ ਹਨ, ਪਰ ਇਸਾਈ ਤੇ ਮੁਸਲਮਾਨ ਨਹੀਂ। ਉਨ੍ਹਾਂ ਦੀਆਂ 'ਰੂਹਾਂ' ਕਬਰਾਂ ਵਿੱਚ, ਹਸ਼ਰ ਦੇ ਦਿਨ ਤੱਕ ਵਾਸ ਕਰਦੀਆਂ ਹਨ, ਜੂਨਾਂ ਵਿਚ ਨਹੀਂ ਪੈਂਦੀਆਂ। ਜੇ ਧਰਤੀ 'ਚ ਗੁਰੂਤਾ ਖਿੱਚ ਹੈ, ਤਾਂ ਉਹ ਹਰ ਕਿਤੇ ਹੈ। ਸਾਰੇ ਦੇਸ਼ਾਂ, ਧਰਮਾਂ ਵਾਲਿਆਂ ਦੁਆਰਾ ਵਰਤੇ ਜਾਂਦੇ ਪਾਣੀ ਦੀ ਅਣੂਇਕ ਬਣਤਰ (**Atomic Structure**) ਉਹੀ ਹੋਵੇਗੀ, ਜੋ ਵਿਗਿਆਨੀਆਂ ਨੇ ਦੱਸੀ ਹੈ। ਵਿਗਿਆਨਕ ਸੱਚਾਈਆਂ ਦੇ ਅੰਤਮ ਹੋਣ ਦਾ ਦਾਅਵਾ ਨਾ ਕਰਨ ਦੇ ਬਾਵਜੂਦ ਵੀ, ਇਹ 'ਲਗਭਗ ਸਦੀਵੀਂ' ਰਹਿੰਦੀਆਂ ਹਨ। ਆਮ ਤੌਰ ਤੇ ਧਾਰਮਿਕ ਸੱਚਾਈਆਂ, ਨਿੱਜੀ ਸੱਚਾਈਆਂ ਹੁੰਦੀਆਂ ਹਨ, ਇਸ ਲਈ ਇਸ ਬਾਰੇ ਦੂਜਾ ਬੰਦਾ ਨਾ ਜਾਣ ਸਕਦਾ ਹੈ, ਨਾ ਹੀ ਇਸ ਦੇ ਸੱਚ/ਝੂਠ ਦਾ ਕੋਈ ਦਾਅਵਾ ਕਰ ਸਕਦਾ। ਕਿਉਂਕਿ ਉਸ ਕੋਲ ਨਾ ਕੋਈ ਕਸੌਟੀ ਹੈ ਅਤੇ ਨਾ ਹੀ ਉਸ ਸੱਚਾਈ ਨੂੰ ਪਰਖਣ ਦਾ ਅਧਿਕਾਰ। ਧਾਰਮਿਕ ਸੱਚਾਈਆਂ ਨੂੰ, ਕੋਈ ਹੋਰ ਜਣਾ, ਸਿਵਾਏ ਧਰਮ ਗੁਰੂ ਦੇ, ਨਹੀਂ ਜਾਣਦਾ। ਧਾਰਮਿਕ ਪੈਰੋਕਾਰਾਂ ਦਾ ਇੰਨ੍ਹਾਂ ਸੱਚਾਈਆਂ ਨਾਲ, ਰਿਸ਼ਤਾ ਦੂਜੈਲਾ ਹੁੰਦਾ ਹੈ, ਉਧਾਰਾ ਹੁੰਦਾ ਹੈ, ਇਹ ਰਿਸ਼ਤਾ ਆਸਥਾ ਜਾਂ ਸ਼ਰਧਾ 'ਤੇ ਟਿਕਿਆ ਹੁੰਦਾ ਹੈ। ਜਿਵੇਂ ਕੋਈ ਤੁਹਾਨੂੰ ਆਗਰੇ ਦੇ ਤਾਜਮਹਲ ਦੀ ਖੂਬਸੂਰਤੀ ਦਾ ਬਿਰਤਾਂਤ ਸੁਣਾ ਦੇਵੇ। ਬਿਰਤਾਂਤ ਸੁਣਨਾ ਹੋਰ ਗੱਲ ਹੈ, ਤਾਜਮਹਲ ਦੇ ਸ਼ਾਖਸ਼ਾਤ ਹੋਣਾ ਹੋਰ ਗੱਲ। ਪਰ ਵਿਗਿਆਨੀਆਂ ਦੁਆਰਾ ਲੱਭੀਆਂ ਸੱਚਾਈਆਂ ਨੂੰ, ਕੋਈ ਵੀ ਹੋਰ ਬੰਦਾ ਜਾਂ ਵਿਗਿਆਨੀ ਜਾਣ ਸਕਦਾ ਹੈ, ਪਰਖ ਸਕਦਾ ਹੈ, ਸ਼ਾਖਸ਼ਾਤ ਹੋ ਸਕਦਾ ਹੈ, ਉਸ ਕੋਲ ਰੱਦ ਕਰਨ ਦਾ ਵੀ ਹੱਕ ਹੈ। ਇਸ ਲਈ ਧਰਮ ਦੁਆਰਾ, ਅੰਤਮ ਸੱਚਾਈਆਂ ਲੱਭਣ ਦੀ ਗੱਲ ਜਚਦੀ ਨਹੀਂ।

ਵਿਗਿਆਨਕ ਲੱਭਤਾਂ, ਸਨਅਤੀ, ਸੂਚਨਾ ਜਾਂ ਹਰੀ ਕ੍ਰਾਂਤੀ ਨਾਲ ਦੂਜੀਆਂ ਕੌਮਾਂ ਨੂੰ ਗੁਲਾਮ ਕਰਨ, ਉਨ੍ਹਾਂ ਦੇ ਸੱਭਿਆਚਾਰ ਤੇ ਵਾਤਾਵਰਣ ਨੂੰ ਤਬਾਹ ਕਰਨ ਬਾਰੇ ਉਜਰ ਕੀਤਾ ਜਾਂਦਾ ਹੈ। ਪਰ ਇਹ ਸਿਲਸਿਲਾ ਤਾਂ ਇੰਨ੍ਹਾਂ ਕ੍ਰਾਂਤੀਆਂ ਦੇ ਆਉਣ ਤੋਂ ਪਹਿਲਾਂ ਦਾ ਹੀ ਸ਼ੁਰੂ ਸੀ। ਜਦੋਂ ਸਿਕੰਦਰ ਦੁਨੀਆ ਫਤਹਿ ਕਰਨ ਨਿਕਲਿਆ ਸੀ, ਉਦੋਂ ਕਿਹੜੇ ਵਿਗਿਆਨ ਜਾਂ ਸੂਚਨਾ ਕ੍ਰਾਂਤੀ ਦਾ ਯੁਗ ਸੀ ? ਕੀ ਬਾਬਰ ਨੇ, ਟੈਂਕ ਅਤੇ ਜਹਾਜ ਲੈ ਕੇ ਭਾਰਤ ਤੇ ਕਬਜ਼ਾ ਕੀਤਾ ਸੀ ? ਤਕੜੀਆਂ ਕੌਮਾਂ/ਕਬੀਲਿਆਂ ਅਤੇ ਰਾਜਿਆਂ ਵੱਲੋਂ ਮਾੜਿਆਂ ਨੂੰ ਗੁਲਾਮ ਬਣਾਉਣ ਦਾ ਪੁਰਾਣਾ ਇਤਿਹਾਸ ਹੈ, ਜਦੋਂ ਅਜੇ ਵਿਗਿਆਨ ਦਾ ਨਾਂ ਨਿਸ਼ਾਨ ਨਹੀਂ ਸੀ। ਆਪਣੇ ਸਮੇਂ ਦੀਆਂ ਵਿਗਿਆਨਕ ਲੱਭਤਾਂ ਦੀ, ਭਾਵੇਂ ਉਹ ਡਾਂਗ ਹੋਵੇ ਜਾਂ ਜਹਾਜ, ਭਾਰੂ ਵਰਗਾਂ ਵੱਲੋਂ ਮਾੜਿਆਂ ਨੂੰ ਕੁੱਟਣ/ਲੁੱਟਣ ਲਈ ਕੁਵਰਤੋਂ ਹੁੰਦੀ ਆਈ ਹੈ। ਇਸ ਲਈ ਕਸੂਰ ਵਿਗਿਆਨ/ਵਿਗਿਆਨਕ ਲੱਭਤਾਂ, ਚਾਹੇ ਉਹ ਸਨਅਤੀ ਖੇਤਰ ਵਿੱਚ ਹੋਣ ਜਾਂ ਖੇਤੀਬਾੜੀ ਵਿੱਚ, ਦਾ ਨਹੀਂ ਹੈ, ਕਸੂਰ ਲੋਟੂ ਪ੍ਰਬੰਧਾਂ ਦਾ ਹੈ, ਜਿਸ ਵਿੱਚ ਇੰਨ੍ਹਾਂ ਦੀ ਦੁਰਵਰਤੋਂ ਹੁੰਦੀ ਹੈ। ਜਿੱਥੇ ਵਿਤਕਰਾ ਹੈ, ਨਾ ਬਰਾਬਰੀ ਹੈ, ਵਸੀਲਿਆਂ ਦੀ ਕਾਣੀ ਵੰਡ ਹੈ, ਜਿੱਥੇ ਕਿਸੇ ਵੀ ਚੀਜ ਦੀ ਵਰਤੋਂ, ਮਾਨਵੀ ਲੋੜਾਂ ਲਈ ਨਹੀਂ, ਬਲਕਿ ਮੁਨਾਫੇ ਲਈ ਹੁੰਦੀ ਹੋਵੇ, ਉੱਥੇ ਇੰਨ੍ਹਾਂ ਲੱਭਤਾਂ ਦੀ ਦੁਰਵਰਤੋਂ ਅਟੱਲ ਹੈ। ਲੋਟੂ ਪ੍ਰਬੰਧਾਂ ਵਿੱਚ ਵਿਗਿਆਨਕ ਖੋਜਾਂ ਦੀ ਤਾਂ ਗੱਲ ਛੱਡੋ, ਧਾਰਮਿਕ 'ਲੱਭਤਾਂ'/ਸੰਸਥਾਵਾਂ ਦਾ ਵੀ

ਦੁਰਪ੍ਰਯੋਗ ਹੁੰਦਾ ਹੈ। ਕੀ, ਦੁਨੀਆ ਭਰ ਵਿੱਚ ਭਾਰੂ ਧਿਰਾਂ ਵਲੋਂ, ਰਾਜ-ਧਰਮਾਂ ਨੂੰ, ਸੱਤਾ 'ਤੇ ਕਬਜ਼ਾ ਕਰਨ ਜਾਂ ਕਬਜ਼ਾ ਬਣਾਈ ਰੱਖਣ ਲਈ ਨਹੀਂ ਵਰਤਿਆ ਗਿਆ, ਜਾਂ ਜਾ ਰਿਹਾ ਹੈ। ਇਸਾਈਆਂ ਤੇ ਇਸਲਾਮ ਵਾਲਿਆਂ ਨੇ ਕੀ ਕੀਤਾ ? ਅਕਾਲੀ ਤੇ ਬੀ.ਜੇ.ਪੀ. ਵਾਲੇ ਕੀ ਕਰ ਰਹੇ ਹਨ ? ਰੌਲਾ ਵਿਗਿਆਨ ਦੀਆਂ ਖਾਮੀਆਂ ਦਾ ਨਹੀਂ, ਮੁਨਾਫੇ ਅਤੇ ਲੁੱਟ ਆਧਾਰਿਤ ਰਾਜਸੀ/ਸਮਾਜਿਕ ਪ੍ਰਬੰਧਾਂ ਦਾ ਹੈ, ਜਿਸ ਵਿੱਚ ਹਰ ਚੀਜ ਵਿਕਾਊ ਹੈ, ਹਰ ਚੀਜ ਸਣੇ ਕਲਾ, ਗਿਆਨ, ਵਿਗਿਆਨ, ਧਰਮ, ਮੁਨਾਫੇ ਦੇ ਨੇਮ ਤਹਿਤ ਹੈ, ਇੱਥੇ ਅਖੌਤੀ 'ਸਰਬ ਸ਼ਕਤੀਮਾਨ' ਦਾ ਵੀ ਵਹੁ ਨਹੀ ਪੈਂਦਾ। ਜੇ ਕਿਸੇ ਨੂੰ ਵਾਕਿਆ ਹੀ ਲੋਕਾਂ ਦਾ, ਧਰਤੀ ਦਾ, ਵਾਤਾਵਰਣ ਦੇ ਪਲੀਤ ਹੋਣ ਦਾ ਦਰਦ ਹੈ ਤਾਂ ਆਪਣੀ ਕਲਮ/ਗੁੱਸੇ ਦੀ ਮਾਰ, ਨਿੱਜੀ ਜਾਇਦਾਦ (ਜੋ ਪਾਪਾਂ ਬਾਝੋਂ ਇਕੱਠੀ ਨਹੀਂ ਹੁੰਦੀ), ਮਨੁੱਖ ਵਿਰੋਧੀ ਸਿਆਸੀ ਪ੍ਰਬੰਧਾਂ, ਮੰਡੀ-ਤੰਤਰ ਦੇ ਦਾਬੇ (ਖਾਤਮੇ) ਵਿਰੁੱਧ ਸੇਧਣੀ ਚਾਹੀਦੀ ਹੈ, ਜਿੰਨ੍ਹਾਂ ਵਿੱਚ ਹਰ ਸੱਚਾਈ/ਜਾਣਕਾਰੀ ਨੂੰ, ਇਕ ਦੂਜੇ ਨੂੰ ਕਾਬੂ ਕਰਨ ਜਾਂ ਲੁੱਟਣ ਲਈ ਵਰਤਿਆ ਜਾਂਦਾ ਹੈ, ਜਿੱਥੇ ਇੱਕ ਬੰਦਾ ਦੂਜੇ ਨੂੰ ਮਿੱਧ ਕੇ ਹੀ ਅੱਗੇ ਲੰਘਣਾ ਚਾਹੁੰਦਾ ਹੈ।

ਵਿਗਿਆਨ ਦੁਆਰਾ, ਕੁਦਰਤ ਨੂੰ ਟਿੱਚ ਸਮਝਣ ਦਾ ਦੋਸ਼ ਵੀ ਕਈ ਸੱਜਣ ਲਾਉਂਦੇ ਹਨ। ਪਰ ਇਸ ਦਾ ਹਵਾਲਾ ਨਹੀਂ ਦਿੱਤਾ ਕਿ ਕਿਸ ਵਿਗਿਆਨੀ ਨੇ ਕਦੋਂ ਤੇ ਕਿੱਥੇ, ਕੁਦਰਤ ਨੂੰ ਟਿੱਚ ਸਮਝਿਆ। ਵਿਗਿਆਨ ਤਾਂ ਪੈਦਾ ਹੋਇਆ ਹੀ ਕੁਦਰਤ ਪ੍ਰਤੀ ਜਗਿਆਸਾ, ਅਚੰਭੇ ਅਤੇ ਮੁਹੱਬਤ ਚੋਂ ਹੈ, ਵਿਗਿਆਨੀਆਂ ਦੀਆਂ ਜੀਵਨੀਆਂ ਪੜ੍ਹੋ, ਉਨ੍ਹਾਂ ਦੀ ਸਾਦਗੀ, ਸੰਜਮ, ਕੁਦਰਤ, ਕੁਦਰਤੀ ਸੋਮਿਆਂ, ਮਾਨਵ ਜਾਤੀ ਦੇ ਦੁੱਖਾਂ, ਵਿਗੋਚਿਆਂ ਪ੍ਰਤੀ ਫਿਕਰ, ਕਾਇਲ ਕਰਨ ਵਾਲਾ ਹੈ। ਕੁਦਰਤ ਨਾਲ ਪ੍ਰੇਮ ਅਤੇ ਇਕਮਿਕਤਾ ਬਾਰੇ ਪ੍ਰਸਿੱਧ ਤਾਰਾ ਵਿਗਿਆਨੀ, ਨੀਲ ਟਾਈਸਨ ਦੇ ਬੋਲ ਸੁਣੋ- 'ਅਸੀਂ ਸਾਰੇ ਸਬੰਧੀ ਹਾਂ; ਇੱਕ ਦੂਜੇ ਨਾਲ, ਸਰੀਰ-ਵਿਗਿਆਨਕ ਤੌਰ ਤੇ, ਧਰਤੀ ਨਾਲ ਰਸਾਇਣਕ ਤੌਰ ਤੇ, ਸਾਰੇ ਬ੍ਰਹਿਮੰਡ ਨਾਲ ਅਣੂਵਿਕ ਤੌਰ ਤੇ ਜੁੜੇ ਹੋਏ ਹਾਂ'। ਟਿੱਚ ਤਾਂ ਵੱਖ-ਵੱਖ ਧਰਮਾਂ ਦੇ ਸਨਅਤਕਾਰ ਸਮਝਦੇ ਹਨ, ਜੋ ਵਿਗਿਆਨ ਦੀਆਂ ਪ੍ਰਾਪਤੀਆਂ ਨੂੰ ਮਾਣਦਿਆਂ ਹੋਇਆਂ, ਗੈਰ ਜ਼ਿੰਮੇਵਾਰੀ ਨਾਲ ਧਰਤੀ, ਹਵਾ ਤੇ ਪਾਣੀ ਨੂੰ ਦੂਸ਼ਿਤ ਕਰਨ ਤੇ ਤੁਲੇ ਹੋਏ ਹਨ।

ਦਲੀਲ ਦਿੱਤੀ ਜਾਂਦੀ ਹੈ ਕਿ ਵਿਗਿਆਨ ਦੀਆਂ ਖੁਨਾਮੀਆਂ ਦਾ ਜੁਆਬ, ਕੁਦਰਤ ਭੁਚਾਲਾਂ ਅਤੇ ਸੁਨਾਮੀਆਂ ਨਾਲ ਦਿੰਦੀ ਹੈ। ਸੁਆਲ ਕੀਤਾ ਜਾ ਸਕਦਾ ਹੈ ਕਿ ਜਦੋਂ ਧਰਤੀ ਤੇ ਬੰਦਾ ਪੈਦਾ ਨਹੀਂ ਹੋਇਆ ਸੀ ਤੇ ਨਾ ਹੀ ਵਿਗਿਆਨ ਦੀ ਹੋਂਦ ਸੀ, ਕੀ ਉਦੋਂ ਭੁਚਾਲ ਨਹੀਂ ਆਉਂਦੇ ਸਨ ? ਕੁਦਰਤ ਕੋਈ ਬੰਦਾ ਨਹੀਂ ਕਿ ਖੋਰ ਰੱਖਦੀ ਹੋਵੇ। ਜਦੋਂ ਵੀ ਮੁਨਾਫੇ ਦੀ ਹਿਰਸ ਕਰਕੇ (ਨਾ ਕਿ ਵਿਗਿਆਨ ਕਰਕੇ), ਕੋਈ ਵਰਗ ਕੁਤਾਹੀ ਕਰਦਾ ਹੈ, ਤਾਂ ਇਸ ਨਾਲ ਕੁਝ ਮੋੜਵੇਂ ਪ੍ਰਤੀਕਰਮ ਹੋਣੇ ਲਾਜ਼ਮੀ ਹਨ। ਇੰਨ੍ਹਾਂ ਕੁਤਾਹੀਆਂ ਦੀ ਟੋਹ ਵੀ ਵਿਗਿਆਨ ਹੀ ਦਿੰਦਾ ਹੈ, ਕੋਈ ਧਰਮ ਨਹੀਂ। ਕੁਝ ਬੰਦਿਆਂ ਦੀ ਅਕ੍ਰਿਤਘਣਤਾ ਇਹ ਹੈ ਕਿ ਉਹ ਵਿਗਿਆਨ ਦੀਆਂ ਈਜਾਦ ਕੀਤੀਆਂ ਵਸਤਾਂ, ਕੱਪੜੇ, ਕਾਰਾਂ, ਫੋਨ, ਬਿਜਲੀ, ਫ੍ਰਿਜ, ਕੰਪਿਊਟਰ ਤਾਂ ਵਰਤਣੋਂ ਨਹੀਂ ਸੰਗਦੇ, ਪਰ ਇਸ ਦੇ ਖਿਲਾਫ਼ ਜਹਾਦ ਵਿੱਢ ਕੇ ਜਾਂ ਇਸ ਨੂੰ ਧਰਮ ਦੇ ਹੇਠ ਰੱਖ ਕੇ, ਅਣਜਾਣ ਲੋਕਾਂ ਨੂੰ ਵਿਚਾਰਾਂ ਦੀ ਬੰਦ ਗਲੀ ਵੱਲ ਧੱਕਣ ਦਾ ਕੁਕਰਮ ਜਰੂਰ ਕਰਦੇ ਰਹਿੰਦੇ ਹਨ।

ਆਮ ਤੌਰ ਤੇ ਕਿਸੇ ਅਧਾਰਮਿਕ ਬੰਦੇ ਨੂੰ ਛੁਟਿਆਉਣ ਲਈ ਇਹ ਮਿਹਣਾ ਮਾਰਿਆ ਜਾਂਦਾ ਹੈ, ਕਿ ਉਹ ਤਾਂ ਬੇਗੁਰਾ ਹੈ, ਨਾਸਤਿਕ ਹੈ, ਉਸ ਦਾ ਕੋਈ ਦੀਨ ਧਰਮ ਨਹੀਂ ਅਤੇ ਸੁਤੇ ਸਿੱਧ ਹੀ, ਧਰਮ ਨੂੰ ਨੈਤਿਕਤਾ/ਸਦਾਚਾਰ ਦਾ ਸੋਮਾ ਮੰਨ ਲਿਆ ਜਾਂਦਾ ਹੈ। ਗੋਲਕਾਂ ਵਿੱਚ ਹੁੰਦੀਆਂ ਚੋਰੀਆਂ, ਧਰਮ ਅਸਥਾਨਾਂ ਤੇ ਕਬਜ਼ਿਆਂ ਦੀ ਦੌੜ, ਧਰਮ ਪ੍ਰਚਾਰਕਾਂ, ਧਰਮ ਗੁਰੂਆਂ ਦੁਆਰਾ ਹੁੰਦੇ ਬਲਾਤਕਾਰ ਅਤੇ ਕਤਲਾਂ ਦੀਆਂ ਅਣਗਿਣਤ ਕਾਲੀਆਂ ਘਟਨਾਵਾਂ ਪਤਾ ਨਹੀਂ ਕਿਉਂ ਵਿਸਰ ਜਾਂਦੀਆਂ ਹਨ, ਜਿੰਨ੍ਹਾਂ ਨਾਲ ਇਤਿਹਾਸ ਭਰਿਆ ਪਿਆ ਹੈ। ਭਿੱਟ, ਸਤੀ-ਪ੍ਰਥਾ, ਜਾਤੀਵਾਦ ਆਦਿ ਵਰਗੀਆਂ ਅਨੈਤਿਕ ਬੁਰਾਈਆਂ ਨੂੰ ਧਰਮ ਨੇ ਮਾਨਤਾ ਦਿੱਤੀ ਹੋਈ ਹੈ। ਸਿਧਾਂਤਕ ਪੱਖੋਂ ਵੀ, ਕਿਸੇ ਧਰਮੀ ਬੰਦੇ ਨੂੰ ਕਿਸੇ ਨੈਤਿਕ ਜਾਂ ਅਨੈਤਿਕ ਬਾਰੇ ਭੇਦ ਕਰਨਾ ਦਾ ਹੱਕ ਨਹੀਂ ? ਕਿਉਂਕਿ ਸਾਰਾ ਚੰਗਾ ਮਾੜਾ ਉਸ ਦੇ ਪੂਜਯ (ਰੱਬ/ਬ੍ਰਹਮ) ਦੀ ਰਜਾ ਵਿੱਚ ਹੋ ਰਿਹਾ ਹੈ। ਡਾਕੂ ਵਿੱਚ 'ਉਹ' ਵਸਦਾ ਹੈ ਤੇ ਜਿਸ ਦੇ ਘਰ ਡਾਕਾ ਵੱਜਿਆ ਹੈ, ਉਹ ਵੀ ਉਸੇ ਦਾ ਰੂਪ ਹੈ। ਜਿਸ ਦੇ 'ਹੁਕਮ' ਬਿਨ੍ਹਾਂ ਪਤਾ ਨਹੀਂ ਹਿੱਲਦਾ, ਫਿਰ ਉਸ ਦੇ ਹੁਕਮ ਬਿਨ੍ਹਾਂ ਪਾਪ ਕਿਵੇਂ ਹੋ ਸਕਦਾ ਹੈ ? ਤੇ ਫਿਰਕੂ ਵੱਢਾਂਟੁਕੀਆਂ, ਕਤਲਾਂ, ਬਲਾਤਕਾਰਾਂ, ਭੁੱਖਮਰੀਆਂ, ਨਾਬਰਾਬਰੀਆਂ, ਬੇਇਨਸਾਫੀਆਂ ਤੇ ਕਾਹਦੇ ਰੋਸ ? ਹੁਣ ਤੱਕ ਦੁਨੀਆ ਦੇ ਵੱਡੇ ਵੱਡੇ ਧਰਮ ਪ੍ਰਚਾਰਕਾਂ ਨੇ ਅੱਡੀ ਚੋਟੀ ਦਾ ਜੋਰ ਲਾ ਲਿਆ ਹੈ ਕਿ ਆਵਦੇ ਪੈਰੋਕਾਰਾਂ ਨੂੰ, ਨੈਤਿਕਤਾ ਦੇ ਰੰਗ ਵਿੱਚ ਰੰਗਣਾ ਹੈ, ਪਰ ਆ ਰਹੇ ਨਿਗਾਰ ਵਿੱਚ ਕੋਈ ਫਰਕ ਨਹੀਂ ਪਿਆ। ਪਿੱਛੇ ਜਿਹੇ ਪੋਪ ਨੇ ਪਾਦਰੀਆਂ ਦੁਆਰਾ, ਸੈਂਕੜੇ ਵਰ੍ਹਿਆਂ ਤੋਂ ਬੱਚਿਆਂ ਦੇ ਹੋ ਰਹੇ ਸ਼ੋਸ਼ਣ ਦੀ ਗੱਲ ਨੂੰ ਮੰਨ ਕੇ 'ਧਰਮ ਅਤੇ ਨੈਤਿਕਤਾ' ਦੇ ਜੋੜ ਦਾ ਪੋਲ ਖੋਲ ਦਿੱਤਾ ਹੈ। ਧਾਰਮਿਕ ਨੈਤਿਕਤਾ ਵਿੱਚ ਉਂਝ ਵੀ ਕਾਣ ਹੈ, ਇਹ 'ਉਪਰਲੇ' ਦੇ ਡਰ ਤੇ ਟਿਕੀ ਹੁੰਦੀ ਹੈ, ਬੰਦੇ ਦੀ ਚੋਣ ਜਾਂ ਜ਼ਿੰਮੇਵਾਰੀ ਤੇ ਨਹੀਂ। ਇਸ ਵਿੱਚ ਮਰਨ ਉਪਰੰਤ 'ਲੇਖੇ ਜੋਖੇ ਤੇ ਨਰਕ' ਦਾ ਭੈਅ ਹੁੰਦਾ ਹੈ। ਡਰ ਤੇ ਟਿਕੀ ਨੈਤਿਕਤਾ ਕਾਹਦੀ ਨੈਤਿਕਤਾ ? ਅਨੈਤਿਕਤਾ ਅਮਾਨਵੀ ਸਮਾਜਿਕ ਰਿਸ਼ਤਿਆਂ ਕਰਕੇ ਹੈ, ਜੋ ਇਕ ਦੂਜੇ ਨੂੰ ਵਿਰੋਧ ਵਿੱਚ ਖੜ੍ਹਾਂ ਕਰ ਰਹੇ ਹਨ।

ਇਸ ਦਾ ਬੀਜ ਆਰਥਿਕ ਸਮਾਜਿਕ ਖੇਤਰ ਵਿਚ ਬੀਜਿਆ ਜਾਂਦਾ ਹੈ, ਪਰਿਵਾਰਾਂ, ਸਕੂਲਾਂ ਅਤੇ ਭਾਈਚਾਰੇ ਰਾਹੀਂ ਪਾਲਿਆ ਜਾਂਦਾ ਹੈ, ਜਿਥੇ ਸੰਜਮ ਦੀ ਬਜਾਏ ਬਹੁਲਤਾ ਦਾ, ਮਿਲਵਰਤਣ ਦੀ ਬਜਾਏ ਮੁਕਾਬਲੇ ਦਾ, ਨੈਤਿਕਤਾ ਦੀ ਬਜਾਏ ਕਾਮਯਾਬੀ ਦਾ ਪਾਠ ਪੜ੍ਹਾਇਆ ਜਾਂਦਾ ਹੈ। ਨੈਤਿਕਤਾ, ਬੰਦੇ (ਕਿਸੇ ਵਰਗ) ਦੀਆਂ ਠੋਸ ਹਾਲਤਾਂ ਵਿੱਚ ਕੀਤੀ ਚੋਣ ਹੁੰਦੀ ਹੈ, ਜਿੱਥੇ ਕਿਸੇ ਅਖੌਤੀ 'ਸਰਬਸ਼ਕਤੀਮਾਨ' ਦੀ ਨਹੀਂ ਚਲਦੀ। ਮੰਨੀਆਂ ਜਾਂਦੀਆਂ ਧਾਰਮਿਕ ਸੱਚਾਈਆਂ ਵਾਂਗ, ਨੈਤਿਕ ਅਸੂਲ ਸਦੀਵੀ ਨਹੀਂ। ਇਹ ਬਦਲਦੇ ਰਹਿੰਦੇ ਹਨ। ਹਰ ਧਰਮ ਨੇ ਆਪੋ ਆਪਣੇ ਪੈਰੋਕਾਰਾਂ ਲਈ ਵੱਖੋ ਵੱਖਰੇ ਨੇਮ ਬਣਾਏ ਹਨ, ਇਹ ਸਰਬਸਾਂਝੇ ਨਹੀਂ ਹੋ ਸਕਦੇ। ਹਿਤਾਂ ਦੇ ਵਿਰੋਧੀ ਮਹੌਲ ਵਿੱਚ ਸਰਬਸਾਂਝੀ ਨੈਤਿਕਤਾ ਦੀ ਗੱਲ ਟੇਢਾ ਮਸਲਾ ਹੈ। ਹੁਣ ਇਸ ਨੂੰ ਬਾਜ਼ਾਰ ਦੀਆਂ, ਖੱਪਤਵਾਦ ਦੀਆਂ ਸ਼ਕਤੀਆਂ ਤਹਿ ਕਰਦੀਆਂ ਹਨ। ਇਸ ਦੇ ਉਲਟ ਹੁਣ ਮੁਨਾਫ਼ੇ ਦੀ ਬਜਾਏ ਮਨੁੱਖ ਨੂੰ ਮੂਹਰੇ ਰੱਖ ਕੇ ਨੈਤਿਕਤਾ ਦੇ ਨੇਮ ਘੜਨੇ ਪੈਣਗੇ, ਉਸ ਲਈ ਮਹੌਲ ਤਿਆਰ ਕਰਨਾ ਪਵੇਗਾ। ਇਹ ਧਾਰਮਿਕ ਪ੍ਰਚਾਰ ਨਾਲ ਨਹੀਂ ਹੋਣਾ, ਨਾ ਹੀ ਸ਼ੁਭ ਇੱਛਾ ਨਾਲ। ਉਸ ਨੈਤਿਕਤਾ ਨੂੰ ਬੁਲੰਦ ਕਰਨਾ ਪਵੇਗਾ ਜੋ ਕਿਸੇ ਡਰ ਚੋਂ ਪੈਦਾ ਨਹੀਂ ਹੁੰਦੀ, ਜੋ ਵਿਗਿਆਨ (ਦਰਸ਼ਨ, ਭੌਤਿਕ ਸ਼ਾਸ਼ਤਰ, ਰਸਾਇਣ ਵਿਗਿਆਨ, ਸਮਾਜ ਵਿਗਿਆਨ, ਅਰਥ ਵਿਗਿਆਨ, ਮਨੋਵਿਗਿਆਨ ਆਦਿ) ਦੇ ਡੂੰਘੇ ਪਾਠ, ਤੇ ਟਿਕੀ ਸਮਾਜਿਕ ਜਿੰਮੇਵਾਰੀ ਚੋਂ ਪੈਦਾ ਹੋਵੇਗੀ, ਜਿਸ 'ਚ, ਮਨੁੱਖ ਨੂੰ, ਉਸ ਦੇ ਵਤੀਰੇ ਨੂੰ ਸਮਝਣ ਅਤੇ ਕੁਦਰਤ ਨਾਲ ਉਸ ਦੀ ਇਕਮਿਕਤਾ ਦੀਆਂ ਕੋਸ਼ਿਸ਼ਾਂ ਦੀ ਕੰਨਸੋਅ ਲੁਕੀ ਹੈ।

ਹੁਣ ਧਰਮ ਅਤੇ ਵਿਗਿਆਨ ਦੇ ਪੂਰਕ ਹੋਣ ਦੀ ਗੱਲ ਲਈਏ। ਪੂਰਕ (**Complementary**) ਹੋਣ ਦਾ ਭਾਵ ਹੈ, ਇਕ ਵਸਤ/ਵਰਤਾਰਾ ਦੂਜੀ ਵਸਤ/ਵਰਤਾਰੇ ਦੇ ਕਿਸੇ ਅੰਦਰਲੇ ਗੁਣ ਨੂੰ, ਬਾਹਰ ਲਿਆਉਣ ਦਾ ਜਰੀਆ ਬਣਦਾ ਹੈ। ਜਿਵੇਂ ਔਰਤ ਤੇ ਮਰਦ। ਉਦਾਹਰਣ ਵਜੋਂ, ਪਰਖ ਨਲੀਆਂ ਨਾਲ ਪੈਦਾ ਹੋਣ ਵਾਲੇ ਬੱਚਿਆਂ ਨੂੰ ਪਾਸੇ ਛੱਡਦਿਆਂ, ਔਰਤ ਦੇ ਮਾਂ ਬਣਨ ਵਿੱਚ, ਮਰਦ ਸਹਾਈ ਹੁੰਦਾ ਹੈ ਅਤੇ ਮਰਦ ਦੇ ਪਿਉ ਬਣਨ ਲਈ ਔਰਤ। ਭਾਵ ਦੋਨੋਂ ਜਣੇ, ਇਕ ਦੂਜੇ ਬਿਨ੍ਹਾਂ ਅਧੂਰੇ ਹਨ। ਦੋ ਅਧੂਰੇ ਜਣੇ ਹੀ ਪੂਰਕ ਹੋ ਸਕਦੇ ਹਨ। ਕੋਈ ਮੁਕੰਮਲ ਚੀਜ, ਪੂਰਕ ਨਹੀਂ ਹੋ ਸਕਦੀ। ਪੂਰਕ ਬਣਨ ਲਈ, ਆਵਦੇ ਇੱਕ ਹਿੱਸੇ ਦੀ ਕੁਰਬਾਨੀ ਦੇਣੀ ਪੈਂਦੀ ਹੈ, ਤਿਆਗ ਕਰਨਾ ਪੈਂਦਾ ਹੈ। ਕੀ ਧਰਮ (ਧਾਰਮਿਕ ਪੁਰਸ਼) ਆਪਣੇ ਆਪ ਨੂੰ ਅਧੂਰਾ ਮੰਨ ਲਵੇਗਾ ਜਾਂ ਉਨਾਂ ਦੇ ਪੈਰੋਕਾਰ ਇਹ ਮੰਨਣਗੇ ਕਿ ਉਨਾਂ ਦਾ ਧਰਮ ਅਧੂਰਾ ਹੈ। ਬੀਜ ਅਤੇ ਮਿੱਟੀ ਇਕ ਦੂਜੇ ਦੇ ਪੂਰਕ ਹਨ। ਜਦੋਂ ਮਿਲਦੇ ਹਨ, ਬੀਜ, ਮਿੱਟੀ ਦੀ ਜਰਖ਼ੇਜਤਾ ਦਾ ਮਾਧਿਅਮ ਬਣਦਾ ਹੈ, ਅਤੇ ਮਿੱਟੀ, ਬੀਜ ਵਿੱਚ ਲੁਕੀਆਂ ਸੰਭਾਨਵਾਵਾਂ ਨੂੰ ਬਾਹਰ ਲਿਆਉਂਦੀ ਹੈ। ਇਸ ਪ੍ਰਕਿਰਿਆ ਵਿੱਚ, ਬੀਜ ਮਿਟ ਜਾਂਦਾ ਹੈ ਅਤੇ ਮਿੱਟੀ ਨੂੰ ਆਵਦੇ ਕੁਝ ਪੌਸ਼ਟਿਕ ਤੱਤ ਦੇਣੇ ਪੈਂਦੇ ਹਨ। ਇਕ ਦੂਜੇ ਦਾ ਪੂਰਕ ਹੋਣ ਦਾ ਤਰਕ ਦੇਣ ਵਾਲੇ ਸੱਜਣ ਕੀ ਇਹ ਦੱਸਣਗੇ ਕਿ, ਵਿਗਿਆਨ ਦਾ ਪੂਰਕ ਬਣਨ ਲੱਗਿਆਂ, ਧਰਮ ਆਵਦੀ ਕਿਸ ਗੱਲ ਨੂੰ ਤਿਆਗਣ ਦੀ ਜੁਰਅਤ ਕਰੇਗਾ। 'ਸਦੀਵੀ ਜਾਂ ਅੰਤਮ ਸੱਚਾਈਆਂ 'ਤੇ ਉਸਰਿਆ ਧਰਮ, ਕੀ ਅਧੂਰਾ ਕਿਹਾ ਜਾ ਸਕਦਾ ਹੈ ? ਜੇ ਉਹ ਪੂਰਾ ਹੈ ਮੁਕੰਮਲ ਹੈ, ਤਾਂ ਇਹ ਕਿਸੇ ਹੋਰ ਚੀਜ ਨੂੰ ਪ੍ਰਭਾਵਿਤ ਤਾਂ ਜਰੂਰ ਕਰ ਸਕਦਾ ਹੈ, ਉਸ ਦਾ ਪੂਰਕ ਨਹੀਂ ਹੋ ਸਕਦਾ। ਉਂਞ ਵੀ ਧਰਮ ਕੋਲ ਸੱਚਾਈ ਜਾਣਨ ਦਾ ਇਕੋ ਟੂਲ ਹੈ- ਇਲਹਾਮ। ਇਹ ਵਿਗਿਆਨਕ ਸੱਚਾਈਆਂ ਲੱਭਣ ਦੇ ਕਿਸੇ ਕੰਮ ਨਹੀਂ ਆ ਸਕਦਾ। ਸਾਰੇ ਜਾਣਦੇ ਹਨ ਕਿ ਧਰਮਚਾਰੀਆਂ ਦਾ ਵਿਗਿਆਨੀਆਂ ਨਾਲ ਕੀ ਵਤੀਰਾ ਰਿਹਾ ਹੈ ਅਤੇ ਇੰਨ੍ਹਾਂ ਨੇ ਕਿੰਨ੍ਹੇ ਵਿਗਿਆਨੀਆਂ ਨੂੰ ਪੂਰੇ (ਮਾਰਿਆ) ਕੀਤਾ ਹੈ। ਪੂਰਕਵਾਦੀਆਂ ਲਈ ਈਸਾਈ ਪ੍ਰਚਾਰਕ ਮਾਰਟਿਨ ਲੂਥਰ ਦੀ ਟੂਕ ਹਾਜਰ ਹੈ, ' ਵਿਗਿਆਨ (ਵਿਗਿਆਨਕ ਸੋਚ) ਧਰਮ ਦਾ ਸਭ ਤੋਂ ਵੱਡਾ ਦੁਸ਼ਮਣ ਹੈ, ਅਤੇ ਸਾਰੇ ਈਸਾਈਆਂ ਵਿੱਚੋਂ ਇਸ ਦਾ ਬੀਜ ਨਾਸ ਕਰਨਾ ਚਾਹੀਦਾ ਹੈ'। ਆਰ.ਐਸ.ਐਸ. ਵਾਂਗ, ਐਸ. ਜੀ. ਪੀ. ਸੀ. ਨੇ ਵੀ ਨਾਸਤਿਕਤਾ (ਵਿਗਿਆਨਕ ਸੋਚ) ਨੂੰ ਵੱਡਾ ਖਤਰਾ ਮੰਨਿਆ ਹੈ।

ਭਾਰਤੀ ਸੰਵਿਧਾਨ ਦਾ ਆਰਟੀਕਲ-25, ਵਿਅਕਤੀ ਨੂੰ ਆਪਣੇ ਆਪ ਨੂੰ ਨਾਸਤਿਕ ਐਲਾਨਣ ਦਾ ਹੱਕ ਦਿੰਦਾ ਹੈ - ਬੁੰਬਈ ਹਾਈਕੋਰਟ

ਬੁੰਬਈ ਹਾਈ ਕੋਰਟ ਨੇ ਇੱਕ ਫੈਸਲੇ ਰਾਹੀਂ ਮਹਾਂਰਾਸ਼ਟਰ ਰਾਜ ਨੂੰ ਦਿਸ਼ਾ-ਨਿਰਦੇਸ਼ ਪ੍ਰਦਾਨ ਕੀਤੇ ਹਨ ਕਿ "ਕਿਸੇ ਵੀ ਵਿਅਕਤੀ ਨੂੰ ਕਿਸੇ ਫਾਰਮ ਜਾਂ ਬਿਆਨ ਹਲਫੀਆ ਵਿੱਚ ਆਪਣਾ ਧਰਮ ਲਾਜ਼ਮੀ ਤੌਰ ਤੇ ਦੱਸਣ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ।" ਅਦਾਲਤ ਨੇ ਇਹ ਵੀ ਕਿਹਾ ਕਿ ਭਾਰਤੀ ਸੰਵਿਧਾਨ ਦੇ ਆਰਟੀਕਲ 25 ਦੀ ਮੂਲ ਭਾਵਨਾ ਅਨੁਸਾਰ, ਹਰ ਵਿਅਕਤੀ ਨੂੰ ਇਹ ਕਹਿਣ ਦਾ ਪੂਰਾ ਅਧਿਕਾਰ ਹੈ ਕਿ ਉਹ ਕਿਸੇ ਧਰਮ ਨਾਲ ਸੰਬੰਧ ਨਹੀਂ ਰੱਖਦਾ ਅਤੇ ਕਿਸੇ ਵੀ ਧਰਮ ਦਾ ਕੋਈ ਧਾਰਮਿਕ ਵਿਧੀ-ਵਿਧਾਨ ਨਹੀਂ ਕਰਦਾ। ਇਹ ਫੈਸਲਾ ਇਸ ਅਦਾਲਤ ਵਿੱਚ ਪਾਈ ਗਈ ਇੱਕ ਜਨ-ਹਿਤ ਪਟੀਸ਼ਨ ਦੇ ਸੰਬੰਧ ਵਿੱਚ ਦਿੱਤਾ ਗਿਆ ਹੈ। ਮਹਾਂਰਾਸ਼ਟਰ ਰਾਜ ਨੇ ਇਸ ਪਟੀਸ਼ਨ ਦਾ ਵਿਰੋਧ ਕੀਤਾ ਸੀ ਕਿ - 'ਕੋਈ ਧਰਮ ਨਹੀਂ' ਨੂੰ ਧਰਮ ਦੇ ਰੂਪ ਵਿੱਚ ਨਹੀਂ ਵਿਚਾਰਿਆ ਜਾ ਸਕਦਾ। ਜਸਟਿਸ ਏ.ਐਸ. ਓਕਾ ਨੇ ਫੈਸਲੇ ਵਿੱਚ ਕਿਹਾ ਕਿ, "ਇਹ ਆਰਟੀਕਲ ਕਿਸੇ ਵਿਅਕਤੀ ਨੂੰ ਆਪਣੇ ਆਪ ਨੂੰ 'ਨਾਸਤਿਕ' ਐਲਾਨਣ ਦਾ ਪੂਰਾ ਹੱਕ ਦਿੰਦਾ ਹੈ।"

ਸੁਲਘਦੇ ਬੋਲ

ਮੇਰੇ ਨਾਲ ਤੁਰੋ

ਹਰਿਭਜਨ ਸਿੰਘ ਰੈਣੂ

ਮੈਂ ਕਦ ਕਿਹਾ ਹੈ
ਮੇਰੇ ਨਾਲ ਤੁਰੋ
ਬਣਾ ਕੇ ਕਾਫਲਾ
ਤੁਰ ਤਾਂ ਮੈਂ ਹੀ ਪਵਾਂਗਾ
ਤੁਹਾਡੇ ਨਾਲ।
ਪਰ ਇਹ ਤਾਂ ਦੱਸੋ
ਤੁਸਾਂ
ਹਨੇਰਾ ਚੀਰ ਕੇ ਪਾਰ ਕਰਨਾ ਹੈ ਜਾਂ
ਹਨੇਰੇ ਵੱਲ ਹੀ ਜਾਣਾ ਹੈ।
ਜੇ ਹਨੇਰਾ ਪਾਰ ਕਰਨਾ ਹੈ
ਤਾਂ ਮੈਂ
ਮਸਾਲ ਜਗਾ ਲਵਾਂ
ਕੁਝ ਗੀਤਾਂ ਦੀਆਂ
ਧੁਨਾਂ ਬਣਾ ਲਵਾਂ
ਤੀਰਾਂ ਦੀਆਂ ਮੁਖੀਆਂ ਲਵਾ ਲਵਾਂ।
ਜੇ ਹਨੇਰੇ ਵੱਲ ਹੀ ਜਾਣਾ ਹੈ
ਤਾਂ
ਤੁਹਾਡੇ ਕਿਸ ਕੰਮ
ਮੈਂ ਤੇ ਮੇਰੀ ਮਸਾਲ
ਮੇਰਿਆਂ ਗੀਤਾਂ ਦੀ ਤਾਲ।
ਮੈਂ ਕਦ ਕਿਹਾ ਹੈ
ਮੇਰੇ ਨਾਲ ਤੁਰੋ

ਇਕਰਾਰ

ਕੇਹਰ ਸ਼ਰੀਫ

ਜਿੱਤੀਏ ਭਾਵੇਂ ਨਾ ਜਿੱਤੀਏ, ਕੋਈ ਫਿਕਰ ਨਹੀਂ,
ਮੰਨਣੀ ਨਹੀਂਓਂ ਹਾਰ, ਜ਼ਮਾਨਾ ਬਦਲਾਂਗੇ।
ਬਿਨ ਲੜਿਆ ਮਰ ਜਾਣਾ ਇਹ ਵੀ ਠੀਕ ਨਹੀਂ,
ਕਰਕੇ ਹੱਥ ਦੋ-ਚਾਰ, ਜ਼ਮਾਨਾ ਬਦਲਾਂਗੇ।

ਮੜ੍ਹਕ

ਡਾ. ਹਰਵਿੰਦਰ ਸਿੰਘ
ਸਿਰਸਾ

ਹੇ ਕਵੀ-ਵਰ !
ਮੇਰੀ ਇੱਕ ਅਰਜ਼ੋਈ ਮੰਨ
ਕਿ ਅਜੇ ਤੂੰ
ਆਪਣੇ ਆਪ ਨੂੰ ਕਵੀ ਨਹੀਂ ਕਹੇਂਗਾ !
ਤੇ ਕਵਿਤਾ ਨਹੀ ਲਿਖੇਂਗਾ !!
ਓਨੀ ਦੇਰ
ਜਦੋਂ ਤੱਕ ਤੇਰਾ ਅਨੁਭਵ
ਲੈ ਨਹੀਂ ਜਾਂਦਾ ਤੈਨੂੰ
ਜੀਵਨ ਅਤੇ ਸ਼ਬਦ ਦੇ ਉਸ ਪਾਰ
ਜਿੱਥੇ ਪਹੁੰਚ ਕੇ ਇਹ ਅਹਿਸਾਸ ਪੁੰਗਰਦਾ ਹੈ
ਕਿ ਕੀ ਹੁੰਦਾ ਹੈ ਕਵੀ ਦਾ ਕਰਮ !
ਕਿਵੇਂ ਜਾਣੀਦੈ ਜ਼ਿੰਦਗੀ ਦਾ ਮਰਮ !!
ਤੇ ਕੀ ਹੁੰਦੈ ਕਵਿਤਾ ਦਾ ਧਰਮ !!!
ਇੱਕ ਇਕਰਾਰ ਇਹ ਵੀ ਕਰ
ਕਿ ਓਨੀ ਦੇਰ ਤਾਂ ਤੂੰ
ਕਵਿਤਾ ਹਰਗਿਜ਼ ਨਹੀਂ ਲਿਖੇਂਗਾ
ਜਿੰਨੀ ਦੇਰ ਤੇਰੀ ਸੂਝ
ਇਹ ਸਮਝਣ ਦੇ ਸਮਰੱਥ ਨਹੀਂ ਹੋ ਜਾਂਦੀ
ਕਿ ਤੇਰੀ ਕਵਿਤਾ ਦੇ ਸੱਚ ਦਾ ਟੱਲ
ਕਿਸ ਦੇ ਪੱਖ ਵਿਚ ਖੜਕਣਾ ਹੈ ?
ਤੇਰੀ ਕਵਿਤਾ ਦੀ ਰੜਕ ਨੇ
ਕਿਸ ਦੀਆਂ ਅੱਖਾਂ ਵਿਚ ਰੜਕਣਾ ਹੈ ??
ਤੇ ਤੇਰੀ ਕਵਿਤਾ ਦੀ ਬੜ੍ਹਕ ਨੇ
ਕਿਸ ਦਰ ਮੂਹਰੇ ਜਾ ਕੇ ਬੜ੍ਹਕਣਾ ਹੈ ???
ਹੇ ਕਵੀ-ਵਰ !
ਇਹ ਖੜਕ ਰੜਕ ਤੇ ਬੜ੍ਹਕ
ਹੀ ਤਾਂ ਹੁੰਦੀ ਹੈ ਇੱਕ ਅਸਲ
ਕਵੀ ਤੇ ਕਵਿਤਾ ਦੀ ਮੜ੍ਹਕ !
ਜਿੰਨੀ ਦੇਰ ਤੂੰ ਤੇ ਤੇਰੀ ਕਵਿਤਾ
ਇਸ ਮੜ੍ਹਕ ਦੇ ਹਾਣ ਦੇ ਨਹੀ ਹੋ ਜਾਂਦੇ
ਹੇ ਕਵੀ-ਵਰ !
ਓਨੀ ਦੇਰ ਮੇਰੀ ਇਹ ਅਰਜ਼ੋਈ ਮੰਨ
ਕਿ ਤੂੰ ਕਵਿਤਾ ਨਹੀਂ ਲਿਖੇਂਗਾ !
ਤੇ ਆਪਣੇ ਆਪ ਨੂੰ ਕਵੀ ਨਹੀ ਕਹੇਂਗਾ !!
ਹੇ ਕਵੀ-ਵਰ !!!

❏ ❏

ਗੁਰਸ਼ਰਨ ਭਾਅ ਜੀ ਨੂੰ ਯਾਦ ਕਰਦਿਆਂ...

ਰਾਮ ਸਵਰਨ ਲੱਖੇਵਾਲੀ

ਗੁਰਸ਼ਰਨ ਸਿੰਘ ਰੰਗ ਮੰਚ ਦੀ ਮਹਾਨ ਹਸਤੀ ਸਨ। ਜਿਨ੍ਹਾਂ ਉਮਰ ਭਰ ਪਿੰਡ ਪਿੰਡ, ਸ਼ਹਿਰ ਤੇ ਦੁਨੀਆਂ ਦੇ ਕੋਨੇ ਕੋਨੇ 'ਚ ਜਾ ਕੇ ਆਪਣੇ ਨਾਟਕਾਂ ਰਾਹੀਂ ਜ਼ਿੰਦਗੀ ਤੇ ਸਮਾਜ ਨੂੰ ਬਦਲਣ ਦਾ ਸੁਨੇਹਾ ਦਿੱਤਾ। ਉਹ ਕਲਾ ਰਾਹੀਂ ਜ਼ਿੰਦਗੀ ਨੂੰ ਬਦਲਣ ਦਾ ਅਹਿਦ ਕਰਕੇ ਤੁਰੇ ਸਨ। ਭਾਖੜਾ ਡੈਮ ਤੇ ਖੜ੍ਹਿਆਂ ਜਦ ਉਨ੍ਹਾਂ ਸੋਚਿਆ ਕਿ ਜੇਕਰ ਮਨੁੱਖ ਪਾਣੀਆਂ ਦਾ ਵਹਿਣ ਬਦਲ ਸਕਦਾ ਹੈ ਤਾਂ ਫਿਰ ਜ਼ਿੰਦਗੀ ਤੇ ਸਮਾਜ ਨੂੰ ਵੀ ਬਦਲਿਆ ਜਾ ਸਕਦਾ ਹੈ। ਉਹ ਆਪਣੇ ਆਦਰਸ਼ ਪ੍ਰਤੀ ਪੂਰੀ ਤਰ੍ਹਾਂ ਸਪਸ਼ਟ ਸਨ। ਮੰਚ 'ਤੇ ਬੈਠਦਿਆਂ ਹੀ ਉਹ ਆਪਣੇ ਮਹਿਬੂਬ ਨਾਇਕ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਗਾਥਾ ਤੋਰਦੇ ਸਨ ਕਿ ਉਹ ਨੌਜਵਾਨ ਉਚੇਰੇ ਆਦਰਸ਼ਾਂ ਲਈ ਕੁਰਬਾਨ ਹੋਇਆ ਹੈ। ਉਸਦਾ ਸੁਪਨਾ ਅਜੇ ਅਧੂਰਾ ਹੈ। ਜਿਸਦੀ ਪੂਰਤੀ ਲਈ ਨੌਜਵਾਨਾਂ, ਚਿੰਤਨਸ਼ੀਲ ਲੋਕਾਂ ਤੇ ਸਮਾਜ ਦੇ ਹੋਰਨਾਂ ਵਰਗਾਂ ਨੂੰ ਅੱਗੇ ਆਉਣਾ ਚਾਹੀਦਾ ਹੈ।

ਚੇਤਨਾ ਦਾ ਛੱਟਾ ਦੇਣ ਲਈ ਉਹ ਉਮਰ ਭਰ ਤੁਰਦੇ ਰਹੇ। ਕਦੇ ਪਿੱਛੇ ਮੁੜਕੇ ਨਹੀਂ ਦੇਖਿਆ। ਮੁਸ਼ਕਿਲਾਂ ਉਨ੍ਹਾਂ ਦਾ ਰਾਹ ਨਹੀਂ ਰੋਕ ਸਕੀਆਂ। ਹਕੂਮਤਾਂ ਤੇ ਫਿਰਕਾਪ੍ਰਸਤ ਲੋਕ ਉਨ੍ਹਾਂ ਲਈ ਅੜਚਨਾਂ ਤਾਂ ਖੜ੍ਹੀਆਂ ਕਰਦੇ ਰਹੇ ਪਰ ਉਨ੍ਹਾਂ ਦੇ ਵਧਦੇ ਕਦਮਾਂ ਨੂੰ ਰੋਕ ਨਹੀਂ ਸਕੇ। ਆਪਣੇ ਜ਼ਿੰਦਗੀ ਦੇ 50 ਸਾਲ ਉਨ੍ਹਾਂ ਰੰਗ ਮੰਚ ਦੇ ਲੇਖੇ ਲਾਏ। ਸਮਾਜ ਦੇ ਲਤਾੜੇ, ਨਿਤਾਣੇ, ਅਣਹੋਏ ਲੋਕ ਉਨ੍ਹਾਂ ਦੇ ਨਾਟਕਾਂ ਦੇ ਪਾਤਰ ਹੁੰਦੇ ਸਨ। ਜਿਹੜੇ ਬੁਲੰਦ ਹੌਂਸਲੇ ਤੇ ਵਿਸ਼ਵਾਸ ਨਾਲ ਆਪਣੀ ਜ਼ਿੰਦਗੀ ਨਹੀਂ ਸਗੋਂ ਪ੍ਰਬੰਧ ਨੂੰ ਬਦਲਣ ਅਹੁਲਦੇ ਸਨ।

ਪੰਜਾਬ ਦਾ ਨੌਜਵਾਨ ਤੇ ਸਮਾਜ ਦਾ ਭਲਾ ਚਾਹੁਣ ਵਾਲਾ ਵਿਅਕਤੀ ਭਾਅ ਜੀ ਗੁਰਸ਼ਰਨ ਸਿੰਘ ਵੱਲੋਂ ਰੰਗ ਮੰਚ ਦੇ ਖੇਤਰ ਵਿੱਚ ਕੀਤੇ ਲਾਸਾਨੀ ਕਾਰਜ ਤੇ ਪਾਈਆਂ ਪੈੜ੍ਹਾਂ ਤੋਂ ਪ੍ਰੇਰਿਤ ਹੈ। ਅੱਜ ਜਦ ਵੀ ਕਿਸੇ ਨਾਟਕ ਦੀ ਗੱਲ ਚੱਲਦੀ ਹੈ ਤਾਂ ਉਹ ਭਾਈ ਮੰਨਾ ਸਿੰਘ ਬਣਕੇ ਸਾਡੇ ਸਾਹਮਣੇ ਰੂ-ਬ-ਰੂ ਹੁੰਦਾ ਹੈ। ਪਹਿਰਾਵੇ ਸਾਦਗੀ ਮਨ 'ਚ ਮਚਲਦੇ ਜਜਬੇ ਬੁਲੰਦ ਆਵਾਜ਼ ਆਪਣੇ ਲੋਕਾਂ ਨੂੰ ਸੰਬੋਧਿਤ ਹੁੰਦੀ ਹੈ। ਪੰਜਾਬ ਦੇ ਲੋਕਾਂ ਨੇ ਉਨ੍ਹਾਂ ਦੀ ਨਾਟ ਕਲਾ ਨੂੰ ਪੰਜ ਦਹਾਕਿਆਂ ਤੱਕ ਦੇਖਿਆ ਹੈ। ਅੱਜ ਉਹ ਸਾਡੇ ਲਈ ਪ੍ਰੇਰਣਾ ਸਰੋਤ ਹਨ। ਉਨ੍ਹਾਂ ਦਾ ਕਾਰਜ, ਲਿਖਤਾਂ ਤੇ ਆਪਣੇ ਜੀਵਨ ਦੌਰਾਨ ਪਾਈਆਂ ਪਿਰਤਾਂ ਤੇ ਪੈੜ੍ਹਾਂ ਸੁਖਾਵੇਂ ਸਮਾਜ ਦੀ ਸਿਰਜਣਾ ਲਈ ਸਾਡਾ ਮਾਰਗ ਦਰਸ਼ਨ ਕਰਦੀਆਂ ਹਨ।

ਉਨ੍ਹਾਂ ਨਾਲ ਵਿਚਰਦਿਆਂ ਮੇਰੇ ਜੀਵਨ ਨਾਲ ਜੁੜੀ ਇਹ ਘਟਨਾ ਉਨ੍ਹਾਂ ਦੇ ਜੀਵਨ ਦਰਸ਼ਨ ਦਾ ਇੱਕ ਮਹੱਤਵਪੂਰਨ ਪੱਖ ਹੈ।

ਭਾਅ ਜੀ ਦੇ ਜੀਵਨ ਦੇ ਆਖਰੀ ਦਿਨਾਂ 'ਚ ਮੈਂ ਕਿਸੇ ਸਰਕਾਰੀ ਕੰਮ ਲਈ ਚੰਡੀਗੜ੍ਹ ਸਾਂ। ਇੱਕ ਦਿਨ ਆਪਣੇ ਮਿੱਤਰਾਂ ਨਾਲ ਸਮਾਜਿਕ ਸਰੋਕਾਰਾਂ ਦੀ ਗੱਲ ਕਰਦਿਆਂ ਜਦ ਨਾਟਕਕਾਰ ਭਾਅ ਜੀ ਗੁਰਸ਼ਰਨ ਸਿੰਘ ਦਾ ਜ਼ਿਕਰ ਆਇਆ ਤਾਂ ਮੈਂ ਉਨ੍ਹਾਂ ਨੂੰ ਦੱਸਿਆ ਕਿ ਭਾਅ ਜੀ ਅੱਜ ਕੱਲ ਫੀਲਡ ਵਿਚ ਨਹੀ ਜਾਂਦੇ ਤੇ ਸਿਹਤਯਾਬ ਨਾ ਹੋਣ ਕਾਰਨ ਘਰ ਹੀ ਰਹਿੰਦੇ ਹਨ। ਇਹ ਸੁਣ ਕੇ ਮਿੱਤਰਾਂ ਨੇ ਚਿੰਤਾ ਪ੍ਰਗਟਾਈ ਤੇ ਉਨ੍ਹਾਂ ਨੂੰ ਮਿਲਣ ਦੀ ਇੱਛਾ ਵੀ ਜਤਾਈ। ਅਗਲੇ ਦਿਨ ਪੁਸਤਕਾਂ ਦੀ ਚੋਣ ਦਾ ਕੰਮ ਸਮਾਪਤ ਹੋਇਆ ਤਾਂ ਅਸੀ ਭਾਅ ਜੀ ਗੁਰਸ਼ਰਨ ਸਿੰਘ ਦੇ ਘਰ ਵੱਲ ਹੋ ਤੁਰੇ। ਉਹ ਆਰਾਮ ਦੀ ਅਵਸਥਾ ਵਿਚ ਬੈੱਡ ਤੇ ਪਏ ਸਨ। ਚਿਹਰੇ ਤੇ ਉਹੋ ਜਲੌਅ ਸੀ, ਜਿਹੜਾ ਪਿੰਡ-ਪਿੰਡ ਜਾਂਦਿਆਂ ਮੰਚ ਤੇ ਲੋਕਾਂ ਨੂੰ ਸੰਬੋਧਨ ਹੁੰਦਿਆਂ ਦਿਖਦਾ ਸੀ। ਕੁਦਰਤੀ ਉਨ੍ਹਾਂ ਦੀ ਨਾਟਕ ਟੀਮ ਦਾ ਹੋਣਹਾਰ ਕਲਾਕਾਰ 'ਕੱਤਰ ਵੀ ਉੱਥੇ ਹੀ ਸੀ। ਉਸ ਨੇ ਭਾਅ ਜੀ ਨੂੰ ਸਹਾਰਾ ਦੇ ਕੇ ਉਠਾਇਆ 'ਤੇ ਬੈੱਡ ਨਾਲ ਦੋ ਸਿਰਹਾਣਿਆਂ ਦੀ ਢੋਅ ਬਣਾ ਦਿੱਤੀ। ਉਹ ਥੋੜਾ ਮੁਸਕਰਾਏ ਤੇ ਸਾਡਾ ਹਾਲ ਚਾਲ ਪੁੱਛਦਿਆਂ ਬੋਲਣ ਲੱਗੇ।

‘ ਸੱਭਿਆਚਾਰਕ ਫਰੰਟ ਤੇ ਕੰਮ ਕਰਦਿਆਂ ਮੈਂ ਸਾਰੀ ਉਮਰ ਲਗਾਈ ਏ। ਇਹ ਕਾਰਜ ਸਿੱਧਾ ਆਪਣੇ ਲੋਕਾਂ ਨਾਲ ਜੋੜਦਾ ਏ। ਮੈਂ ਪਿੰਡ - ਪਿੰਡ ਜਾ ਕੇ ਵੇਖਿਆ ਏ ਕਿ ਲੋਗ

ਆਪਣੀ ਗੱਲ ਸੁਣਦੇ ਨੇ। ਉਨ੍ਹਾਂ 'ਚ ਕੁੱਝ ਕਰਨ ਦੀ ਲੋਚਾ ਏ। ਬਸ ਅਗਵਾਈ ਦੀ ਲੋੜ ਏ। ਮੈਂ ਬੈੱਡ ਤੇ ਪਿਆ-ਪਿਆ ਸੋਚਨਾਂ ਕਿ ਆਪਾਂ ਪੰਜਾਬ ਦੇ ਸਾਰੇ ਖਿੱਤਿਆਂ 'ਚ ਸੱਭਿਆਚਾਰਕ ਕੇਂਦਰ ਸਥਾਪਤ ਕਰੀਏ ਉੱਥੇ ਲਗਾਤਾਰ ਸਮਾਗਮ ਕਰੀਏ ਤੇ ਲੋਗਾਂ ਨੂੰ ਆਪਣੇ ਨਾਲ ਜੋੜੀਏ। ਜਿਵੇਂ ਮੁੱਲਾਂਪੁਰ ਤੇ ਅੰਮ੍ਰਿਤਸਰ 'ਚ ਆਪਣੇ ਕੇਂਦਰ ਬਣ ਗਏ ਨੇ। ਮੈਂ ਚਾਹਨਾਂ ਕਿ ਲੋਕ ਗਦਰੀ ਬਾਬਿਆਂ ਦੇ ਮੇਲੇ ਤੇ ਵਹੀਰਾਂ ਘੱਤ ਕੇ ਜਾਣ ਤੇ ਆਪਣੇ ਸ਼ਹੀਦਾਂ ਦਾ ਸੁਨੇਹਾ ਲੈ ਕੇ ਪਰਤਣ। ਉਹ ਬੋਲਦੇ ਬੋਲਦੇ ਅਚਾਨਕ ਰੁਕੇ।

ਕਲਮਕਾਰ ਮਿੱਤਰ ਗਹੁ ਨਾਲ ਉਨ੍ਹਾਂ ਦੀਆਂ ਗੱਲਾਂ ਸੁਣ ਰਹੇ ਸਨ। ਉਨ੍ਹਾਂ ਦੇ ਸਾਹਵੇਂ ਪੰਜਾਬੀ ਨਾਟ ਕਲਾ ਦਾ ਉਹ ਸ਼ਾਹ ਸਵਾਰ ਬੈਠਾ ਸੀ ਜਿਸ ਨੇ ਆਪਣੇ ਕਦਮਾਂ ਨਾਲ ਪੰਜਾਬ ਹੀ ਨਹੀ ਸਗੋਂ ਦੇਸ਼ ਵਿਦੇਸ਼ ਨੂੰ ਜਾਂਦੇ ਰਸਤਿਆਂ ਦੀ ਦੂਰੀ ਮਿਣੀ ਸੀ। ਜਿਸ ਦੇ ਮਨ ਮਸਤਕ 'ਚ ਕਲਾ ਰਾਹੀ ਜ਼ਿੰਦਗੀ ਤੇ ਸਮਾਜ ਨੂੰ ਬਦਲਣ ਦੀ ਇੱਛਾ ਹਮੇਸ਼ਾ ਪ੍ਰਬਲ ਰਹੀ ਸੀ। ਜਿਹੜਾ ਨਿੱਤ ਨਵੇਂ ਰਸਤਿਆਂ ਦੀ ਤਲਾਸ਼ ਕਰਦਾ ਸੀ। ਜਿਸ ਨੇ ਆਪਣੇ ਨਾਟਕਾਂ ਰਾਹੀ ਲੋਕ ਇਛਾਵਾਂ ਨੂੰ ਜਬਾਨ ਦਿੱਤੀ ਸੀ। ਜ਼ਿੰਦਗੀ ਦੇ ਆਖ਼ਰੀ ਪੜਾਅ ਤੇ ਪੁੱਜਾ ਉਹ ਨਾਇਕ ਅਜੇ ਵੀ ਉਨ੍ਹਾਂ ਰਾਹਾਂ ਤੇ ਤੁਰਨ ਲਈ ਮੁੜ ਆਪਣੇ ਆਪ ਨੂੰ ਤਿਆਰ ਕਰ ਰਿਹਾ ਸੀ।

ਥੋੜ੍ਹਾ ਆਰਾਮ ਦੀ ਅਵਸਥਾ ਵਿਚ ਹੋ ਕੇ ਉਹ ਮੁੜ ਕਹਿਣ ਲੱਗੇ 'ਸਾਡੇ ਬੰਦਿਆਂ ਨੂੰ ਆਪਣੇ ਟੀਚੇ ਦੀ ਪਛਾਣ ਹੋਣੀ ਚਾਹੀਦੀ ਏ। ਆਪਣੇ ਰਾਹ ਦਾ ਪਤਾ ਹੋਣਾ ਚਾਹੀਦਾ ਏ। ਏ ਰਾਹ ਬਣਾਉਣੇ ਬਹੁਤ ਮੁਸ਼ਕਲ ਹੁੰਦੇ ਹਨ ਤੇ ਰਾਹਾਂ ਤੇ ਸਿਦਕ ਦਿਲੀ ਨਾਲ ਤੁਰਨਾ ਉਸ ਤੋਂ ਵੀ ਮੁਸ਼ਕਲ। ਮੈਂ ਦੇਸ਼ ਵਿਦੇਸ਼ ਘੁੰਮਿਆਂ .... ਕੰਮੀਆਂ ਦੇ ਵਿਹੜਿਆਂ 'ਚ ਵੀ ਰਿਹਾ ਤੇ ਵੱਡੇ – ਵੱਡੇ ਨਾਟ ਮੁਕਾਬਲਿਆਂ ਦੀ ਵੀ ਸਾਰ ਲਈ ਏ ਪਰ ਕਦੇ ਆਦਰਸ਼ਾਂ ਨਾਲ ਸਮਝੌਤਾ ਨਹੀ ਕੀਤਾ। ਆਪਣੇ ਲੋਕਾਂ ਨੂੰ ਜਾਗਰੂਕ ਕਰਨਾ ਵੱਡਾ ਕਾਜ ਹੈ। ਜਿਹੜਾ ਮੈਂ ਸਾਰੀ ਉਮਰ ਆਪਣੇ ਹੱਥ ਲਈ ਰੱਖਿਆ। ਤੁਰਦੇ ਰਹਾਂਗੇ ਤਾਂ ਮੰਜ਼ਿਲ ਕਰੀਬ ਹੋਵੇਗੀ। ਮੈਂ ਇਹ ਨਿਮਾਣਾ ਜਿਹਾ ਮਾਣ ਵੀ ਕਰ ਸਕਨਾਂ ਕਿ ਮੈਂ ਆਪਣੇ ਲੋਗਾਂ ਨੂੰ ਸੋਚਣ ਦੀ ਜਾਗ ਲਾ ਦਿੱਤੀ ਏ। ਉਹ ਹੁਣ ਬੋਲਣ, ਜਾਗਣ ਤੇ ਉੱਠਣ ਲੱਗੇ ਨੇ। ਮੈਂ ਸਮਝਨਾਂ ਕਿ ਇਹ ਕਲਾ ਨਾਲ ਲੋਕਾਂ ਨੂੰ ਦਿੱਤੇ ਮੇਰੇ ਸੁਨੇਹੇ ਦਾ ਅਸਰ ਏ।'

ਭਾਅ ਜੀ ਦੇ ਮੁਖ ਚੋਂ ਕਿਰਦੇ ਬੋਲ ਕਲਮਕਾਰ ਮਿੱਤਰਾਂ ਦੇ ਅੰਦਰ ਵਸ ਰਹੇ ਸਨ। ਨਾਟ ਕਲਾ ਦੇ ਲੰਬੇ ਸਫ਼ਰ ਸਾਹਵੇਂ ਬੈਠੇ ਉਨ੍ਹਾਂ ਦੇ ਚਿਹਰਿਆਂ ਤੇ ਤਸੱਲੀ ਦੇ ਭਾਵ ਸਨ। ਭਾਅ ਜੀ ਮੁੜ ਕਹਿਣ ਲੱਗੇ,'ਮੈਂ ਪੁਸਤਕਾਂ ਦੀ ਸਾਰੀ ਜ਼ਿੰਮੇਵਾਰੀ ਅਤਰਜੀਤ ਨੂੰ ਸੌਂਪ ਦਿੱਤੀ ਏ, ਹੁਣ ਉਹ ਪੁਸਤਕਾਂ ਵਾਲਾ ਮੇਰਾ ਸੁਨੇਹਾ ਲੈ ਕੇ ਪਿੰਡ-ਪਿੰਡ, ਕਾਲਜ਼ ਤੇ ਸਕੂਲਾਂ 'ਚ ਜਾਏਗਾ। ਇਤਿਹਾਸ ਗਵਾਹ ਏ ਕਿ ਸਮਾਜ ਨੂੰ ਬਦਲਣ 'ਚ ਪੁਸਤਕਾਂ ਦਾ ਹਮੇਸ਼ਾ ਅਹਿਮ ਰੋਲ ਰਿਹਾ ਏ। ਜਦ ਮੈਂ ਰਵੀ ਪਾਸ਼ ਚੇਤਨਾ ਕਾਰਵਾਂ ਲੈ ਕੇ ਪੰਜਾਬ ਦੇ ਕੋਨੇ ਕੋਨੇ 'ਚ ਗਿਆ ਸਾਂ ਤਾਂ ਲੋਕਾਂ ਦੇ ਮਨਾਂ ਅੰਦਰ ਆਪਣੇ ਨਾਇਕਾਂ ਪ੍ਰਤੀ ਜਜ਼ਬਿਆਂ ਦੀ ਪ੍ਰਬਲ ਤਾਂਘ ਨੂੰ ਆਪਣੀਆਂ ਅੱਖਾਂ ਨਾਲ ਤੱਕਿਆ ਸੀ। ਬਰਾਬਰੀ ਦੇ ਸਮਾਜ ਦੇ ਸੁਨੇਹੇ ਦਾ ਸਫ਼ਰ ਮੈਂ ਅਜੇ ਵੀ ਜਾਰੀ ਰੱਖਣਾ ਚਾਹਨਾਂ। ਮੈਂ ਜਲਦੀ ਹੀ ਠੀਕ ਹੋ ਕੇ ਮੁੜ ਪਰਤਾਂਗਾਂ। ਅਜੇ ਕਰਨ ਲਈ ਬਹੁਤ ਕੰਮ ਪਿਆ ਏ।'

ਕਾਫ਼ੀ ਵਕਤ ਹੋ ਗਿਆ ਸੀ ਤੇ ਬਾਹਰ ਹਨੇਰਾ ਵੀ ਦਿਸਣ ਲੱਗਾ ਸੀ। ਅਸੀ ਭਾਅ ਜੀ ਤੋਂ ਆਗਿਆ ਲੈ ਕੇ ਵਾਪਸ ਪਰਤੇ। ਗੱਡੀ 'ਚ ਬੈਠੇ ਤਾਂ ਸ਼ਾਇਰ ਮਿੱਤਰ ਦੇ ਇਨ੍ਹਾਂ ਬੋਲਾਂ ਨੇ ਚੁੱਪ ਤੋੜੀ, ' ਸਮਿਆਂ ਦੀ ਹਿੱਕ ਤੇ ਆਪਣੀ ਨਾਟ ਕਲਾਂ ਨਾਲ ਪੈੜਾਂ ਪਾਉਣ ਵਾਲਾ ਇਹ ਨਾਇਕ ਸਾਡਾ ਯੁੱਗ ਪੁਰਸ਼ ਹੈ। ਜਿਹੜਾ ਜੀਵਨ ਦੇ ਆਖ਼ਰੀ ਪੜਾਅ 'ਚ ਪਹੁੰਚ ਕੇ ਵੀ ਆਪਣੀ ਕਰਮ ਭੂਮੀ 'ਚ ਪਰਤਣ ਲਈ ਮੁੜ ਆਸਵੰਦ ਹੈ।' ਆਪਣੇ ਰੈਣ ਬਸੇਰੇ ਤੱਕ ਪੁਜਦਿਆਂ ਅਸੀ ਲੰਬੇਰੇ ਸਫ਼ਰ ਦੇ ਉਸ ਰਾਹੀ ਨੂੰ ਸਜਦਾ ਕਰਦੇ ਰਹੇ। ਅੱਜ ਉਹ ਰਾਹੀ ਭਾਵੇਂ ਨਹੀ ਰਿਹਾ ਪਰ ਉਸ ਦੇ ਕਾਫ਼ਲੇ ਤੇ ਸੰਗੀ ਸਨੇਹੀਆਂ ਦਾ ਸਫ਼ਰ ਬਦਸਤੂਰ ਜਾਰੀ ਹੈ।

ਸੰਪਰਕ- 94173-62085

ਮੈਗਜ਼ੀਨ ਹ.ਫ਼ਤਾ — ਮੁਬਾਰਕ ਕਦਮ

ਭਾਰਤੀ ਦੀ ਕੌਮੀ ਤਰਕਸ਼ੀਲ ਲਹਿਰ ਦੇ ਨਾਇਕ ਡਾ. ਨਰੇਂਦਰ ਦਾਭੋਲਕਰ ਦੀ ਤੀਸਰੀ ਬਰਸੀ 'ਤੇ ਸੂਬਾ ਕਮੇਟੀ ਵੱਲੋਂ ਸਰਬ-ਸੰਮਤੀ ਨਾਲ ਕੀਤੇ ਗਏ ਫੈਸਲੇ ਦੀ ਰੌਸ਼ਨੀ 'ਚ ਰਾਜ ਭਰ ਦੀਆਂ ਤਰਕਸ਼ੀਲ ਇਕਾਈਆਂ ਨੇ 17 ਤੋਂ 24 ਜੁਲਾਈ ਤੱਕ 'ਤਰਕਸ਼ੀਲ ਮੈਗਜ਼ੀਨ ਮੁਹਿੰਮ' ਚਲਾਈ। ਜਿਸ ਦੌਰਾਨ ਸਕੂਲਾਂ, ਦਫ਼ਤਰਾਂ, ਘਰਾਂ, ਮੁਹੱਲਿਆਂ ਤੇ ਹੋਰ ਜਨਤਕ ਥਾਂਵਾਂ 'ਤੇ ਤਰਕਸ਼ੀਲ ਮੈਗਜ਼ੀਨ ਲਈ ਚੰਦੇ ਕੱਟਣ ਦੀ ਸਰਗਰਮੀ ਪੰਜਾਬ ਭਰ ਵਿੱਚ ਚੱਲੀ। ਲਹਿਰ ਦੇ ਸੁਹਿਰਦ ਕਾਮਿਆਂ ਨੇ ਇਸ ਵਿੱਚ ਆਪਣਾ ਭਰਪੂਰ ਯੋਗਦਾਨ ਪਾਇਆ। ਜਿਸ ਦੇ ਨਤੀਜੇ ਵਜੋਂ ਸਾਰੇ 10 ਜੋਨਾਂ ਵਿੱਚ 'ਤਰਕਸ਼ੀਲ' ਲਈ 4143 ਨਵੇਂ ਚੰਦੇ ਕੱਟ ਕੇ ਇੱਕ ਮਿਸਾਲ ਪੇਸ਼ ਕੀਤੀ ਗਈ। ਪਰ ਇਨ੍ਹਾਂ 6 ਇਕਾਈਆਂ ਨੇ ਮੈਗਜ਼ੀਨ ਲਈ ਗਿਣਨਯੋਗ ਚੰਦੇ ਕੱਟੇ।

1) **ਗੋਪਾਲਪੁਰ**- 163 1) **ਧਾਰੀਵਾਲ ਭੋਜਾਂ** -163
3) **ਸੰਗਰੂਰ** - 161 4) **ਬਰਨਾਲਾ**- 155
4) **ਸ਼ਾਹਕੋਟ** - 150 5) **ਕੋਹਾੜਾ** - 143

ਇਸ ਮੁਹਿੰਮ ਵਿੱਚ ਸਿਦਕਦਿਲੀ ਨਾਲ ਤੁਰੇ ਸਾਰੇ ਤਰਕਸ਼ੀਲ ਕਾਮੇ ਵਧਾਈ ਦੇ ਪਾਤਰ ਹਨ।

ਆਰਥਿਕ ਅਤੇ ਜਾਤ ਅਧਾਰਿਤ ਨਾ-ਬਰਾਬਰੀ ਮੇਰਾ ਫ਼ਿਕਰ ਹੈ: ਭਗਤ ਸਿੰਘ

ਪਿਛਲੇ ਦਿਨੀਂ ਦੇਸ਼ ਦੇ ਮਾਹੌਲ ਨੇ ਹਰ ਇਕ ਸੰਵੇਦਨਸ਼ੀਲ ਵਿਅਕਤੀ ਨੂੰ ਬੇਚੈਨ ਕੀਤਾ ਹੈ। ਇਹ ਬੇਚੈਨੀ ਦੇਸ਼ ਨੇ ਮਹਿਸੂਸ ਵੀ ਕੀਤੀ ਹੈ। ਇਕ ਵਾਰੀ ਫਿਰ ਵਿਚਾਰਧਾਰਕ ਸਪਸ਼ਟਤਾ ਦੀ ਲੋੜ ਬੜੀ ਸ਼ਿੱਦਤ ਨਾਲ ਮਹਿਸੂਸ ਹੋਈ ਹੈ। ਸੋਸ਼ਲ ਮੀਡੀਆ 'ਤੇ ਬਹੁਤ ਕੁਝ ਆਇਆ ਹੈ, ਪਰ ਉਹ ਕੋਈ ਦਿਸ਼ਾਬੱਧ ਨਹੀਂ ਕਰਦਾ ਤੇ ਨਾ ਹੀ ਕਿਸੇ ਤਰ੍ਹਾਂ ਰਾਹ ਦਸੇਰਾ ਬਣਦਾ ਹੈ। ਅਜਿਹੀ ਹਾਲਤ ਭੰਬਲਭੂਸੇ ਵਿਚ ਵੱਧ ਪਾਉਂਦੀ ਹੈ। ਜਾਣਕਾਰੀ ਦੇ ਮਾਧਿਅਮਾਂ 'ਤੇ ਵੀ ਅਵਿਸ਼ਵਾਸੀ ਹੋਣ ਦੀ ਸਥਿਤੀ ਬਣਦੀ ਹੈ।

ਪਿਛਲੇ ਕਈ ਸਾਲਾਂ ਤੋਂ ਭਗਤ ਸਿੰਘ ਦੇ ਜਨਮ ਅਤੇ ਸ਼ਹੀਦੀ ਦਿਹਾੜੇ ਨੂੰ ਲੈ ਕੇ ਕੁਝ ਨਾ ਕੁਝ ਲਿਖਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ। ਤਿੰਨ ਜਿਲਦਾਂ ਵਿਚ ਭਗਤ ਸਿੰਘ ਸਬੰਧੀ ਵਿਚਾਰਵਾਨ ਲੇਖਕਾਂ ਦੇ ਲੇਖਾਂ ਦਾ ਸੰਪਾਦਨ ਕੀਤਾ ਹੈ ਤੇ ਇਸੇ ਤਰ੍ਹਾਂ ਹੋਰ....। ਇਸ ਸਾਲ ਦੇ ਸ਼ੁਰੂ ਵਿੱਚ, ਵਿਸ਼ਵ ਪੁਸਤਕ ਮੇਲੇ ਦੌਰਾਨ, ਹਿੰਦੀ ਦੇ ਲੇਖਕ ਮੁਦਰਾ ਰਾਕਸ਼ਸ ਵੱਲੋਂ ਲਿਖੀ ਪੁਸਤਕ 'ਭਗਤ ਸਿੰਘ ਹੋਣ ਦਾ ਮਤਲਬ' ਖਰੀਦੀ। ਬਹੁਤ ਵੱਡੀ ਕਿਤਾਬ ਨਹੀਂ ਹੈ। ਭਗਤ ਸਿੰਘ ਦੀ ਵਿਚਾਰਧਾਰਾ ਨੂੰ ਸਮਝਣ ਵਿਚ ਜ਼ਰੂਰ ਹੀ ਕੁਝ ਹੋਰ ਸਪਸ਼ਟਤਾ ਹੋਈ। ਅਜੋਕੇ ਮਾਹੌਲ ਦੌਰਾਨ, ਇਕ ਵਾਰੀ ਫਿਰ ਸਾਰੀ ਪੜ੍ਹ ਗਿਆ। ਇਸ ਤਰ੍ਹਾਂ ਲਗਿਆ ਕਿ ਭਗਤ ਸਿੰਘ ਨਾਲ ਮੁਲਾਕਾਤ ਕਰ ਰਿਹਾਂ, ਰੂਬਰੂ ਹੋ ਰਿਹਾਂ। ਪੇਸ਼ ਹੈ ਉਨ੍ਹਾਂ ਨਾਲ ਹੋਈ ਗੱਲਬਾਤ ਦੇ ਕੁਝ ਮਹੱਤਵਪੂਰਨ ਅੰਸ਼।

> ਇਹ ਰੂ-ਬ-ਰੂ ਹੋਣਾ ਨਿਸ਼ਚਿਤ ਹੀ ਮੇਰੀ ਕਲਪਨਾ ਦਾ ਹਿੱਸਾ ਹੈ। ਸਮਾਂ ਕੋਈ ਫਾਂਸੀ ਤੋਂ ਪਹਿਲਾਂ ਦਾ ਹੈ ਭਾਵ ਦੇਸ਼ ਆਜ਼ਾਦ ਨਹੀਂ ਹੋਇਆ ਹੈ। ਮੁਲਾਕਾਤ ਭਗਤ ਸਿੰਘ ਦੀ ਸੋਚ 'ਤੇ ਅਧਾਰਿਤ ਹੈ। ਜੇਕਰ ਤੁਹਾਨੂੰ ਇਹ ਗੱਲਾਂ, ਮੁਲਾਕਾਤ ਕਿਸੇ ਵੀ ਤਰ੍ਹਾਂ ਅਜੋਕੀ ਭਾਰਤ ਦੀ ਤਸਵੀਰ ਨੂੰ ਸਮਝਣ ਅਤੇ ਸੰਵਾਰਨ ਦੀ ਨਿਸ਼ਾਨਦੇਹੀ ਕਰਦੀਆਂ ਲਗਦੀਆਂ ਹਨ ਤਾਂ ਇਹ ਭਗਤ ਸਿੰਘ ਦੇ ਵਿਚਾਰਾਂ ਦੀ ਪੁਖਤਗੀ ਕਾਰਣ ਹੈ।

? ਭਗਤ ਸਿੰਘ ! ਤੁਹਾਡੇ ਨਾਲ ਰਿਵਾਇਤੀ ਤੌਰ 'ਤੇ ਗੱਲਬਾਤ ਸ਼ੁਰੂ ਨਹੀਂ ਕਰਦਾ ਕਿ ਆਪਣੇ ਬਚਪਨ, ਪਰਿਵਾਰਕ ਪਿਛੋਕੜ ਜਾਂ ਸਕੂਲ-ਕਾਲਜ ਦੀ ਸਿੱਖਿਆ ਬਾਰੇ ਚਾਨਣਾ ਪਾਉ। ਮੈਂ ਸਿੱਧਾ ਆਪਣੇ ਮੰਸ਼ੇ ਤੇ ਪਹੁੰਚਦਾ ਹਾਂ ਕਿ ਆਜ਼ਾਦ ਭਾਰਤ ਨੂੰ ਲੈ ਕੇ ਤੁਹਾਡਾ ਸੁਪਨਾ ਕੀ ਹੈ ?

ਭਗਤ ਸਿੰਘ : ਸਭ ਲਈ ਆਜ਼ਾਦੀ। ਦੇਸ਼ ਦੇ ਸਾਰੇ ਲੋਕਾਂ ਲਈ, ਮਜ਼ਦੂਰਾਂ, ਕਿਸਾਨਾਂ, ਕਾਮਿਆਂ...ਸਭ ਲਈ। ਸ਼ੋਸ਼ਣ ਰਹਿਤ ਤੇ ਬਰਾਬਰੀ ਵਾਲੀ ਆਜ਼ਾਦੀ। ਸਭ ਨੂੰ ਆਪਣੇ ਸੁਪਨਿਆਂ ਮੁਤਾਬਕ ਜੀਣ ਦੀ ਆਜ਼ਾਦੀ।

? ਆਜ਼ਾਦੀ ਦੀ ਲਹਿਰ ਵਿਚ, ਪੂਰਾ ਦੇਸ਼ ਹੀ ਲੱਗਿਆ ਹੋਇਆ ਹੈ। ਇਕ ਪਾਸੇ ਲੋਕ, ਮੈਂ ਕਹਾਂਗਾ ਬਹੁਗਿਣਤੀ ਮਹਾਤਮਾ ਗਾਂਧੀ ਮਗਰ ਹਨ। ਕਾਫੀ ਲੋਕ, ਵਿਸ਼ੇਸ਼ ਤੌਰ ਤੇ ਨੌਜਵਾਨ-ਤੁਹਾਡੇ ਵਿਚਾਰਾਂ ਵੱਲ ਆਕਰਸ਼ਿਤ ਹੋ ਰਹੇ ਹਨ। ਜੇਕਰ ਦੋਹਾਂ ਦਾ ਉਦੇਸ਼ ਇਕੋ ਹੀ ਹੈ ਤਾਂ ਤੁਸੀਂ ਆਪਣੀਆਂ ਕੋਸ਼ਿਸ਼ਾਂ ਨੂੰ ਇਕੱਠਾ ਕਰਕੇ ਕਿਉਂ ਨਹੀਂ ਤੁਰਦੇ ?

ਭਗਤ ਸਿੰਘ : ਜਿੱਥੋਂ ਤਕ ਆਜ਼ਾਦੀ ਦੀ ਗੱਲ ਹੈ, ਉਹ ਇਕ ਉਦੇਸ਼ ਜ਼ਰੂਰ ਸਾਂਝਾ ਹੈ। ਬਾਕੀ ਆਜ਼ਾਦੀ ਕਿਹੋ ਜਿਹੀ ਹੋਵੇ, ਕਿੰਨ੍ਹਾਂ ਲੋਕਾਂ ਲਈ ਹੋਵੇ, ਇਸ ਪਹੁੰਚ ਵਿੱਚ ਬਹੁਤ ਫ਼ਰਕ ਹੈ। ਗਾਂਧੀ ਦੀ ਆਜ਼ਾਦੀ ਵਿਚ ਮਜ਼ਦੂਰ, ਕਿਰਤੀ, ਕਿਸਾਨ ਗਾਇਬ ਨੇ। ਉਹ ਸੱਤਾ ਨੂੰ ਹੂਬਹੂ ਰੱਖਣਾ ਚਾਹੁੰਦੇ ਨੇ। ਅਸੀਂ ਇਸ ਨੂੰ ਵਿਸ਼ਾਲ ਰੂਪ ਵਿਚ, ਸਮਾਜਵਾਦ ਦੇ ਰੂਪ ਵਿਚ ਦੇਖਣ ਦੇ ਚਾਹਵਾਨ ਹਾਂ। ਉਹ ਚਾਹੁੰਦੇ ਨੇ ਅੰਗ੍ਰੇਜ਼ ਮੁਕਤ ਭਾਰਤ, ਸਾਡਾ ਮਕਸਦ ਹੈ ਸਭ ਲਈ ਬਰਾਬਰ ਮੌਕਿਆਂ ਵਾਲਾ ਦੇਸ਼। ਸਾਮਰਾਜਵਾਦ ਮੁਕਤ ਭਾਰਤ।

? ਮਤਲਬ ਇਹ ਕਿ ਤੁਹਾਡਾ ਮਕਸਦ ਲੋਕਤੰਤਰ ਤੋਂ ਅੱਗੇ ਸਮਾਜਵਾਦ ਹੈ ?

ਭਗਤ ਸਿੰਘ : ਮੈਂ ਇਸ ਗੱਲ ਤੋਂ ਇਨਕਾਰੀ ਨਹੀਂ। ਲੋਕਤੰਤਰ ਦੀ ਭਾਵਨਾ ਸੁਖਦਾਈ ਭਾਵਨਾ ਹੈ। ਲੋਕਾਂ ਦਾ ਤੰਤਰ, ਲੋਕਾਂ ਦਾ ਰਾਜ। ਤੁਸੀਂ ਕਹਿ ਸਕਦੇ ਹੋ। ਅਸੀਂ ਸਮਾਜਵਾਦੀ ਲੋਕਤੰਤਰ ਵਿਚ ਵਿਸ਼ਵਾਸ ਕਰਦੇ ਹਾਂ, ਜੋ ਕਿ ਲੋਕਤੰਤਰ ਦੀ ਅਸਲੀ ਭਾਵਨਾ ਹੈ। ਗਾਂਧੀ ਜੀ ਬੁਰਜੂਆ ਲੋਕਤੰਤਰ ਵਿਚ ਵਿਸ਼ਵਾਸ ਕਰਦੇ ਹਨ। ਉਨ੍ਹਾਂ ਦਾ ਉਦੇਸ਼ ਪੂੰਜੀਪਤੀ, ਸਾਮੰਤੀ, ਮਹਾਜਨੀ ਪ੍ਰਬੰਧ ਨੂੰ ਬਣਾਈ ਰਖਣਾ ਹੈ।

? ਲੋਕਤੰਤਰ-ਲੋਕਾਂ ਦਾ ਤੰਤਰ ਹੈ ਤਾਂ ਫਿਰ ਤੁਹਾਡਾ ਮਤਲਬ ਕੀ ਹੈ ?

ਭਗਤ ਸਿੰਘ : ਦਰਅਸਲ ਉਹ ਲੋਕਤੰਤਰ, ਜਿੱਥੇ ਸੱਤਾ ਹੂਬਹੂ ਹੋਵੇਗੀ, ਦਾ ਹਸ਼ਰ ਕੀ ਹੋ ਸਕਦਾ ਹੈ, ਮੈਂ ਤੁਹਾਨੂੰ ਜਾਨ ਲਾੱਕ ਦੇ ਸ਼ਬਦਾਂ ਵਿਚ ਦਸਦਾ ਹਾਂ, "ਲੋਕਤੰਤਰ ਸਿਧਾਂਤਕ ਤੌਰ 'ਤੇ ਰਾਜਨੀਤਕ ਅਤੇ ਕਾਨੂੰਨੀ ਤੌਰ ਤੇ ਬਰਾਬਰੀ ਦੀ ਇਕ ਪ੍ਰਣਾਲੀ ਹੈ। ਪਰ ਵਿਵਹਾਰਕ ਪੱਧਰ 'ਤੇ ਇਹ ਇਕ ਮਿਥ ਹੈ, ਇਹ ਝੂਠ ਹੈ ਕਿਉਂਕਿ ਕੋਈ ਵੀ ਬਰਾਬਰੀ ਤਦ ਤਕ ਨਹੀਂ ਹੋ ਸਕਦੀ, ਜਦੋਂ ਤਕ ਕਿ ਰਾਜਨੀਤੀ ਵਿੱਚ ਅਤੇ ਕਾਨੂੰਨ ਦੇ ਸਾਹਮਣੇ ਵੀ, ਆਰਥਿਕ ਤਾਕਤ ਵਿਚ ਨਾਬਰਾਬਰੀ ਮੂੰਹ ਅੱਡੀ ਖੜੀ ਹੈ। ਜਦੋਂ ਤੱਕ ਸੱਤਾਧਾਰੀ ਵਰਗ ਮਜ਼ਦੂਰਾਂ ਦੇ ਰੋਜਗਾਰ 'ਤੇ, ਦੇਸ਼ ਦੀ ਪ੍ਰੈਸ

ਅਤੇ ਸਕੂਲਾਂ ਤੇ, ਲੋਕ ਰਾਏ ਤਿਆਰ ਕਰਨ ਵਾਲੇ ਤੇ ਉਨ੍ਹਾਂ ਨੂੰ ਸਾਹਮਣੇ ਰੱਖਣ ਵਾਲੇ ਸਾਧਨਾਂ 'ਤੇ ਆਪਣਾ ਅਧਿਕਾਰ ਬਣਾਈ ਰੱਖੇਗਾ, ਜਦੋਂ ਤਕ ਕਾਨੂੰਨ ਸੱਤਾਧਾਰੀ ਵਰਗ ਵੱਲੋਂ ਬਣਾਏ ਜਾਂਦੇ ਰਹਿਣਗੇ ਅਤੇ ਅਦਾਲਤਾਂ ਵਿਚ ਇਸ ਵਰਗ ਦੇ ਮੈਂਬਰ ਪ੍ਰਧਾਨਗੀ ਕਰਨਗੇ, ਕਾਨੂੰਨ ਬੇਇੰਤਹਾ ਮਹਿੰਗਾ ਹੋਵੇਗਾ, ਚੋਣਾਂ ਨੂੰ ਪ੍ਰਭਾਵਿਤ ਕਰਨ ਲਈ ਬੇਸ਼ੁਮਾਰ ਪੈਸਾ ਖਰਚ ਹੋਵੇਗਾ, ਤਦ ਤਕ ਕਾਨੂੰਨ ਦੇ ਸਾਹਮਣੇ ਨਾ ਮਾਤਰ ਦੀ ਬਰਾਬਰੀ ਵੀ ਇਕ ਖੋਖਲਾ ਮਜ਼ਾਕ ਬਣੀ ਰਹੇਗੀ।"

? ਆਰਥਿਕ ਆਜ਼ਾਦੀ ਤੋਂ ਭਾਵ ਕੰਮ ਕਰਨ ਦੀ ਆਜ਼ਾਦੀ, ਕਮਾਉਣ ਦੀ ਆਜ਼ਾਦੀ.... ?

ਭਗਤ ਸਿੰਘ: ਆਰਥਿਕ ਆਜ਼ਾਦੀ ਹੈ-ਬਰਾਬਰ ਵੰਡ ਅਤੇ ਕੰਮ ਕਰਨ ਦੇ ਬਰਾਬਰ ਮੌਕੇ। ਇਹ ਗੱਲ ਪੂਰੀ ਤਰ੍ਹਾਂ ਕੁਦਰਤੀ ਕਾਨੂੰਨ ਦੇ ਖਿਲਾਫ਼ ਹੈ ਕਿ ਮੁੱਠੀ ਭਰ ਲੋਕ ਤਾਂ ਬੇਸ਼ੁਮਾਰ ਦੌਲਤ ਨਾਲ ਲੈਸ ਹੋਣ ਅਤੇ ਵੱਡੀ ਭੁੱਖੀ ਆਬਾਦੀ ਜੀਵਨ ਦੀਆਂ ਜ਼ਰੂਰੀ ਚੀਜਾਂ ਲਈ ਤਰਸਦੀ ਰਹੇ।

? ਧਰਮ ਦਾ ਮੁੱਦਾ ਇਕ ਸੰਵੇਦਨਸ਼ੀਲ ਮੁੱਦਾ ਹੈ। ਤੁਸੀਂ ਇਸ ਦੇ ਸਿੱਟੇ ਵੀ ਜਾਣਦੇ ਹੋ। ਕੀ ਆਜ਼ਾਦੀ ਦੀ ਲੜਾਈ ਵਿਚ ਇਸ ਵਿਸ਼ੇ ਨੂੰ ਏਨਾ ਉਭਾਰਕੇ ਜਾਂ ਇਸ ਉੱਤੇ ਇਕ ਵਿਸਥਾਰ ਪੂਰਵਕ ਲੇਖ ਲਿਖ ਕੇ ਤੁਸੀਂ ਖਤਰਾ ਮੁੱਲ ਨਹੀਂ ਲਿਆ ?

ਭਗਤ ਸਿੰਘ: ਕਿਸੇ ਵੀ ਵਿਸ਼ੇ ਬਾਰੇ ਮੇਰੀ ਸਮਝ, ਮੇਰੇ ਕੇਂਦਰੀ ਨੁਕਤੇ, ਸਭ ਲਈ ਆਜ਼ਾਦੀ, ਸ਼ੋਸ਼ਣ ਰਹਿਤ ਅਤੇ ਬਰਾਬਰੀ ਦਾ ਸਮਾਜ ਤੋਂ ਵਖਰੀ ਨਹੀਂ ਹੈ। ਇਹ ਫੈਸਲਾ ਮੈਂ ਬਹੁਤ ਸੋਚ ਸਮਝ ਕੇ ਲਿਆ ਹੈ। ਇਸ ਉਦੇਸ਼ ਦੀ ਪ੍ਰਾਪਤੀ ਵਿਚ ਧਰਮ ਸਭ ਤੋਂ ਵੱਡਾ ਅੜਿੱਕਾ ਹੈ। ਧਰਮ ਅਤੇ ਰੱਬ ਵਿਚ ਯਕੀਨ ਕਰਨ ਵਾਲਾ ਮਨੁੱਖ, ਤਰਕ ਅਤੇ ਵਿਗਿਆਨਕ ਸੋਚ ਤੋਂ ਕੱਟਿਆ ਜਾਂਦਾ ਹੈ। ਧਰਮ ਮਨੁੱਖ ਦਾ ਆਤਮ ਵਿਸ਼ਵਾਸ ਤੋੜ ਕੇ ਦੂਸਰਿਆਂ 'ਤੇ ਨਿਰਭਰ ਹੋਣ ਦਾ ਆਦੀ ਬਣਾਉਂਦਾ ਹੈ। ਵਿਅਕਤੀ ਦੀ ਹੋਂਦ ਸੁੰਗੜਦੀ ਹੈ। ਧਰਮ ਸਵਾਲ ਖੜੇ ਕਰਨ ਅਤੇ ਜਿਗਿਆਸੂ ਪ੍ਰਵਿਰਤੀ ਨੂੰ ਰੋਕਦਾ ਹੈ।

? ਤੁਸੀਂ ਇਹ ਨਹੀਂ ਸਮਝਦੇ ਕਿ ਦੇਸ਼ ਦੀ ਆਜ਼ਾਦੀ ਲਈ ਸਭ ਨੂੰ ਨਾਲ ਲੈ ਕੇ ਚੱਲਣ ਦੀ ਲੋੜ ਹੈ। ਤੁਸੀਂ ਆਪਣੇ ਲੇਖ ਵਿਚ ਹਿੰਦੂਆਂ, ਮੁਸਲਮਾਨਾਂ, ਈਸਾਈਆਂ...ਸਭ ਤੇ ਹੀ ਹਮਲਾ ਕੀਤਾ ਹੈ ?

ਭਗਤ ਸਿੰਘ: ਮੈਂ ਹਮਲਾ ਨਹੀਂ ਕੀਤਾ। ਮੈਂ ਕਿਸ ਧਰਮ ਵਿਸ਼ੇਸ਼ ਨੂੰ ਆਪਣੇ ਤਰਫੋਂ ਚੰਗੇ-ਬੁਰੇ ਦਾ ਫਤਵਾ ਨਹੀਂ ਦਿੱਤਾ। ਮੈਂ ਸਿਰਫ਼ ਸਵਾਲ ਖੜੇ ਕੀਤੇ ਹਨ। ਕਿਉਂ ਤੁਹਾਡਾ ਰੱਬ ਜ਼ਾਲਮਾਂ ਨਾਲ ਜਾ ਖੜਦਾ ਹੈ ? ਕਿਉਂ ਉਸਨੂੰ ਗਰੀਬੀ ਦੇ ਦੁਖ ਨਹੀਂ ਦਿੱਸਦੇ ? ਕਿਉਂ ਉਸਨੂੰ ਦਰਦ ਦੀਆਂ ਚੀਖਾਂ ਨਹੀਂ ਸੁਣਦੀਆਂ ? ਇਹ ਸਵਾਲ ਨੇ, ਜੋ ਜਵਾਬ ਮੰਗਦੇ ਨੇ। ਜਾਇਜ ਸਵਾਲ।

? ਦਰਅਸਲ ਸਵਾਲ ਕਰਨਾ ਹੀ ਬਹੁਤ ਵੱਡੀ ਦਿੱਕਤ ਹੈ ?

ਭਗਤ ਸਿੰਘ: ਪਰ ਮੇਰੀ ਸਮਝ ਹੈ ਕਿ ਸਵਾਲ ਨਾ ਕਰਨਾ ਦਿੱਕਤ ਹੈ। ਅਸੀਂ ਮਨੁੱਖ ਹਾਂ, ਸੋਚ ਸਕਦੇ ਹਾਂ। ਕੇਲੇ ਦ ਕਾਰਤ ਦਾ ਵਾਕ ਹੈ- 'ਮੈਂ ਸੋਚ ਸਕਦਾ ਹਾਂ, ਇਸ ਲਈ ਮੈਂ ਹਾਂ।' ਸੋਚਣਾ ਭਾਵ ਚਿੰਤਨ। ਮੈਂ ਵਿਗਿਆਨਕ ਸੋਚ ਵਿਚ ਯਕੀਨ ਰਖਦਾਂ। ਚਾਹੇ ਉਹ ਕੋਈ ਮਸਲਾ ਹੋਵੇ।

? ਇਸੇ ਤਰ੍ਹਾਂ ਹੀ ਤੁਹਾਡੇ ਵਿਚਾਰ ਦਲਿਤਾਂ ਬਾਰੇ ਨੇ।

ਭਗਤ ਸਿੰਘ: ਬਿਲਕੁਲ ਸਹੀ। ਜਿਸ ਤਰ੍ਹਾਂ ਦੀ ਜਾਤ ਅਧਾਰਿਤ ਨਾਬਰਾਬਰੀ ਹਿੰਦੁਸਤਾਨ ਵਿਚ ਹੈ, ਸ਼ਾਇਦ ਇਸ ਤਰ੍ਹਾਂ ਦਾ ਉਦਾਹਰਨ ਕਿਸੇ ਹੀ ਹੋਰ ਮੁਲਕ ਵਿਚ ਹੋਵੇ। ਜੇਕਰ ਕਹਾਂ ਤਾਂ ਇਹ ਧਰਮ ਦੀ ਹੀ ਦੇਣ ਹੈ। ਨਾ ਪੱਖੀ, ਨਾਕਾਰਾਤਮਕ ਦੇਣ। ਜੋ ਕਿ ਆਰਥਿਕ ਨਾ ਬਰਾਬਰੀ ਤੋਂ ਵਖਰੀ ਹੈ।

? ਪੂਨਾ ਪੈਕਟ ਨੂੰ ਲੈ ਕੇ, ਦਲਿਤਾਂ ਬਾਰੇ ਗਾਂਧੀ ਅਤੇ ਅੰਬੇਦਕਰ ਨੇ ਆਪਣੇ ਵਿਚਾਰ ਰੱਖੇ ਹਨ। ਇਸ ਬਾਰੇ ਤੁਸੀਂ ਕੀ ਸੋਚਦੇ ਹੋ ?

ਭਗਤ ਸਿੰਘ: ਪੂਨਾ ਪੈਕਟ ਬਾਰੇ ਗਾਂਧੀ ਜੀ ਵੱਲੋਂ ਲਏ ਗਏ ਸਟੈਂਡ ਨੂੰ ਬਰੀਕੀ ਨਾਲ ਦੇਖੋ, ਇਸ ਵਿਚ ਤੁਹਾਨੂੰ ਕਾਂਗਰਸ ਦੀ ਆਜ਼ਾਦੀ ਪ੍ਰਤੀ ਮੂਲ ਭਾਵਨਾ ਦੀ ਸਮਝ ਪੈਂਦੀ ਹੈ। ਕਾਂਗਰਸ ਚਾਹੁੰਦੀ ਹੈ, ਰਾਜ ਪ੍ਰਬੰਧ ਵਿਚ ਸਾਡਾ ਹਿੱਸਾ ਹੋਵੇ, ਤੇ ਅੰਤ ਉਹ ਇਹ ਕੁਰਸੀਆਂ ਦੇ ਕੇ ਇੱਥੋਂ ਚਲੇ ਜਾਣ ਤੇ ਬਾਕੀ ਸਭ ਇਸੇ ਤਰ੍ਹਾਂ ਚਲਦਾ ਰਹੇ। ਪੂਨਾ ਪੈਕਟ ਕੋਈ ਆਪਣੇ ਆਪ ਵਿਚ ਅੰਗ੍ਰੇਜ਼ਾਂ ਦੀ ਵੱਡੀ ਦੇਣ ਨਹੀਂ, ਇਸ ਦਾ ਆਜ਼ਾਦੀ ਨੂੰ, ਸਗੋਂ ਦੂਰ ਲੈ ਜਾਣ ਦਾ ਟੀਚਾ ਹੈ, ਇਕ ਸਮਝੌਤਾਵਾਦੀ ਕਦਮ। ਇਸ ਵਿਚ ਵਰਗ ਮੁਤਾਬਕ ਪ੍ਰਤੀਨਿਧਤਾ ਦੇਣ ਦੀ ਗੱਲ ਹੈ। ਦਲਿਤ ਕਹਿੰਦੇ ਹਨ, ਅਸੀਂ ਮੁਸਲਮਾਨਾਂ ਵਾਂਗ ਕਾਫੀ ਗਿਣਤੀ ਵਿਚ ਹਾਂ ਅਤੇ ਸਾਨੂੰ ਹਿੰਦੂਧਰਮ ਹੱਕਾਂ ਤੋਂ ਵਾਂਝਾ ਕਰਦਾ ਹੈ। ਸਾਨੂੰ ਵਖਰੇ ਸਮਝ ਕੇ ਵਿਸ਼ੇਸ਼ ਹੱਕ ਦਿੱਤੇ ਜਾਣ। ਸੱਤ ਕਰੋੜ ਅਬਾਦੀ ਹੈ, ਤਕਰੀਬਨ ਇਕ ਚੌਥਾਈ, ਗਾਂਧੀ ਦਾ ਮੱਤ ਹੈ ਕਿ-ਨਹੀਂ, ਦਲਿਤ ਹਿੰਦੂ ਹੀ ਹਨ- ਸਾਡਾ ਅੰਗ। ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਜੇ ਇਹ ਅੱਡ ਹੋ ਜਾਣਗੇ, ਤਾਂ ਹਿੰਦੂ ਘੱਟ ਗਿਣਤੀ ਵਿਚ ਚਲੇ ਜਾਣਗੇ। ਮੇਰੀ ਧਾਰਨਾ ਹੈ ਕਿ ਜਾਂ ਤਾਂ ਫਿਰਕੂ ਭੇਦਭਾਵ ਦਾ ਝੰਜਟ ਖਤਮ ਕਰੋ, ਨਹੀਂ ਤਾਂ ਉਨ੍ਹਾਂ ਨੂੰ ਅਲੱਗ ਹੱਕ ਦਿਉ। ਮੈਂ ਪਹਿਲਾਂ ਹੀ ਕਿਹਾ ਗਰੀਬ, ਮਜ਼ਦੂਰ, ਦਲਿਤ ਉਨ੍ਹਾਂ ਦੇ ਏਜੰਡੇ ਤੇ ਹੀ ਨਹੀਂ। ਸਾਡਾ ਮੁਲਕ ਬਹੁਤ ਧਾਰਮਿਕ ਹੈ, ਅਧਿਆਤਮਕ, ਪਰ ਅਸੀਂ ਇਨਸਾਨ ਨੂੰ ਇਨਸਾਨ ਦਾ ਦਰਜਾ ਦੇਣ ਤੋਂ ਝਿਜਕਦੇ ਹਾਂ।

? ਹਿੰਦੁਸਤਾਨ ਰੀਪਬਲਿਕਨ ਐਸੋਸੀਏਸ਼ਨ ਦੀ ਵਾਗਡੋਰ ਸੰਭਾਲਣ 'ਤੇ ਇਸ ਨੂੰ ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ ਨਾਂ ਦੇਣ ਪਿੱਛੇ ਤੁਹਾਡਾ ਕੀ ਉਦੇਸ਼ ਰਿਹਾ ਹੈ ?

ਭਗਤ ਸਿੰਘ: ਮੈਂ ਸ਼ੁਰੂ ਵਿਚ ਸਮਾਜਵਾਦੀ ਲੋਕਤੰਤਰ ਦੀ ਗੱਲ ਕੀਤੀ ਸੀ। ਦੇਸ਼ ਦੀ ਮੌਜੂਦਾ ਹਾਲਤ ਦੇ ਮੱਦੇਨਜ਼ਰ, ਹਿੰਦੂ

ਮੁਸਲਮਾਨ ਏਕਤਾ, ਨੌਜਵਾਨਾਂ ਨੂੰ ਰਾਜਨੀਤੀ ਨਾਲ ਜੋੜਣਾ, ਦਲਿਤਾਂ ਬਾਰੇ ਵਿਚਾਰ ਆਦਿ ਮੁੱਦੇ ਜੋੜ ਕੇ, ਇਸ ਦੇ ਉਦੇਸ਼ਾਂ ਨੂੰ ਵਿਆਪਕ ਕੀਤਾ ਗਿਆ। ਉਹੀਂ ਕੇਂਦਰੀ ਨੁਕਤਾ ਕਿ ਸਭ ਲਈ ਬਰਾਬਰ ਆਜ਼ਾਦੀ।

? ਤੁਹਾਡੀ ਤਸਵੀਰ ਬਹੁਤ ਹੱਦ ਤਕ ਅਜੇ ਵੀ ਇਨਕਲਾਬੀ ਨੌਜਵਾਨ ਵਾਲੀ, ਤੇ ਉਹ ਵੀ ਗੋਲੀ-ਬੰਬ ਵਾਲਾ ਇਨਕਲਾਬੀ, ਖੂਨ-ਖਰਾਬੇ ਵਿਚ ਵਿਸ਼ਵਾਸ ਕਰਨ ਵਾਲਾ ਇਨਕਲਾਬੀ ਵਜੋਂ ਉਭਾਰੀ ਜਾਂਦੀ ਹੈ। ਤੁਸੀਂ ਇਸ ਬਾਰੇ ਕੀ ਸੋਚਦੇ ਹੋ ?

ਭਗਤ ਸਿੰਘ: ਦਰਅਸਲ ਮੈਂ ਮੰਨਦਾ ਹਾਂ ਕਿ ਮੈਂ ਸ਼ੁਰੂ ਵਿਚ ਇਸ ਤਰ੍ਹਾਂ ਦਾ ਰਿਹਾ ਹਾਂ, ਪਰ ਛੇਤੀ ਹੀ ਮੇਰੀ ਸੋਚ ਨੇ ਮੋੜਾ ਲਿਆ। ਤੁਸੀਂ ਉਸ ਘਟਨਾ ਨੂੰ ਗੌਰ ਨਾਲ ਦੇਖੋ ਕਿ ਅਸੈਂਬਲੀ ਵਿਚ ਬੰਬ ਸੁੱਟ ਕੇ ਖੂਨ-ਖਰਾਬਾ ਹੋ ਸਕਦਾ ਸੀ, ਪਰ ਸਾਡਾ ਇਹ ਮਕਸਦ ਨਹੀਂ ਸੀ। ਮੈਂ ਆਪਣੇ ਬਿਆਨ ਵਿਚ ਜੋ ਕਿਹਾ, ਜੇਕਰ ਉਸ ਨੂੰ ਸਮਝੋ ਕਿ ਅਸੀਂ ਮਨੁੱਖੀ ਜੀਵਨ ਨੂੰ ਬੇਹੱਦ ਪਿਆਰਾ ਸਮਝਦੇ ਹਾਂ ਅਤੇ ਮਨੁੱਖਤਾ ਦੀ ਸੇਵਾ ਵਿਚ ਕਿਸੇ ਨੂੰ ਨੁਕਸਾਨ ਪਹੁੰਚਾਉਣ ਤੋਂ ਪਹਿਲਾਂ ਆਪਣੇ ਜੀਵਨ ਦੀ ਬਲੀ ਦੇ ਦਿਆਂਗੇ। ਅਸੀਂ ਮਨੁੱਖੀ ਜੀਵਨ ਦਾ ਆਦਰ ਕਰਦੇ ਹਾਂ ਅਤੇ ਜਿਥੋਂ ਤਕ ਹੋ ਸਕੇ, ਇਸ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਹਾਂ। ਅਸੀਂ ਸਾਮਰਾਜਵਾਦੀ ਫੌਜ ਦੇ ਭਾੜੇ ਦੇ ਸਿਪਾਹੀਆਂ ਵਾਂਗ ਨਹੀਂ, ਜਿਨ੍ਹਾਂ ਨੂੰ ਬਿਨਾਂ ਕਿਸੇ ਅਫਸੋਸ ਤੋਂ ਹੱਤਿਆਵਾਂ ਕਰਨ ਦਾ ਅਨੁਸ਼ਾਸਨ ਸਿਖਾਇਆ ਜਾਂਦਾ ਹੈ।

? ਭਗਤ ਸਿੰਘ, ਸਾਡੇ ਲੋਕ ਗਾਂਧੀ ਦੀ ਆਵਾਜ਼ ਵੱਧ ਸੁਣਦੇ ਹਨ। ਤੁਹਾਡੀ ਫਿਲਾਸਫੀ ਉਨ੍ਹਾਂ ਨੂੰ ਘੱਟ ਸਮਝ ਆਉਂਦੀ ਹੈ।

ਭਗਤ ਸਿੰਘ: ਇਸ ਦਾ ਜਵਾਬ ਹੈ- ਮਾਰਕ ਟੇਵਨ ਦੀ ਇਹ ਤੁੱਕ, "ਲੋਕਾਂ ਦੇ ਸਿਰ ਵੱਢੇ ਜਾਣ ਨੂੰ ਅਸੀਂ ਖਤਰਨਾਕ ਸਮਝਦੇ ਹਾਂ, ਪਰ ਸਾਨੂੰ ਗਰੀਬੀ ਅਤੇ ਜ਼ੁਰਮ ਵਿਚ ਧੱਕੀ ਗਈ ਆਬਾਦੀ ਦੀ ਖਤਰਨਾਕ ਹਾਲਤ ਤੋਂ ਡਰਨਾ ਘਬਰਾਉਣਾ ਨਹੀਂ ਸਿਖਾਇਆ ਜਾਂਦਾ।"

? ਇਨਕਲਾਬ ਸ਼ਬਦ ਦਾ ਇਸਤੇਮਾਲ ਕਰਨਾ ਤੁਹਾਡੇ ਨਾਮ ਨਾਲ ਜੁੜਦਾ ਹੈ ਤੇ ਇਸ ਵਿਚੋਂ ਵੀ ਉਹੀ ਹਿੰਸ਼ਾ ਵਾਲੇ ਫਲਸਫੇ ਦੀ ਹੀ ਝਲਕ ਪੈਂਦੀ ਹੈ ?

ਭਗਤ ਸਿੰਘ: ਸਾਡੀ ਪੂਰੀ ਕੋਸ਼ਿਸ਼ ਰਹੀ ਹੈ ਤੇ ਜਾਰੀ ਹੈ ਕਿ ਦੱਸੀਏ- 'ਇਨਕਲਾਬ' ਸ਼ਬਦ ਹੈ ਅਨਿਆ 'ਤੇ ਅਧਾਰਿਤ ਅਜੋਕੇ ਪ੍ਰਬੰਧ ਦੀ ਤਬਦੀਲੀ। ਜਦੋਂ ਤੱਕ ਇਹ ਪ੍ਰਬੰਧ ਨਹੀਂ ਬਦਲਿਆ ਜਾਂਦਾ, ਜਦੋਂ ਤੱਕ ਇਕ ਵਰਗ ਦੇ ਹੱਥੋਂ ਦੂਸਰੇ ਵਰਗ ਦਾ ਸ਼ੋਸ਼ਣ ਹੁੰਦਾ ਰਹੇਗਾ, ਦੁੱਖ-ਦਰਦ ਜਾਰੀ ਰਹਿਣਗੇ ਤਾਂ ਅਮਨ-ਸ਼ਾਂਤੀ ਸਥਾਪਤ ਕਰਨ ਦੀਆਂ ਸਾਰੀਆਂ ਗੱਲਾਂ ਪਖੰਡ ਅਤੇ ਬੇਈਮਾਨੀ ਦੇ ਪੁਲੰਦੇ ਸਾਬਤ ਹੁੰਦੇ ਰਹਿਣਗੇ।

? ਕਿਸੇ ਇਨਕਲਾਬੀ ਵਿਚ ਤੁਸੀਂ ਕਿਹੜੇ ਗੁਣ ਦੇਖਦੇ ਹੋ ?

ਭਗਤ ਸਿੰਘ: ਆਜ਼ਾਦ ਚਿੰਤਨ ਅਤੇ ਆਲੋਚਨਾ, ਕਿਸੇ ਵੀ ਇਨਕਲਾਬੀ ਦੇ ਦੋ ਪ੍ਰਮੁੱਖ ਗੁਣ ਹੋਣੇ ਚਾਹੀਦੇ ਹਨ। ਖਾਸ ਕਰ ਜਦੋਂ ਆਲੋਚਨਾ ਨਹੀਂ ਹੁੰਦੀ, ਮਾਨਸਿਕ ਖੜੋਤ ਆ ਜਾਂਦੀ ਹੈ ਤੇ ਆਦਮੀ ਪਿੱਛਲੱਗੂ ਹੋ ਜਾਂਦਾ ਹੈ।

? ਤੁਹਾਡੇ ਵਿਚਾਰਾਂ ਅਤੇ ਚਿੰਤਨ ਪਿੱਛੇ, ਕਿਤਾਬਾਂ ਦੇ ਯੋਗਦਾਨ ਦੀ ਗੱਲ ਹੁੰਦੀ ਹੈ, ਇਸ ਵਿਚ ਕਿੰਨਾਂ ਕੁ ਸੱਚ ਹੈ ?

ਭਗਤ ਸਿੰਘ: ਮੈਂ ਆਪਣੇ ਜੀਵਨ ਵਿਚ ਮੋੜ ਆਉਣ ਦੀ ਗੱਲ ਕੀਤੀ, ਉਹ ਸਭ ਪੁਸਤਕਾਂ ਕਰਕੇ ਹੈ। ਮੈਂ ਪਾਰਟੀ ਵਿਚ ਆਪਣੇ ਸਾਥੀਆਂ ਨਾਲ ਗੱਲਾਂ ਕਰਦਾ ਜਾਂ ਕੋਰਟ ਵਿਚ ਆਪਣਾ ਪੱਖ ਰਖਿਆ, ਮੈਂ ਮਹਿਸੂਸ ਕੀਤਾ-ਅਧਿਐਨ ਕਰ। ਆਪਣੇ ਵਿਰੋਧੀਆਂ ਦੇ ਤਰਕਾਂ ਦਾ ਸਾਹਮਣਾ ਕਰਨ ਲਾਇਕ ਬਨਣ ਲਈ। ਆਪਣੇ ਵਿਚਾਰਾਂ ਦੇ ਹੱਕ ਵਿਚ ਦਲੀਲਾਂ ਨਾਲ ਲੈਸ ਹੋਣ ਲਈ।

? ਤੁਹਾਡੀ ਜੇਲ੍ਹ ਡਾਇਰੀ ਵਿਚ ਕਿਤਾਬਾਂ ਵਿਚੋਂ ਤੁਹਾਨੂੰ ਚੰਗੇ ਲੱਗੇ ਵਿਚਾਰ-ਤੁਕਾਂ ਸ਼ਾਮਿਲ ਨੇ, ਅਸੀਂ ਤਾਂ ਸੋਚਿਆ ਸੀ ਤੁਸੀਂ ਆਪਣਾ ਜੇਲ੍ਹ ਅਨੁਭਵ ਜਾਂ ਆਜ਼ਾਦੀ ਦੀ ਲੜਾਈ ਦੇ ਪੱਖਾਂ ਬਾਰੇ ਲਿਖਿਆ ਹੋਵੇਗਾ ?

ਭਗਤ ਸਿੰਘ: ਆਪਣੇ ਬਾਰੇ ਲਿਖਣਾ ਜਜ਼ਬਾਤੀ ਪੱਖ ਹੈ। ਮੈਂ ਵੱਖ-ਵੱਖ ਵਿਦਵਾਨਾਂ ਦੀਆਂ ਪੁਸਤਕਾਂ ਰਾਹੀਂ ਸਮਾਜਿਕ-ਰਾਜਨੀਤਕ ਹਾਲਾਤਾਂ ਨੂੰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਸ ਲਈ ਮੈਂ ਸਾਹਿਤਕਾਰਾਂ, ਚਿੰਤਕਾਂ, ਰਾਜਨੀਤੀਵਾਨਾਂ, ਸਭ ਨੂੰ ਪੜ੍ਹਿਆ। ਮੈਂ ਜਾਣਦਾਂ ਕਿ ਦੁਨੀਆਂ ਵਿਚ ਕੋਈ ਵੀ ਵੱਡਾ ਵਿਚਾਰਕ ਆਪਣੇ ਚਿੰਤਨ ਦੀ ਪੂੰਜੀ ਵਿਚਾਰਾਂ ਦੇ ਸਮੁੱਚੇ ਇਤਿਹਾਸ ਨੂੰ ਘੋਖ ਕੇ ਇੱਕਠੀ ਕਰਦਾ ਹੈ।

? ਆਖਰੀ ਸਵਾਲ ! ਤੁਹਾਨੂੰ ਆਪਣੀ ਫਾਂਸੀ ਦਾ ਕੋਈ ਅਫਸੋਸ ਨਹੀਂ ਕਿ ਤੁਹਾਡੇ ਵਿਚਾਰਾਂ ਦਾ ਦੇਸ਼ ਉਸਰਦਾ, ਤੁਸੀਂ ਉਸ ਨੂੰ ਵਧਦਾ-ਫੁਲਦਾ ਦੇਖਦੇ ?

ਭਗਤ ਸਿੰਘ: ਮੈਂ ਸਮਝਦਾਂ, ਸਹੀ ਵਿਚਾਰ, ਵਿਗਿਆਨਕ ਵਿਚਾਰ- ਜ਼ਿੰਦਾ ਵਿਚਾਰ ਹੁੰਦੇ ਹਨ, ਧੜਕਣ ਵਾਲੇ, ਉਹ ਰੁਕਦੇ ਨਹੀਂ। ਮੈਨੂੰ ਫਾਂਸੀ ਹੋ ਜਾਣ ਤੋਂ ਬਾਅਦ ਮੇਰੇ ਇਨ੍ਹਾਂ ਵਿਚਾਰਾਂ ਦੀ ਖੁਸ਼ਬੂ ਸਾਡੇ ਇਸ ਸੁਹਣੇ ਦੇਸ਼ ਦੇ ਵਾਤਾਵਰਨ ਵਿਚ ਫੈਲ ਜਾਵੇਗੀ।

? ਚਲਦੇ ਚਲਦੇ, ਤੁਹਾਡਾ ਮੁੱਖ ਕੇਂਦਰੀ ਫਿਕਰ ਕੀ ਹੈ।

ਭਗਤ ਸਿੰਘ: ਆਜ਼ਾਦੀ, ਵਿਚਾਰਕ ਕ੍ਰਾਂਤੀ ਅਤੇ ਆਰਥਿਕ ਤੇ ਜਾਤ ਅਧਾਰਿਤ ਨਾਬਰਾਬਰੀ ਦਾ ਖਾਤਮਾ ਭਾਵ ਲੁੱਟ ਰਹਿਤ ਸਮਾਨਤਾ ਤੇ ਅਧਾਰਿਤ ਸਮਾਜ ਦੀ ਸਿਰਜਣਾ।

ਮੁਲਾਕਾਤੀ : ਡਾ. ਸ਼ਿਆਮ ਸੁੰਦਰ ਦੀਪਤੀ

98158-08506

ਬਾਲ ਕੋਨਾ



ਵਿਗਿਆਨਕ ਬੁਝਾਰਤਾਂ

ਲੋਹੇ ਵਾਂਗ ਹੁੰਦਾ ਰੇਸ਼ਾ ਮਜਬੂਤ
ਉਸਦਾ ਬਣਦਾ ਹੈ ਪੈਰਾਸ਼ੂਟ
ਇਸਦੀ ਰੱਸੀ ਨਾਲ ਪਹਾੜ ਚੜ੍ਹ ਜਾਓ
ਮਨੁੱਖ ਨੇ ਬਣਾਇਆ ਨਾਮ ਬਤਾਓ ?

***

ਪ੍ਰਕਾਸ਼ ਦੀਆਂ ਕਿਰਨਾਂ ਨੂੰ ਇਕੱਠਾ ਕਰ
ਰੈਟਿਨਾ 'ਤੇ ਪ੍ਰਤੀਬਿੰਬ ਬਣਾਵੇ
ਅੱਖ 'ਚ ਹੁੰਦਾ ਉਹ ਕੀ
ਸਾਨੂੰ ਜੋ ਦੁਨੀਆਂ ਦਿਖਾਵੇ ?

***

ਡਾਕਟਰ ਇਹਨਾਂ ਦੀ ਗਿਣਤੀ ਤੋਂ
ਇਨਫੈਕਸ਼ਨ ਦਾ ਪਤਾ ਲਗਾਉਣ
ਬਿਮਾਰੀਆਂ ਨਾਲ ਕਰਨ ਲੜਾਈ
ਖ਼ੂਨ ਦੇ ਇਹ ਸੈੱਲ ਕੀ ਕਹਾਉਣ ?

***

ਗਿਣਤੀ ਦੇ ਵਿੱਚ ਹੁੰਦੇ ਦੋ
ਰਾਜਮਾਂਹ ਦੇ ਦਾਣੇ ਜਿਹਾ ਆਕਾਰ
ਸਰੀਰ ਦੇ ਸਾਰੇ ਖ਼ੂਨ ਨੂੰ ਪੁਣਦੇ
ਦੱਸੋ ਕੀ ਨੇ ਸੋਚ ਵਿਚਾਰ ?

***

ਸੰਜੀਵ ਵਸਤੂਆਂ 'ਚ ਗੁਣਾਂ ਨੂੰ
ਪੀੜ੍ਹੀ ਦਰ ਪੀੜ੍ਹੀ ਲੈ ਜਾਵੇ
ਅਪਰਾਧਾਂ ਦੇ ਹੱਲ ਕਰਨ ਲਈ
ਫੋਰੈਂਸਿਕ ਲੈਬ 'ਚ ਕੇਸ ਸੁਲਝਾਵੇ ?

ਕੁਲਵਿੰਦਰ ਕੌਸ਼ਲ (94176-36255)

ਪਿਛਲੀਆਂ ਬੁਝਾਰਤਾਂ ਦੇ ਉੱਤਰ	
1 ਨਦੀਨ	2 ਰੇਸ਼ਮ ਦਾ ਕੀੜਾ
3 ਮਾਦਾ/ਪਦਾਰਥ	4 ਗੈਸ
5 ਸੂਰਜ ਗ੍ਰਹਿਣ	

ਸਵਿੱਟਜ਼ਰਲੈਂਡ ਦੇ ਗਣਿਤ ਵਿਗਿਆਨੀ ਆਇਲਰ ਦੀ ਯਾਦਦਾਸ਼ਤ ਏਨੀ ਸੀ ਕਿ 70 ਸਾਲਾਂ ਦੀ ਉਮਰ ਵਿੱਚ ਵੀ ਉਸ ਨੂੰ ਜਵਾਨੀ ਵੇਲੇ ਦੀਆਂ ਪੜ੍ਹੀਆਂ ਪੁਸਤਕਾਂ ਦੇ ਹਰ ਸਫੇ ਦੀਆਂ ਪਹਿਲੀਆਂ ਤੇ ਆਖਰੀ ਸਤਰਾਂ ਯਾਦ ਸਨ।

ਪਿਆਰੇ ਬੱਚਿਓ,

ਜ਼ਿੰਦਗੀ ਵਿੱਚ ਚੰਗੇ ਦੋਸਤ ਹੋਣ, ਇਹ ਬੇਹੱਦ ਜਰੂਰੀ ਹੈ|ਪੁਸਤਕਾਂ ਵਿੱਚ ਚੰਗੇ ਮਿੱਤਰਾਂ ਦੀ ਭਰਮਾਰ ਹੈ ਤੇ ਕਿੰਨੇ ਹੀ ਰੌਚਕ ਮਿੱਤਰ ਤੁਹਾਨੂੰ ਮਿਲਣ ਲਈ ਬੇਚੈਨ ਹਨ|ਤਦ ਹੀ ਤਾਂ ਕਹਾਣੀਆਂ ਪੜਨ ਦੌਰਾਨ ਸਮਾਂ ਚੁਟਕੀ ਵਿੱਚ ਹੀ ਬੀਤ ਜਾਂਦਾ ਹੈ|ਪੁਸਤਕਾਂ ਸੰਗ ਦੋਸਤੀ ਕਰਨ ਨਾਲ ਤੁਹਾਡੀ ਮੁਲਾਕਾਤ ਦੇਸ਼-ਵਿਦੇਸ਼ ਦੇ ਨਵੇਂ-ਨਵੇਂ ਮਿੱਤਰਾਂ ਨਾਲ ਹੁੰਦੀ ਜੇਕਰ ਚੰਗੀ ਪੁਸਤਕ ਤੁਹਾਨੂੰ ਕਿਤੇ ਵੀ



ਲਿਜਾ ਸਕਦੀ ਹੈ ਤੇ ਕਿਸੇ ਨਾਲ ਵੀ ਮਿਲਾ ਸਕਦੀ ਹੈ|ਪੁਸਤਕਾਂ ਵਿੱਚ ਕੋਈ ਮਹਾਂਸਾਗਰ ਏਨਾ ਡੂੰਘਾ ਨਹੀਂ, ਜਿਸ ਵਿੱਚ ਤੁਸੀਂ ਡੁਬਕੀ ਨਾ ਲਗਾ ਸਕੋ|ਕੋਈ ਜੰਗਲ ਏਨਾ ਸੰਘਣਾ ਨਹੀਂ,ਜਿਸ ਦੀ ਤੁਸੀਂ ਸੈਰ ਨਾ ਕਰ ਸਕੋ|ਕੋਈ ਕਿਲਾ ਏਨਾ ਮਜ਼ਬੂਤ ਨਹੀਂ ਜਿਸ ਨੂੰ ਤੁਸੀਂ ਜਿੱਤ ਨਾ ਸਕੋ|ਪੁਸਤਕਾਂ ਤੁਹਾਨੂੰ ਵਿਸ਼ਵ ਦੀਆਂ ਮਹਾਨ ਹਸਤੀਆਂ ਨਾਲ ਮਿਲਵਾਉਣਗੀਆਂ, ਜਿਨ੍ਹਾਂ ਨੇ ਆਪਣੀ ਮਿਹਨਤ ਤੇ ਵਿਚਾਰਾਂ ਨਾਲ ਦੁਨੀਆਂ ਨੂੰ ਬੇਹਤਰ ਬਣਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ|ਪੁਸਤਕਾਂ ਉਸ ਰਾਹ ਵਰਗੀਆਂ ਹਨ,ਜਿਸ ਤੇ ਚਲਦਿਆਂ ਤੁਹਾਨੂੰ ਖ਼ੁਸ਼ੀ, ਸਨੇਹ, ਸਹਿਯੋਗ, ਮਿਲਵਰਤਣ ਤੇ ਸਾਂਝ ਦੇ ਤੋਹਫ਼ੇ ਮਿਲਦੇ ਹਨ| ਸੱਤ ਸਮੁੰਦਰਾਂ ਦੀ ਸੈਰ ਦਾ ਅਹਿਸਾਸ ਲੈਣਾ ਹੋਵੇ, ਕਿਸੇ ਨਾਇਕ ਨੂੰ ਜਾਨਣਾ ਹੋਵੇ, ਰਿਸ਼ਤਿਆਂ ਦਾ ਭੇਦ ਪਾਉਣਾ ਹੋਵੇ,ਆਪਣੀ ਜਗਿਆਸਾ ਤ੍ਰਿਪਤ ਕਰਨੀ ਹੋਵੇ,ਮਨੁੱਖ ਦੇ ਇਤਿਹਾਸ ਦੀਆਂ ਪੈੜਾਂ ਵੇਖਣੀਆਂ ਹੋਣ ਤੇ ਜਾਂ ਫਿਰ ਆਪਣੇ ਸ਼ੌਕ, ਇੱਛਾ, ਖ਼ੁਸ਼ੀ, ਵਿਚਾਰ ਅਨੁਸਾਰ ਤੁਸੀਂ ਪੁਸਤਕਾਂ ਦਾ ਸਾਥ ਮਾਣ ਸਕਦੇ ਹੋ।

ਮੈਂ ਨਹੀਂ ਸੂਰਜ ਕਿ ਹਰ ਇੱਕ ਸ਼ਾਮ ਨੂੰ ਢਲਦਾ ਰਹਾਂਗਾ,

ਸਲਾਮ ਮਹਾਸ਼ਵੇਤਾ

ਸੰਸਾਰ ਪ੍ਰਸਿੱਧ ਲੇਖਿਕਾ ਤੇ ਲਿਤਾੜੇ ਲੋਕਾਂ ਦੀ ਗੱਲ ਕਰਨ ਵਾਲੀ ਇਹ ਲੇਖਿਕਾ ਨਹੀਂ ਰਹੀ। '1084ਵੇਂ' ਦੀ ਮਾਂ ਕਦੇ ਮਰ ਨਹੀਂ ਸਕਦੀ। ਉਹ ਜਿਉਂਦੀ ਹੈ ਤੇ ਹਮੇਸ਼ਾਂ ਜਿਉਂਦੀ ਰਹੇਗੀ। ਲੋਕਾਂ ਦੀਆਂ ਯਾਦਾਂ ਵਿੱਚ ਵਸਦੀ ਉਨ੍ਹਾਂ ਨੂੰ ਕੁਝ ਕਰਨ ਲਈ ਝੰਜੋੜਦੀ ਤੇ ਅਮਰ ਸ਼ਹੀਦਾਂ ਦੇ ਸੁਪਨਿਆਂ ਦਾ ਸੰਸਾਰ ਸਿਰਜਣ ਲਈ ਸੰਦੇਸ਼ ਵੰਡਦੀ ਉਹ ਆਪਣੇ ਲੋਕਾਂ ਦੇ ਅੰਗ-ਸੰਗ ਰਹੇਗੀ।

ਨਾਸਤਿਕ ਹੋਣ ਦਾ ਮਾਣ



ਮੈਂ ਨਾਸਤਕ ਹੋਣ ਵਿਚ ਮਾਣ ਮਹਿਸੂਸ ਕਰਦਾ ਹਾਂ ਕਿਉਂਕਿ ਮੈਂ ਨਾਸਤਕ ਲੇਖਕਾਂ, ਬੁੱਧੀਜੀਵੀਆਂ, ਫਿਲਾਸਫਰਾਂ ਦੇ ਜ਼ਰਖੇਜ਼ ਅਤੇ ਵਿਕਸਤ ਦਿਮਾਗਾਂ ਦੇ ਨਾਲ ਨਾਲ ਉਹ ਸਾਹਿਤ ਪੜ੍ਹਿਆ ਹੈ ਜੋ ਧਰਤੀ ਉੱਤੇ ਹੋਏ ਵਿਕਾਸ ਦੀ ਅਸਲ ਵਿਗਿਆਨਕ ਕਹਾਣੀ ਦੱਸਦਾ ਹੈ। ਜੇ ਮੈਂ ਨਾਸਤਕ ਨਾ ਬਣਦਾ ਤਾਂ ਮੇਰੀ ਜ਼ਿੰਦਗੀ ਨੂੰ ਅੰਧਵਿਸ਼ਵਾਸਾਂ ਦੀ ਉੱਲੀ ਨੇ ਕਦੋਂ ਦਾ ਖਾ ਜਾਣਾ ਸੀ। ਨਾਸਤਿਕ ਹੋਣਾ ਬਹੁਤ ਔਖਾ ਕਾਰਜ ਹੈ। ਇਸ ਦੇ ਲਈ ਮਨੁੱਖ ਨੂੰ ਬਹੁਤ ਪੜ੍ਹਨ ਦੀ ਲੋੜ ਹੈ।ਵੱਡੇ ਨਾਸਤਕ ਵਿਦਵਾਨਾਂ ਦੀ ਸੰਗਤ ਦੀ ਲੋੜ ਹੈ। ਪੰਜਾਬੀ ਦੇ ਪ੍ਰਸਿੱਧ ਮੈਗਜ਼ੀਨ 'ਹੁਣ' ਵਿੱਚ ਪਾਕਿਸਤਾਨ ਦੇ ਪ੍ਰਸਿੱਧ ਨਾਸਤਕ ਲੇਖਕ ਜਨਾਬ ਅਹਿਮਦ ਸਲੀਮ ਦੀ ਇੰਟਰਵਿਊ ਪੜ੍ਹ ਰਿਹਾ ਸਾਂ। ਇੱਕ ਥਾਂ ਉਹ ਕਹਿੰਦੇ ਹਨ, "ਮੇਰੇ ਪੇਸ਼ਾਵਰ ਦੇ ਦੋਸਤ ਜੋ ਪਸ਼ਤੋ ਦੇ ਸ਼ਾਇਰ ਸਨ, ਉਹਨਾਂ ਨੇ ਮੈਨੂੰ ਨਾਸਤਕ ਬਣਾਉਣ ਵਿੱਚ ਬਹੁਤ ਵੱਡਾ ਰੋਲ ਅਦਾ ਕੀਤਾ।"

ਗੁਰਦਿਆਲ ਦਲਾਲ (ਪੰਜਾਬੀ ਸਾਹਿਤਕਾਰ)

ਰਸੂਲ ਹਮਜ਼ਾਤੋਵ ਨੇ ਕਿਹਾ...

8 ਸਤੰਬਰ

ਇਸ ਸੰਸਾਰ ਪ੍ਰਸਿੱਧ ਰੂਸੀ ਸਾਹਿਤਕਾਰ ਦੀ ਬੋਲੀ, ਲਿਖਤ ਤੇ ਸੁਪਨਿਆਂ ਚ ਜੀਵਨ ਦਾ ਸੱਚ ਸਾਫ਼ ਨਜ਼ਰ ਆਉਂਦਾ ਹੈ। ਜਿਹੜਾ ਮਾਨਵੀ ਜਜ਼ਬਿਆਂ ਨੂੰ ਟੁੰਬਦਾ ਹੈ ਤੇ ਵਹਿੰਦੇ ਪਾਣੀਆਂ ਨਾਲ ਤੁਰਨ ਦੀ ਜਾਂਚ ਸਿਖਾਉਂਦਾ ਹੈ :

ਕੁਝ ਲੋਕੀਂ ਬੋਲਦੇ ਨੇ, ਇਸ ਲਈ ਨਹੀਂ ਕਿ ਉਹਨਾਂ ਦੇ ਦਿਮਾਗਾਂ ਵਿੱਚ ਵਿਚਾਰਾਂ ਦੀ ਭੀੜ ਉਹਨਾਂ ਨੂੰ ਬੋਲਣ ਲਈ ਮਜਬੂਰ ਕਰਦੀ ਹੈ, ਸਗੋਂ ਇਸ ਲਈ ਕਿ ਉਹਨਾਂ ਜੀਭਾਂ ਨੂੰ ਖੁਜਲੀ ਹੋ ਰਹੀ ਹੁੰਦੀ ਹੈ।

ਕੁਝ ਹੋਰ ਨੇ ਜਿਹੜੇ ਕਵਿਤਾਵਾਂ ਲਿਖਦੇ ਨੇ, ਇਸ ਲਈ ਨਹੀਂ ਕਿ ਉਹਨਾਂ ਦੇ ਦਿਲਾਂ ਵਿੱਚ ਡੂੰਘੇ ਜ਼ਜ਼ਬੇ ਠਾਠਾਂ ਮਾਰ ਰਹੇ ਹੁੰਦੇ ਹਨ, ਸਗੋਂ ਇਸ ਲਈ ਕਿ.....। ਖ਼ੈਰ, ਇਹ ਕਹਿਣਾ ਮੁਸ਼ਕਿਲ ਹੈ ਕਿ ਉਹ ਅਚਾਨਕ ਕਿਉਂ ਕਵਿਤਾ ਲਿਖਣ ਲੱਗ ਪੈਂਦੇ ਹਨ। ਉਹਨਾਂ ਦੀਆਂ ਤੁਕਾਂ ਸੁੱਕੇ ਅਖਰੋਟ ਵਾਂਗ ਹੁੰਦੀਆਂ ਹਨ ਜਿਹੜੇ ਅਣਰੰਗੀ ਭੇਡ ਦੀ ਖੱਲ ਦੇ ਬਣੇ ਝੋਲੇ ਵਿੱਚ ਖੜ-ਖੜ ਕਰਦੇ ਹੋਣ

ਕੁਝ ਲੋਕ ਐਸੇ ਹੁੰਦੇ ਹਨ ਜਿਹੜੇ ਬੀਤੇ ਬਾਰੇ ਸੋਗੀ, ਅਫਸੋਸੀਆਂ ਯਾਦਾਂ ਰੱਖਦੇ ਹਨ! ਇਸ ਤਰਾਂ ਦੇ ਲੋਕਾਂ ਦੇ ਵਰਤਮਾਨ ਤੇ ਭਵਿੱਖ ਬਾਰੇ ਵੀ ਇਸੇ ਤਰਾਂ ਦੇ ਗਮਗੀਨ ਖਿਆਲ ਹੁੰਦੇ ਹਨ !

ਕੁਝ ਲੋਕ ਹੁੰਦੇ ਹਨ ਜਿਹੜੇ ਬੀਤੇ ਬਾਰੇ ਰੋਸ਼ਨ, ਧੁਪਹਿਲੀਆਂ ਯਾਦਾਂ ਰਖਦੇ ਹਨ ! ਉਹਨਾਂ ਦੇ ਚਿੰਤਨ ਵਿਚ ਵਰਤਮਾਨ ਤੇ ਭਵਿੱਖ ਵੀ ਰੌਸ਼ਨ ਹੈ !

"ਮੇਰੇ ਲਈ ਕੌਮਾਂ ਦੀਆਂ ਬੋਲੀਆਂ ਆਕਾਸ ਵਿਚਲੇ ਸਿਤਾਰਿਆਂ ਵਾਂਗ ਹਨ। ਮੈਂ ਨਹੀਂ ਚਾਹੁੰਦਾ ਕਿ ਸਾਰੇ ਤਾਰੇ ਇੱਕ ਵੱਡੇ ਸਿਤਾਰੇ ਵਿੱਚ ਮਿਲ ਕੇ ਇੱਕ ਹੋ ਜਾਣ, ਜਿਸ ਨੇ ਅੱਧਾ ਆਕਾਸ ਘੇਰਿਆ ਹੋਵੇ। ਇਸ ਕੰਮ ਲਈ ਸੂਰਜ ਹੈ। ਆਕਾਸ ਵਿੱਚ ਤਾਰੇ ਵੀ ਚਮਕਣੇ ਚਾਹੀਦੇ ਹਨ। ਹਰ ਕੌਮ ਨੂੰ ਆਪਣਾ ਸਿਤਾਰਾ ਰੱਖਣ ਦਿਓ।"

ਬੜਾ ਨਿੱਕਾ ਜਿਹਾ ਦੀਵਾ ਹਾਂ ਪਰ ਬਲਦਾ ਰਹਾਂਗਾ ...ਕੁਲਵਿੰਦਰ

ਯਾਦ ਕਰਦਿਆਂ

ਡਾ. ਅਬਰਾਹਮ ਟੀ. ਕਾਵੂਰ



ਜ਼ਿੰਦਗੀ ਭਰ ਚਮਤਕਾਰਾਂ ਦਾ ਪਰਦਾਫਾਸ ਕਰਨ ਲਈ ਦੇਸ਼-ਵਿਦੇਸ਼ ਵਿੱਚ ਤਾਂਤਰਿਕਾਂ, ਜੋਤਿਸ਼ੀਆਂ ਤੇ ਅਖੌਤੀ ਬਾਬਿਆਂ ਨੂੰ ਚੁਣੌਤੀ ਦੇਣ ਵਾਲਾ ਡਾ. ਕਾਵੂਰ ਤੇ ਉਸਦਾ ਕਾਰਜ ਆਪਣੇ ਆਪ ਵਿੱਚ ਮਿਸਾਲ ਹੈ। ਡਾ. ਕਾਵੂਰ ਅਜਿਹਾ ਪਹਿਲਾ ਨਿਡਰ ਆਗੂ ਸੀ ਜਿਸ ਨੇ ਚਮਤਕਾਰਾਂ ਖਿਲਾਫ਼ ਜਿਉਂਦੇ ਜੀਅ ਮੁਹਿੰਮ ਛੇੜੀ ਰੱਖੀ। ਉਸ ਵੱਲੋਂ ਚਮਤਕਾਰਾਂ ਦੇ ਪਰਦੇਫਾਸ਼ ਕਰਨ ਤੇ ਦੁਨੀਆਂ ਦੇ ਵੱਖ ਵੱਖ ਕੋਨਿਆਂ 'ਚ ਘੁੰਮਦਿਆਂ, ਭਾਰਤ ਦੇ ਪਛੜੇ ਖੇਤਰਾਂ 'ਚ ਕਥਿਤ ਭੂਤਾ ਪ੍ਰੇਤਾਂ ਰੂਹਾਂ ਤੋਂ ਪੀੜਤ ਮਨੋਰੋਗੀਆਂ ਨੂੰ ਮਿਲਦਿਆਂ ਆਪਣੇ ਨਿੱਜੀ ਤਜ਼ਰਬਿਆਂ ਤੇ ਲਿਖੀਆਂ ਪੁਸਤਕਾਂ ਨੂੰ ਦੁਨੀਆਂ ਭਰ ਵਿੱਚੋਂ ਭਰਪੂਰ ਹੁੰਗਾਰਾ ਮਿਲਿਆ। ਉਸ ਦੀਆਂ ਪੁਸਤਕਾਂ ਸਿਨਹਾਲੀ, ਹਿੰਦੀ, ਤਾਮਿਲ, ਪੰਜਾਬੀ, ਮਲਿਆਲਮ, ਕੰਨੜ ਤੇ ਅੰਗਰੇਜ਼ੀ ਆਦਿ ਸੱਤ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਤੇ ਅੱਜ ਤੱਕ ਵਧੇਰੇ ਵਿਕਣ ਵਾਲੀਆਂ ਪੁਸਤਕਾਂ 'ਚੋਂ ਹਨ। ਅੱਜ ਜਦ ਚਮਤਕਾਰਾਂ ਦਾ ਧੰਦਾ ਭਾਰਤ ਵਰਗੇ ਹੋਰਨਾਂ ਪਛੜੇ ਮੁਲਕਾਂ 'ਚ ਇੱਕ ਕਾਰੋਬਾਰ ਬਣ ਗਿਆ ਹੈ ਤੇ ਬਹੁਗਿਣਤੀ ਲੋਕ ਇਸ ਕਾਰੋਬਾਰ ਦਾ ਸ਼ਿਕਾਰ ਹਨ। ਅਜਿਹੇ ਸਮੇਂ ਡਾ. ਕਾਵੂਰ ਦੇ ਵਿਚਾਰਾਂ ਤੇ ਆਦਰਸ਼ਾਂ 'ਤੇ ਡਟ ਕੇ ਪਹਿਰਾ ਦੇਣਾ ਸਮੇਂ ਦੀ ਲੋੜ ਹੈ।

ਲੀਓ ਤਾਲਸਤਾਏ



9 ਸਤੰਬਰ

ਪ੍ਰੇਰਨਾ, ਉਹ ਚੀਜ਼ ਹੈ, ਜਿਸ ਵਿੱਚ ਲੇਖਕ ਨੂੰ ਚਾਣਚੱਕ ਇਹ ਅਹਿਸਾਸ ਹੁੰਦਾ ਹੈ ਕਿ ਉਹ ਕੀ ਕੁਝ ਕਰ ਸਕਦਾ ਹੈ। ਪ੍ਰੇਰਨਾ ਜਿੰਨੀ ਤਕੜੀ ਹੋਵੇਗੀ,ਉਸ ਦੀ ਪੂਰਤੀ ਲਈ ਓਨੇ ਹੀ ਤਸੀਹੇ ਝੱਲਣੇ ਪੈਣਗੇ।

* ਸਾਰੇ ਬੰਦੇ ਦੁਨੀਆਂ ਨੂੰ ਬਦਲਣ ਦੀਆਂ ਗੱਲਾਂ ਕਰਦੇ ਹਨ, ਆਪਣੇ ਆਪ ਨੂੰ ਬਦਲਣ ਦੀ ਗੱਲ

* ਜਿੰਦਗੀ ਦਾ ਇੱਕੋ ਇੱਕ ਅਰਥ, ਮਾਨਵਤਾ ਦੀ ਸੇਵਾ ਹੈ।

* ਸੱਚਾਈ, ਚੰਗਿਆਈ ਤੇ ਸਾਦਗੀ ਤੋਂ ਬਿਨਾਂ, ਕੋਈ ਮਹਾਨਤਾ ਨਹੀਂ ਹੋ ਸਕਦੀ।

* ਮੈਂ ਕਿਸੇ ਦੀ ਪਿੱਠ ਤੇ ਬੈਠਾ ਹਾਂ, ਉਸ ਦਾ ਦਮ ਘੁੱਟ ਰਿਹਾ ਹੈ, ਪਰ ਮੈਂ ਉਸ ਨੂੰ ਚਲਦੇ ਰਹਿਣ ਲਈ ਕਹਿ ਰਿਹਾ ਹਾਂ, ਨਾਲ ਦੀ ਨਾਲ ਆਪਣੇ ਆਪ ਤੇ ਦੂਜਿਆਂ ਨੂੰ ਵਿਸ਼ਵਾਸ਼ ਦੁਆਉਂਦਾ ਹਾਂ ਕਿ ਮੈਨੂੰ ਉਸ ਨਾਲ ਹਮਦਰਦੀ ਹੈ ਤੇ ਉਸ ਨੂੰ ਸੁਖਾਲਾ ਕਰਨ ਲਈ ਹਰ ਸੰਭਵ ਯਤਨ ਕਰਦਾ ਹਾਂ, ਸਿਵਾਏ ਉਸ ਦੀ ਪਿੱਠ ਤੋਂ ਲਹਿਣ ਦੇ।

* ਕਲਾ ਦਸਤਕਾਰੀ ਨਹੀਂ, ਇਹ ਕਲਾਕਾਰ ਦੁਆਰਾ, ਅਨੁਭਵ ਕੀਤੀਆਂ ਭਾਵਨਾਵਾਂ ਦੀ ਕਾਇਆਕਲਪ ਹੈ।

* ਸਾਰੇ ਖੁਸ਼ ਪਰਿਵਾਰ, ਇੱਕ ਦੂਜੇ ਨਾਲ ਮਿਲਦੇ ਜੁਲਦੇ ਹਨ ਪਰ ਨਾਖੁਸ਼ ਪਰਿਵਾਰ, ਆਪਣੇ ਨਿਵੇਕਲੇ ਅੰਦਾਜ ਵਿੱਚ ਨਾਖੁਸ਼ ਹੁੰਦਾ ਹੈ।

ਆਧੁਨਿਕ ਸੋਚ ਦੀਆਂ ਖ਼ਰਾਬ ਨੀਹਾਂ

ਉਨੀਵੀ ਸਦੀ ਦੇ ਪਿਛਲੇ ਅੱਧ ਚ ਯੌਰਪ ਵਿੱਚ ਗਿਆਨ-ਵਿਗਿਆਨ ਦੇ ਖੇਤਰ ਵਿੱਚ ਵੱਡੀਆਂ ਮੱਲਾਂ ਮਾਰੀਆਂ ਜਾ ਰਹੀਆਂ ਸਨ.ਇਸੇ ਕਾਲ ਖੰਡ ਵਿੱਚ ਚਾਰਲਸ ਡਾਰਵਿਨ ਮਨੁੱਖ ਸਮੇਤ ਸਮੂਹ ਜੀਵ ਜਗਤ ਦੇ ਵਿਕਾਸ ਤੇ ਚਾਨਣ ਪਾ ਰਿਹਾ ਸੀ (1859), ਲੂਈ ਪਾਸਚਰ ਮਨੁੱਖੀ ਅੱਖ ਨੂੰ ਦਿਖਾਈ ਨਾ ਦੇਣ ਵਾਲੇ ਸੂਖਮ ਜੀਵਾਂ ਦੇ ਰੋਲ ਬਾਰੇ ਦਸਦਾ ਹੋਇਆ ਹਲਕਾਅ ਵਰਗੀਆਂ ਭਿਆਨਕ ਬੀਮਾਰੀਆਂ ਦਾ ਇਲਾਜ ਲੱਭ ਰਿਹਾ ਸੀ (1885), ਗ੍ਰਾਹਮ ਬੈਲ ਟੈਲੀਫ਼ੋਨ ਦੀ ਕਾਢ (1876) ਨਾਲ ਦੁਨੀਆਂ ਨੂੰ ਜੋੜ ਰਿਹਾ ਸੀ.ਟਾਮਸ ਅਲਵਾ ਐਡੀਸਨ ਨੇ ਬਲਬ ਦੀ ਕਾਢ (1880) ਨਾਲ ਦੁਨੀਆਂ ਨੂੰ ਰੌਸ਼ਨ ਕਰ ਦਿੱਤਾ ਸੀ.ਸਿਗਮੰਡ ਫ਼ਰਾਇਡ ਮਨੁੱਖੀ ਮਨ ਦੀਆਂ ਡੂੰਘੀਆਂ ਤਹਿਆਂ ਫਰੋਲ ਰਿਹਾ ਸੀ, ਇਸੇ ਸਮੇਂ ਕਾਰਲ ਮਾਰਕਸ ਮਨੁੱਖੀ ਸਮਾਜ ਵਿੱਚ ਵਾਪਰਦੀਆਂ ਤਬਦੀਲੀਆਂ ਤੇ ਕਾਰਣਾਂ ਤੇ ਰਾਹਾਂ ਦੀ ਦੱਸ ਪਾ ਰਿਹਾ ਸੀ ਪਰ ਪੰਜਾਬ ਵਿੱਚ ਇਸ ਸਮੇਂ ਵਿਦਵਾਨ ਲੋਕ ਸਾਰਾ ਗਿਆਨ ਵੇਦਾਂ ਵਿੱਚ ਹੋਣ (ਆਰੀਆ ਸਮਾਜ ਲਹਿਰ), ਸਿੱਖ ਹਿੰਦੂਆਂ ਤੋਂ ਵੱਖਰੇ ਹਨ (ਸਿੰਘ ਸਭਾ ਲਹਿਰ), ਅੱਤ ਦੀ ਸੁੱਚਮ ਰੱਖਣ (ਕੂਕਾ ਲਹਿਰ) ਅਤੇ ਇਹੋ ਜਿਹੇ ਧਾਰਮਿਕ ਵਿਵਾਦ ਕਰਨ ਵਿੱਚ ਉਲਝੇ ਹੋਏ ਸਨ। ਇਸ ਨਾਲ ਮਨੁੱਖੀ ਸੂਝ ਦਾ ਵਿਕਾਸ ਤਾਂ ਕੀ ਹੋਣਾ ਸੀ ਸਗੋਂ ਧਾਰਮਿਕ ਕੱਟੜਤਾ ਤੇ ਧਾਰਮਿਕ ਵਖਰੇਵੇਂ ਜਰੂਰ ਪੈਦਾ ਹੋਏ, ਜਿਨ੍ਹਾਂ ਦੇ ਮਾਰੂ ਅਸਰ ਪੰਜਾਬ ਅਜੇ ਤੀਕ ਭੁਗਤ ਰਿਹਾ ਹੈ.

(ਪੁਸਤਕ ਪੰਜਾਬ ਦੀ ਇਤਿਹਾਸਕ ਗਾਥਾ 'ਚੋਂ) **ਰਾਜਪਾਲ ਸਿੰਘ**

ਕੁਦਰਤ ਦੇ ਭੇਤਾਂ ਦੀ ਗੱਲ-19
(ਬ੍ਰਹਿਮੰਡ ਯਾਤਰਾ)

ਖ਼ੌਲਦਾ ਬ੍ਰਹਿਮੰਡ

ਡਾ. ਅਵਤਾਰ ਸਿੰਘ ਢੀਂਡਸਾ

ਦੋਸਤੋ, ਨਛੱਤਰਾਂ ਦੀ ਅਜੀਬੋ-ਗਰੀਬ ਦੁਨੀਆ ਵਿੱਚ ਯਾਤਰਾ ਜਿੱਥੇ ਸਾਡੀ ਜਿਗਿਆਸਾ ਦੀ ਪੂਰਤੀ ਲਈ ਜ਼ਰੂਰੀ ਹੈ, ਉੱਥੇ ਪਾਖੰਡੀ ਜੋਤਿਸ਼ੀਆਂ ਹੱਥੋਂ ਹੋ ਰਹੀ ਲੁੱਟ ਤੋਂ ਬਚਣ ਦਾ ਇਕ ਜ਼ਰੀਆ ਵੀ ਸਿੱਧ ਹੋਈ। ਜਿਵੇਂ ਆਪਾਂ ਪਹਿਲਾਂ ਹੀ ਜਾਣ ਲਿਆ ਹੈ ਕਿ ਨਛੱਤਰ ਰਾਸ਼ੀਆਂ ਵਿਚਕਾਰ ਦੀ ਜਗ੍ਹਾਂ ਦੀ ਅੱਗੇ ਵੰਡ ਕੀਤੀ ਹੋਈ ਜਿਸ ਵਿੱਚ ਸੂਰਜ ਅਤੇ ਚੰਦ ਦੀਆਂ 'ਸਥਿਤੀਆਂ' ਕਰਕੇ ਮਹੀਨੇ ਦੇ ਸਮੇਂ ਨੂੰ 27 ਦਿਨਾਂ/ਤਿਥੀਆਂ ਵਿਚ ਵੰਡਿਆ ਹੋਇਆ ਹੈ, ਪਰ ਇਹ ਵੀ ਸ਼ਪੱਸ਼ਟ ਹੈ ਕਿ ਇਹ ਅਕਾਸ਼ ਵਿੱਚ ਸਥਿਤ ਤਾਰਿਆਂ ਦੀਆਂ ਸਥਿਤੀਆਂ ਨੂੰ ਇਕ ਥਾਂ 'ਸਥਿਤ' ਮੰਨ ਕੇ ਹੀ ਕੀਤਾ ਗਿਆ ਸੀ।

ਪਰ ਆਓ, ਅੱਜ ਅਸੀਂ ਨਛੱਤਰਾਂ ਅਤੇ ਰਾਸ਼ੀਆਂ ਦੇ ਹੋਰ ਅੰਦਰ ਝਾਤੀ ਮਾਰੀਏ। ਔਹ ਵੇਖੋ, ਸਾਹਮਣੇ ਲਗਭਗ 14-15 ਤਾਰਿਆਂ ਤੋਂ ਸਾਡੀ ਕਲਪਨਾ ਨਾਲ ਬਣਾਈ ਹੋਈ ਬ੍ਰਿਸ਼ਚਕ ਰਾਸ਼ੀ। (ਚਿੱਤਰ ਨੰ: 1) ਇਸ ਵਿਚ ਸੱਜੇ ਪਾਸਿਓਂ ਗਿਣਨ ਨਾਲ ਤਾਰਾ ਨੰਬਰ 5 ਨੂੰ ਨਾਮ ਦਿੱਤਾ ਗਿਆ ਹੈ ਹਿੰਦੀ ਵਿਚ 'ਜੇਸ਼ਠਾ' ਅਤੇ ਪੰਜਾਬੀ ਵਿਚ 'ਜੇਠਾ'। ਮਤਲਬ ਇਹ ਜੇਠਾ ਨਛੱਤਰ ਵਿੱਚ



ਚਿੱਤਰ ਨੰ: 1

ਹੈ ਅਤੇ ਜਿਹੜੇ ਬੱਚਿਆਂ ਦਾ ਜਨਮ ਇਸ ਦਿਨ ਹੋਇਆ, ਜਦੋਂ ਚੰਦ ਇਸ ਤਾਰੇ ਦੇ ਬਹੁਤ ਨਜ਼ਦੀਕ ਸੀ, ਉਹਨਾਂ ਵਿੱਚੋਂ ਬਹੁਤਿਆਂ ਦੇ ਨਾਮ ਜੇਠਾ ਮੱਲ, ਜੇਠਾ ਰਾਮ, ਜੇਠੂ ਆਦਿ ਹੀ ਰੱਖ ਲਿਆ ਜਾਂਦਾ ਸੀ ਅਤੇ ਜਦੋਂ ਚੰਦ ਦੀ ਪੂਰਨਮਾਸੀ ਇਸ ਤਾਰੇ ਦੇ ਨਜ਼ਦੀਕ ਲੱਗਦੀ ਹੈ ਤਾਂ ਉਸ ਮਹੀਨੇ ਨੂੰ 'ਜੇਠ ਮਹੀਨੇ' ਦਾ ਨਾਮ ਦਿੱਤਾ ਗਿਆ ਹੈ।

ਦੋਸਤੋ, ਇਹ ਸਾਰਾ ਕੁੱਝ ਸਮੇਂ ਦੀ ਵੰਡ ਦੀ ਜਰੂਰਤ ਨੂੰ ਸਮਝਦੇ ਹੋਏ ਅਤੇ ਇਕ ਕੈਲੰਡਰ ਤਿਆਰ ਕਰਨ ਵੱਲ ਇਕ ਕਦਮ ਸੀ ਅਤੇ ਤਾਰਾ ਵਿਗਿਆਨੀਆਂ ਨੇ ਇਸਨੂੰ ਇਹ ਰੂਪ ਦਿੱਤਾ ਸੀ ਜੋ ਅੱਜ ਵੀ ਸੱਚ ਹੈ। ਪਰ ਅਸੀਂ 27 ਦਿਨਾਂ ਨੂੰ ਛੱਡ ਕੇ 7 ਦਿਨਾਂ ਵਾਲਾ ਆਧੁਨਿਕ ਕੈਲੰਡਰ ਤਾਂ ਅਪਣਾ ਲਿਆ ਪਰ ਜੋਤਿਸ਼ੀਆਂ ਦੀਆਂ ਘਸੀਆਂ ਪਿਟੀਆਂ ਅਤੇ ਬੇਤੁਕੀਆਂ ਗੱਲਾਂ ਨੂੰ ਅੱਜ ਵੀ ਪਕੜ ਕੇ ਰੱਖਿਆ ਹੋਇਆ ਹੈ।

ਦੋਸਤੋ, ਇਹ ਤਾਰਿਆਂ ਭਰੀ ਰਾਤ ਸੱਚਮੁੱਚ ਹੀ "ਸ਼ਾਂਤ" ਨਜ਼ਰ ਆਉਂਦੀ ਹੈ। ਪਰ ਅਸਲ ਵਿੱਚ ਇਹ ਹੈ "ਖ਼ੌਲਦਾ ਹੋਇਆ ਧਮਾਕਿਆਂ ਭਰਪੂਰ ਬ੍ਰਹਿਮੰਡ"। ਸਾਰੇ ਤਾਰੇ ਅਸਲ ਵਿਚ ਸੂਰਜ ਹੀ ਹਨ ਜਿਹਨਾਂ ਵਿੱਚ ਹਾਈਡ੍ਰੋਜਨ ਬੰਬ ਚੱਲ ਰਹੇ ਹਨ। ਭਾਵ ਹਾਈਡ੍ਰੋਜਨ ਗੈਸ ਦੇ ਪ੍ਰਮਾਣੂ ਆਪਸ ਵਿਚ ਕੇਂਦਰੀ ਕਿਰਿਆ ਕਰਕੇ ਹੀਲੀਅਮ ਗੈਸ ਬਣਾ ਰਹੇ ਹਨ। ਉਸ ਵਿੱਚੋਂ ਗਰਮੀ, ਰੋਸ਼ਨੀ, ਐਕਸ-ਕਿਰਨਾਂ, ਗਾਮਾ-ਕਿਰਨਾਂ ਅਤੇ ਆਇਨ ਆਦਿ ਧਮਾਕਿਆਂ ਨਾਲ ਬਾਹਰ ਨਿਕਲ ਰਹੇ ਨੇ। ਪਰ ਇਹਨਾਂ ਬੰਬ ਧਮਾਕਿਆਂ ਦੀ ਆਵਾਜ਼ ਸਾਨੂੰ ਸੁਣਾਈ ਨਹੀਂ ਦਿੰਦੀ। ਤੁਹਾਡਾ ਪ੍ਰਸ਼ਨ ਹੋਵੇਗਾ ਕਿ ਫਿਰ ਇਸ ਦਾ ਕਾਰਣ ਕੀ ਹੈ ? ਦੋਸਤੋ, ਇਹ ਬੰਬ ਧਮਾਕਿਆਂ 'ਚੋਂ ਪੈਦਾ ਹੋਈ ਆਵਾਜ਼ ਦੇ ਚੱਲਣ ਲਈ ਹਵਾ ਵਰਗੇ ਗੈਸੀ ਜਾਂ ਠੋਸ/ਤਰਲ ਮਾਧਿਅਮ ਦੀ ਲੋੜ ਹੁੰਦੀ ਹੈ। ਪਰ ਇਹਨਾਂ ਤਾਰਿਆਂ ਅਤੇ ਧਰਤੀ ਵਿਚਕਾਰ ਸਿਰਫ਼ ਪੁਲਾੜ ਹੈ, ਖਲਾਅ ਹੈ। ਆਵਾਜ਼ ਯੰਤਰਿਕ ਤਰੰਗਾਂ ਹਨ। ਇਹਨਾਂ ਦੇ ਪ੍ਰਸਾਰਣ ਲਈ ਮਾਧਿਅਮ ਦੀ ਲੋੜ ਹੁੰਦੀ ਹੈ। ਤਾਰਿਆਂ ਅਤੇ ਧਰਤੀ ਵਿਚਕਾਰ ਵੀ ਪੁਲਾੜ ਭਾਵ ਖਲਾਅ ਹੀ ਹੈ। ਅਸੀਂ ਇਹਨਾਂ ਧਮਾਕਿਆਂ ਨੂੰ ਸੁਣ ਨਹੀਂ ਸਕਦੇ। ਸੋ ਔਹ ਸਾਹਮਣੇ ਸਾਰੇ ਤਾਰਿਆਂ ਵਿੱਚ ਵੀ ਧਮਾਕੇ ਹੋ ਰਹੇ ਹਨ।

ਚਲੋ, ਪਹੁੰਚਦੇ ਹਾਂ ਇਸ ਨਛੱਤਰ- ਜੇਠੇ ਤਾਰੇ ਕੋਲ। ਦੋਸਤੋ, ਇਹ ਸਾਡੀ ਧਰਤੀ ਤੋਂ ਲਗਭਗ 600 ਪ੍ਰਕਾਸ਼ ਸਾਲ ਦੂਰ ਹੈ ਮਤਲਬ ਕਿ ਜੇਕਰ ਅਸੀਂ ਰੋਸ਼ਨੀ ਦੀ ਗਤੀ (ਇੱਕ ਸੈਕਿੰਡ ਵਿਚ 3 ਲੱਖ ਕਿਲੋਮੀਟਰ) ਤੇਜ਼ ਚੱਲੀਏ ਤਾਂ ਵੀ ਸਾਨੂੰ ਇਸ ਤਾਰੇ ਕੋਲ ਪਹੁੰਚਣ ਲਈ 600 ਸਾਲ ਲੱਗ ਜਾਣਗੇ ਪਰ ਸਾਡੀ ਕੰਮਕਾਜ ਕਰਨ ਵਾਲੀ ਇਨਸਾਨੀ ਉਮਰ ਤਾਂ 50-55 ਸਾਲ ਹੀ ਹੁੰਦੀ ਹੈ, ਫਿਰ ਇਸ ਤਾਰੇ ਕੋਲ ਪਹੁੰਚਣ ਲਈ ਤਾਂ ਸਾਨੂੰ ਪੀੜ੍ਹੀ ਦਰ ਪੀੜ੍ਹੀ ਲਗਭਗ 24-25 ਪੀੜ੍ਹੀਆਂ ਦੇ ਵਿਅਕਤੀਆਂ ਦੀ ਲੋੜ ਪਵੇਗੀ !!!

ਹਾਂ, ਅਗਲੀ ਗੌਰਤਲਬ ਗੱਲ ਇਹ ਵੀ ਹੈ ਕਿ ਇਹ ਤਾਰਾ ਸਾਡੇ ਸੂਰਜ ਤੋਂ ਲਗਭਗ 750 ਗੁਣਾ ਵੱਡਾ ਹੈ। ਇਸਦਾ ਵਿਆਸ ਇੰਨ੍ਹਾਂ ਵੱਡਾ ਹੈ ਕਿ ਸਾਡੇ ਸੂਰਜ ਮੰਡਲ ਦੇ 4 ਗ੍ਰਹਿ ਬੁੱਧ, ਸ਼ੁੱਕਰ, ਧਰਤੀ ਅਤੇ ਮੰਗਲ ਵੀ ਇਸਦੇ ਕਲਾਵੇ ਵਿਚ ਆ ਜਾਣਗੇ। ਅਤੇ ਸਾਡੇ ਵਾਸਤੇ ਸੂਰਜ ਦੇਵਤੇ ਵਾਂਗ ਇੱਕ 'ਜੇਠਾ ਦੇਵਤਾ' ਵੀ ਹੋਵੇਗਾ। ਦੋਸਤੋ, ਇਹੀ ਨਹੀਂ ਇਸ ਦੀ ਚਮਕ ਸਾਡੇ ਸੂਰਜ ਤੋਂ 10,000 ਗੁਣਾਂ ਤੇਜ਼ ਹੈ ਭਾਵ ਸਾਨੂੰ ਇਸਦੀ ਚਮਕ ਤੋਂ ਬਚਣ ਲਈ ਸਾਡੀ ਅੱਜ ਦੀ ਸੂਰਜ ਅਤੇ ਧਰਤੀ ਵਿਚਕਾਰ ਦੀ

ਦੂਰੀ ਤੋਂ ਦਸ ਹਜ਼ਾਰ ਗੁਣਾਂ ਦੂਰ ਹੀ ਰਹਿਣਾ ਪਵੇਗਾ।

ਸਾਥੀਓ, ਇਸਦਾ ਪੁੰਜ ਇੰਨ੍ਹਾਂ ਵੱਡਾ ਹੈ ਕਿ ਇਸ ਤਾਰੇ ਤੋਂ ਸਾਡੇ ਸੂਰਜ ਵਰਗੇ 17-18 ਸੂਰਜ ਬਣ ਸਕਦੇ ਹਨ। ਇਸ ਤਾਰੇ ਵਿਚ ਹੁਣ ਹਾਈਡ੍ਰੋਜਨ ਗੈਸ ਖਤਮ ਹੋ ਚੁੱਕੀ ਹੈ ਅਤੇ ਹੁਣ ਇਸ ਵਿਚ ਹੀਲੀਅਮ ਗੈਸ ਦੇ ਧਮਾਕਿਆਂ ਤੋਂ ਬਾਅਦ ਹੋਰ ਵੱਡੇ ਪ੍ਰਮਾਣੂ ਬਣ ਰਹੇ ਹਨ।ਇਹ ਤਾਰਾ ਤੁਸੀਂ ਸਤੰਬਰ 2016 ਦੇ ਮੱਧ ਤੱਕ ਬਹੁਤ ਹੀ ਸਪੱਸ਼ਟ ਵੇਖ ਸਕਦੇ ਹੋ। ਹਨੇਰਾ ਹੁੰਦੇ ਹੀ ਦੱਖਣ ਵੱਲ ਮੂੰਹ ਕਰਕੇ ਅਸਮਾਨ ਵੱਲ ਤੱਕੋ। ਬ੍ਰਿਸ਼ਚਕ ਰਾਸ਼ੀ ਵਿੱਚ ਲਾਲ ਰੰਗ ਦਾ ਤਾਰਾ ਇਹ 'ਜੇਠਾ' ਤਾਰਾ ਹੀ ਹੈ ਇਸਦੇ ਉਪਰ ਸ਼ਨੀ ਗ੍ਰਹਿ ਹੈ ਅਤੇ ਇਸਦੇ ਪੂਰਬ ਵਾਲੇ ਪਾਸੇ ਬਹੁਤ ਲਾਲ ਭਾਹ ਮਾਰਦਾ ਤਾਰਾ ਅਸਲ ਵਿਚ ਮੰਗਲ ਗ੍ਰਹਿ ਹੈ।

ਇਹ ਜੇਠਾ ਤਾਰਾ ਬੁਰੀ ਤਰ੍ਹਾਂ ਖ਼ੌਲ ਰਿਹਾ ਹੈ। ਬ੍ਰਹਿਮੰਡ



ਚਿੱਤਰ ਨੰ 2

ਵਿੱਚ ਸਾਂਤੀ ਨਹੀਂ ਹੈ।ਹੁਣ ਤੁਹਾਡਾ ਅਗਲਾ ਪ੍ਰਸ਼ਨ ਸ਼ਾਇਦ ਇਹ ਹੋਵੇ ਕਿ ਕੀ ਬ੍ਰਹਿਮੰਡ ਵਿੱਚ ਕੁਝ ਹੋਰ ਤਰ੍ਹਾਂ ਦੇ ਵੀ ਧਮਾਕੇ ਹੋ ਸਕਦੇ ਹਨ ? ਉੱਤਰ ਹੈ, ਹਾਂ, ਕਿਉਂ ਨਹੀਂ। ਤਾਰਿਆਂ ਦੇ ਬਣਨ ਵੇਲੇ ਧਮਾਕੇ, ਤਾਰੇ ਦੀ ਭਰ ਜਵਾਨੀ ਸਮੇਂ ਧਮਾਕੇ ਤਾਰੇ ਦੀ ਮੌਤ ਸਮੇਂ "ਨੋਵਾ" ਅਤੇ "ਸੁਪਰਨੋਵਾ" ਧਮਾਕੇ। ਗਲੈਕਸੀਆਂ ਦੇ ਆਪਸੀ ਟਕਰਾਅ ਸਮੇਂ ਧਮਾਕੇ, ਨਿਊਟ੍ਰਾਨ ਤਾਰਿਆਂ ਅਤੇ ਕੁਆਜਰਜ ਦੀ ਗਰਮੀ ਕਾਰਨ ਪੈਦਾ ਹੋਏ ਗੈਸੀ ਧਮਾਕੇ। ਗਲੈਕਸੀਆਂ ਦੇ ਵਿਚਕਾਰ ਸਥਿਤ "ਪੁਲਾੜੀ ਬੱਦਲਾਂ" ਦੇ ਆਪਸ ਵਿੱਚ ਕਿਰਿਆਵਾਂ ਕਾਰਨ ਪੈਦਾ ਹੋਏ ਧਮਾਕੇ।

ਦੋਸਤੋ, ਸਤੰਬਰ ਮਹੀਨੇ ਤਾਂ ਸਪਤ ਰਿਸ਼ੀ ਦੇ ਸੂਚਕ ਤਾਰੇ ਛੁਪ ਜਾਂਦੇ ਹਨ ।ਸਾਨੂੰ 'ਧਰੂ-ਤਾਰਾ' ਲੱਭਣ ਲਈ ਹੁਣ ਇਕ ਹੋਰ ਤਾਰਾ ਸਮੂਹ ਦੀ ਮੱਦਦ ਲੈਣੀ ਪਵੇਗੀ, ਉਸਦਾ ਨਾਮ ਹੈ 'ਕੈਸੀਓਪੀਆ'.. ਇਸ ਨੂੰ ਭਾਰਤ ਵਿੱਚ "ਸ਼ਰਮਿਸ਼ਠਾ" ਵੀ ਕਿਹਾ ਜਾਂਦਾ ਹੈ। ਕੈਸੀਓਪੀਆ ਮਤਲਬ ਜਿਹੜੇ ਤਾਰੇ ਡਬਲਯੂ ਦਾ ਅਕਾਰ ਬਣਾਉਂਦੇ ਹਨ। ਇਹ ਤਾਰਾ ਸਮੂਹ ਤੁਸੀਂ ਉੱਤਰ-ਪੂਰਬ ਦੇ ਅਕਾਸ਼ ਵਿਚ ਰਾਤ ਪੈਂਦੇ ਹੀ ਵੇਖ ਸਕਦੇ ਹੋ। ਤਾਰਿਆਂ ਬਾਰੇ ਇੱਕ ਰੌਚਕ ਜਾਣਕਾਰੀ ਲਈ ਹੁਣ ਸਾਨੂੰ "ਕੈਸੀਓਪੀਆ" ਤਾਰਾ ਸਮੂਹ ਦੀ ਮੱਦਦ ਲੈਣੀ ਪਵੇਗੀ। ਸੰਨ 1054 ਈ: ਵਿੱਚ ਚੀਨੀਆਂ ਨੇ ਇਸ ਤਾਰਾ-ਸਮੂਹ ਵਿੱਚ ਇੱਕ ਬਹੁਤ ਹੀ 'ਚਮਕਦਾਰ ਤਾਰਾ' ਵੇਖਿਆ। ਇਹ ਕੁਝ ਸਮੇਂ ਤੱਕ ਤਾਂ ਬਹੁਤ ਚਮਕਦਾ ਰਿਹਾ ਅਤੇ ਫਿਰ ਹੌਲੀ-ਹੌਲੀ ਪੁਲਾੜ ਦੇ ਹਨੇਰੇ ਵਿੱਚ ਗਾਇਬ ਹੋ ਗਿਆ।ਫੇਰ ਮੁੜ ਕੇ ਕਦੇ ਨਜ਼ਰ ਨਹੀਂ ਆਇਆ ? ਅੱਜ ਵੀ ਇਹ ਨਜ਼ਰ ਨਹੀਂ ਆ ਰਿਹਾ।ਕਿਉਂਕਿ ਇਹ ਤਾਰੇ ਦੀ ਮੌਤ 1054 ਈ: ਨੂੰ "ਸੁਪਰਨੋਵਾ ਧਮਾਕੇ" ਨਾਲ ਹੋ ਗਈ ਅਤੇ ਇਸ ਵਿੱਚੋਂ ਪ੍ਰਕਾਸ਼ ਆਉਣਾ ਬੰਦ ਹੋ ਗਿਆ। ਪਰ ਇਸ ਨੂੰ ਦੁਬਾਰਾ ਵੇਖਿਆ ਨਾਸ਼ਾ ਦੁਆਰਾ 1999 ਵਿੱਚ ਪੁਲਾੜ 'ਚ ਛੱਡੀ ਗਈ "ਚੰਦਰਾ-ਐਕਸ-ਰੇ ਦੂਰਬੀਨ" ਨੇ।ਹੈਰਾਨ ਨਾ ਹੋਣਾ ਸਾਡੀਆਂ ਅੱਖਾਂ ਸਿਰਫ ਪ੍ਰਕਾਸ਼ ਦਾ ਗਿਆਨ ਹੀ ਕਰਵਾ ਸਕਦੀਆਂ ਹਨ ਜਿਹੜਾ ਕਿ ਇਸ ਤਾਰੇ ਵਿਚੋਂ ਆਉਣਾ ਬੰਦ ਹੋ ਗਿਆ ਸੀ। ਅਸਲ ਵਿੱਚ ਤਾਰੇ ਦੀ ਮੌਤ ਤੋਂ ਬਾਅਦ, ਉਸਦੇ "ਬਾਕੀ ਬਚਦੇ ਪੁੰਜ ਵਿੱਚੋਂ ਸਿਰਫ਼ 'ਐਕਸ-ਕਿਰਨਾਂ' ਹੀ ਨਿਕਲ ਰਹੀਆਂ ਸਨ। ਸਾਡੀਆਂ ਅੱਖਾਂ ਐਕਸ-ਕਿਰਨਾਂ ਨੂੰ ਵੇਖ ਨਹੀਂ ਸਕਦੀਆਂ।ਪਰ ਜਦੋਂ 'ਐਕਸ-ਰੇ ਦੂਰਬੀਨ ਚੰਦਰਾ' ਧਰਤੀ ਦੁਆਲੇ ਪੁਲਾੜ ਵਿੱਚ ਚੱਕਰ ਕੱਢਣ ਲੱਗੀ ਤਾਂ ਇਸ ਨੇ ਕੈਸੀਓਪੀਆ ਵਿੱਚ ਮਰ ਚੁੱਕੇ ਤਾਰੇ ਵਿੱਚੋਂ ਆ ਰਹੀਆਂ 'ਐਕਸ ਕਿਰਨਾਂ' ਨੂੰ ਲੱਭ ਲਿਆ ਅਤੇ 1054 ਵਿੱਚ ਮਰ ਚੁੱਕੇ ਤਾਰੇ ਦੀ ਰਹਿੰਦ-ਖੂੰਹਦ ਦਾ ਪਤਾ ਲਗਾ ਲਿਆ। ਸਾਥੀਓ, ਇਹ ਸਭ ਕੁੱਝ ਸਿਰਫ ਵਿਗਿਆਨ ਅਤੇ ਤਕਨਾਲੋਜ਼ੀ ਦੁਆਰਾ ਹੀ ਸੰਭਵ ਹੈ। ਸਾਡੇ ਤਾਰਾ-ਵਿਗਿਆਨੀਆਂ ਨੇ ਐਨੇ ਸਾਲ ਪਹਿਲਾਂ ਮਰ ਚੁੱਕੇ ਤਾਰੇ ਦਾ ਖੁਰਾ-ਖੋਜ ਵੀ ਲੱਭ ਲਿਆ ਅਤੇ ਇਸ ਤਾਰੇ ਦਾ ਨਾਮ "ਕੈਸੀਓਪੀਆ-ਏ" ਵੀ ਰੱਖ ਦਿੱਤਾ।

ਦੋਸਤੋ, ਮੈਨੂੰ ਤੁਹਾਡੇ ਅਗਲੇ ਪ੍ਰਸ਼ਨ ਦਾ ਖਿਆਲ ਹੈ ਕਿ ਤੁਸੀਂ ਇਹ ਜਰੂਰ ਪੁਛੋਗੇ ਕਿ ਇਸ ਧਮਾਕੇ ਤੋਂ ਬਾਅਦ ਹੁਣ ਉੱਥੇ ਕੀ ਵਾਪਰ ਰਿਹਾ ਹੈ ? ਇਸ ਤਾਰੇ ਵਿੱਚ ਧਮਾਕੇ ਤੋਂ ਬਾਅਦ ਬਚ ਗਿਆ ਇੱਕ ਘੁੰਮਦਾ ਹੋਇਆ "ਨਿਊਟ੍ਰਾਨ ਤਾਰਾ" ਬਾਕੀ ਬਾਹਰਲਾ ਪੁੰਜ ਪੁਲਾੜ ਵਿੱਚ ਖਿਲਰਨ ਲੱਗ ਪਿਆ।

ਇਸ ਸਾਰੇ ਮਲਬੇ ਨੂੰ ਨਾਮ ਦਿੱਤਾ ਗਿਆ "ਕਰੈਬ ਨੇਬੂਲਾ"(ਚਿੱਤਰ ਨੰ 2)। ਇਸ ਨੇਬੂਲਾ ਦਾ ਪੁੰਜ, ਧਮਾਕੇ ਤੋਂ ਬਾਹਰ ਵੱਲ ਕਰੋੜਾਂ ਕਿਲੋਮੀਟਰ ਪ੍ਰਤੀ ਘੰਟਾ ਦੇ ਹਿਸਾਬ ਨਾਲ ਚੱਲਣ ਲੱਗਾ ਅਤੇ ਪੁਲਾੜ ਵਿੱਚ ਸਥਿਤ ਹੋਰ ਪੁਲਾੜੀ ਗੈਸ ਦੇ ਬੱਦਲਾਂ ਨਾਲ ਟਕਰਾਇਆ। ਇਸ ਟੱਕਰ ਦਾ ਸਿੱਟਾ ਇਹ ਨਿਕਲਿਆ ਕਿ ਜ਼ੋਰਦਾਰ ਝਟਕੇ ਸਦਕਾ "ਝਟਕਾ ਤਰੰਗਾਂ" ਪੈਦਾ ਹੋਈਆਂ। ਇਹਨਾਂ "ਝਟਕਾ-ਤਰੰਗਾਂ" ਨੇ ਫਿਰ ਅੱਗੇ ਪੈਦਾ ਕੀਤੀਆਂ ਐਕਸ-ਕਿਰਨਾਂ ਅਤੇ ਹੁਣ ਇਹਨਾਂ ਐਕਸ-ਕਿਰਨਾਂ ਨੂੰ ਐਕਸ-ਰੇ ਦੂਰਬੀਨ ਨੇ ਪਹਿਚਾਣ ਲਿਆ ਅਤੇ "ਕੈਸੀਓਪੀਆ-ਏ" ਤਾਰਾ ਲੱਭ ਲਿਆ ਗਿਆ ।

ਸੱਚਮੁੱਚ ਇਹ "ਕੈਸੀਓਪੀਆ-ਏ" ਤਾਰੇ ਦੀ ਰੋਸ਼ਨੀ

ਤਾਂ ਅਸੀਂ ਗਵਾ ਹੀ ਚੁੱਕੇ ਹਾਂ। ਪਰ ਇਸਦਾ ਬਚਿਆ-ਖੁਚਿਆ ਮਲਬਾ ਹਾਲੇ ਵੀ ਉਸੇ ਸਥਾਨ ਉੱਪਰ ਹੀ ਸਥਿਤ ਹੈ ਅਤੇ ਇਹ ਬ੍ਰਹਿਮੰਡ ਦੀ ਕੜਾਹੀ ਵਿੱਚ ਅੱਜ ਵੀ ਖੌਲ ਰਿਹਾ ਹੈ! ਇਹ ਤਾਰਾ ਸਾਥੋਂ 6000 ਪ੍ਰਕਾਸ਼ ਸਾਲ ਦੂਰ ਹੈ!!! ਤਾਰੇ ਅਸਲ ਵਿੱਚ ਗਰਮੀ ਨਾਲ ਉਬਲਦੇ ਪੁਲਾੜੀ ਪਿੰਡ ਹਨ ਅਤੇ ਆਪਣੀ ਗਰਮੀ ਅਤੇ ਕਣਾਂ ਦੀਆਂ ਟੱਕਰਾਂ ਨਾਲ ਅਦਿੱਖ-ਤਰੰਗਾਂ ਪੈਦਾ ਕਰਦੇ ਹਨ।

ਸਾਡਾ ਜੇਠਾ ਤਾਰਾ ਵੀ ਧਮਾਕਾ-ਖੇਜ ਅਤੇ ਖ਼ੌਲਦਾ ਤਾਰਾ ਹੈ? ਇਸ ਤਾਰੇ ਨੂੰ ਅੰਗਰੇਜ਼ੀ ਵਿੱਚ **Antares** ਕਿਹਾ ਜਾਂਦਾ ਹੈ। ਇਹ ਅਕਾਰ ਵਿੱਚ ਵੱਡਾ ਹੋ ਰਿਹਾ ਹੈ ਅਤੇ ਅੱਜ ਕੱਲ ਇਹ “ਲਾਲ-ਦਾਨਵ” ਤਾਰੇ ਦੇ ਰੂਪ ਵਿੱਚ ਚਮਕ ਰਿਹਾ ਹੈ। ਇਸ ਵਿਚ ਧਮਾਕੇ ਲਗਾਤਾਰ “ਕਈ ਕਰੋੜ” ਸਾਲਾਂ ਤੱਕ ਚਲਦੇ ਰਹਿਣਗੇ ਅਤੇ ਫਿਰ ਇਸ ਵਿੱਚ ਵੱਡਾ ਧਮਾਕਾ ਭਾਵ “ਸੁਪਰਨੋਵਾ” ਹੋਵੇਗਾ। ਇਸ ਦੀ ਰੋਸ਼ਨੀ ਬਹੁਤ ਵਧ ਜਾਵੇਗੀ। ਅਕਾਸ਼ ਵਿੱਚ ਇਹ ਇੱਕ ਅਦਭੁਤ ਨਜ਼ਾਰਾ ਹੋਵੇਗਾ। ਪਰ ਇਸ ਧਮਾਕੇ ਤੋਂ ਬਾਅਦ ਸਾਡਾ ਇਹ ਜੇਠਾ-ਨਛੱਤਰ ਰੋਸ਼ਨੀ ਦੇਣੀ ਬੰਦ ਕਰ ਦੇਵੇਗਾ ਅਤੇ ਫਿਰ “ਕੈਸੀਓਪੀਆ-ਏ” ਤਾਰੇ ਵਾਂਗ ਸਿਰਫ਼ “ਐਕਸ-ਕਿਰਨਾਂ”, ਗਾਮਾ-ਕਿਰਣਾਂ, ਪਰਾਵੈਂਗਣੀ ਕਿਰਨਾ ਹੀ ਦੇਵੇਗਾ।

ਫਿਰ ਕਰੋੜਾਂ ਸਾਲਾਂ ਬਾਅਦ ਦੇ ਜ਼ੋਤਿਸ਼ੀ ਕੀ ਕਰਨਗੇ ਜਦੋਂ ਸਾਡਾ ‘ਜੇਠਾ ਤਾਰਾ’ ਹੀ ਖਤਮ ਹੋ ਗਿਆ। ਕੀ ਕਰਨਗੀਆਂ ਜੰਤਰੀਆਂ ਜੇਠਾ ਨਛੱਤਰ ਦਾ ਨਵਾਂ ਨਾਂ ਕੀ ਹੋਵੇਗਾ?ਖੈਰਕਰੋੜਾਂ ਸਾਲਾਂ ਬਾਅਦ ਜੋ ਸੱਚ ਸਾਹਮਣੇ ਆਵੇਗਾ ਉਹ ਅਸੀਂ ਅੱਜ ਇਸ ਕਰਕੇ ਬਿਆਨ ਕਰ ਰਹੇ ਹਾਂ ਕਿ ਜੇਕਰ ਉਹਨਾਂ ਲੋਕਾਂ ਦੇ ਕੰਮਕਾਰ ਇਸ ਨਛੱਤਰ ਬਿਨਾਂ ਚਲਦੇ ਰਹਿਣਗੇ ਤਾਂ ਫਿਰ ਅਸੀਂ ਐਵੇਂ ਹੀ ਚੱਕਰਾਂ ਵਿਚ ਪਏ ਫਿਰਦੇ ਹਾਂ .ਭਾਵ ਸਾਡੇ ਸਾਰੇ ਕੰਮਕਾਰ ਅੱਜ ਵੀ ਇਹਨਾਂ ਨਛੱਤਰਾਂ ਦੀ ਹੋਣੀ ਉਪਰ ਨਿਰਭਰ ਨਹੀਂ ਕਰਦੇ। ਸਾਨੂੰ ਇਹਨਾਂ ਅੰਧ-ਵਿਸ਼ਵਾਸਾਂ ਨੂੰ ਅੱਜ ਤੋਂ ਹੀ ਤਿਲਾਂਜਲੀ ਦੇ ਦੇਣੀ ਚਾਹੀਦੀ ਹੈ।

ਤਾਰੇ ਜਨਮ ਲੈਂਦੇ ਰਹਿਣਗੇ, ਬੁੱਢੇ ਹੁੰਦੇ ਰਹਿਣਗੇ, ਮਰਦੇ ਰਹਿਣਗੇ ਸਾਡੇ ਤੋਂ ਦੂਰ.. ਬਹੁਤ ਦੂਰ। ਵਿਗਿਆਨ ਇਹਨਾਂ ਭੇਤਾਂ ਦੀ ਗੁੱਥੀ ਸੁਲਝਾਉਂਦਾ ਰਹੇਗਾ ਅਤੇ ਜ਼ੋਤਿਸ਼ੀ ਇਹਨਾਂ ਗੁੰਝਲਾਂ ਦਾ ਸਹਾਰਾ ਲੈ ਕੇ, ਗਿਆਨ ਵਿਹੂਣੀ ਅਤੇ ਚੇਤਨਾ ਤੋਂ ਸੱਖਣੀ ਜਨਤਾ ਨੂੰ ਮੂਰਖ ਬਣਾ ਕੇ ਆਪਣਾ ਪੇਟ ਪਾਲਣ ਦੀ ਕੋਸ਼ਿਸ਼ ਵਿਚ ਲੱਗੇ ਰਹਿਣਗੇ। ਸੋ ਇਸ ਲੁੱਟ ਤੋਂ ਬਚਣ ਲਈ ਚੇਤੰਨ ਹੋਣਾ ਜਰੂਰੀ ਹੈ। ਦੋਸਤੋ, ਬਾਕੀ ਦੇ 27 ਨਛੱਤਰਾਂ ਬਾਰੇ ਵੀ ਗੱਲ ਕੀਤੀ ਜਾ ਸਕਦੀ ਹੈ ਪਰ ਅਸੀਂ ਆਪਣੀ ਯਾਤਰਾ ਦੇ ਅਗਲੇ ਪੜਾਅ ਗਲੈਕਸੀ ਬਾਰੇ ਜਾਣਕਾਰੀ ਲੈਣ ਲਈ ਪਹੁੰਚਾਂਗੇ ਗਲੈਕਸੀਆਂ ਦੇ ਵਿਚਕਾਰ। ਯਾਤਰਾ ਜਾਰੀ ਹੈ .. ਸਾਥ ਦਿੰਦੇ ਰਹਿਣਾ। (ਚਲਦਾ) **94634-89789**

ਤਾਂਤ੍ਰਿਕ ਕਾਲਾ ਖਾਂ ਦੇ ਕੂੜ ਦੀ ਦੁਕਾਨ ਹੋਈ ਬੰਦ

ਆਜ਼ਾਦ ਵੈਲਫੇਅਰ ਸੋਸਾਇਟੀ (ਰਜਿ:) ਕਿਲਾ ਭਰੀਆਂ (ਸੰਗਰੂਰ) ਦੇ ਆਗੂਆਂ ਜਸਵੀਰ ਸਿੰਘ, ਬਲਜੀਤ ਸਿੰਘ, ਲਖਵੀਰ ਸਿੰਘ, ਕੁਲਦੀਪ ਸਿੰਘ, ਪਾਲਵਿੰਦਰ ਸਿੰਘ, ਜਸਪਾਲ ਸਿੰਘ, ਹਰਪ੍ਰੀਤ ਸਿੰਘ, ਚਮਕੌਰ ਸਿੰਘ, ਕੁਲਵਿੰਦਰ ਸਿੰਘ, ਹਰਦੇਵ ਸਿੰਘ, ਸਿਮਰਦੀਪ ਸਿੰਘ, ਤਰਨਦੀਪ ਸਿੰਘ ਗੁਰੀ ਆਦਿ ਵੱਲੋਂ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਲੌਂਗੋਵਾਲ ਨੂੰ ਲਿਖਤੀ ਤੌਰ ਤੇ ਇੱਕ ਪੱਤਰ ਦੇ ਕੇ ਬੇਨਤੀ ਕੀਤੀ ਗਈ ਕਿ ਉਹਨਾਂ ਦੇ ਪਿੰਡ ਵਿੱਚ ਕਾਲਾ ਖਾਂ ਨਾਂ ਦਾ ਪਾਖੰਡੀ ਬਾਬਾ ਗੈਬੀ ਸ਼ਕਤੀ ਰਾਹੀਂ ਮੁੰਡਾ ਪੈਦਾ ਕਰਨ ਦਾ ਦਾਅਵਾ ਕਰਕੇ, ਬਿਮਾਰੀਆਂ ਦਾ ਬਿਨ੍ਹਾਂ ਦਵਾਈ ਤੋਂ ਇਲਾਜ ਕਰਨ ਦਾ ਦਾਅਵਾ ਕਰਕੇ, ਲੋਕਾਂ ਦੀ ਆਰਥਿਕ ਅਤੇ ਮਾਨਸਿਕ ਲੁੱਟ ਕਰ ਰਿਹਾ ਹੈ, ਲੋਕਾਂ ਨੂੰ ਅੰਧਵਿਸ਼ਵਾਸਾਂ ਵਿੱਚ ਪਾ ਕੇ ਆਪਸ ਵਿੱਚ ਲੜਾ ਰਿਹਾ ਅਤੇ ਇਸ ਤਰ੍ਹਾਂ ਦੇ ਕੰਮ ਕੁੱਝ ਹੋਰ ਮਰਦ-ਔਰਤਾਂ ਵੀ ਪਿੰਡ ਵਿੱਚ ਕਰ ਰਹੇ ਹਨ। ਇਹਨਾਂ ਆਗੂਆਂ ਨੇ ਇਸ ਮਾਮਲੇ ਵਿੱਚ ਇਕਾਈ ਤੋਂ ਸਹਾਇਤਾ ਦੀ ਮੰਗ ਕੀਤੀ ਤਾਂ ਜੋ ਕਲੱਬ ਪਿੰਡ ਵਿੱਚੋਂ ਅੰਧਵਿਸ਼ਵਾਸੀ, ਵਹਿਮਾਂ-ਭਰਮਾਂ ਵਾਲਾ ਮਾਹੌਲ ਖਤਮ ਕਰ ਸਕੇ। ਇਕਾਈ ਲੌਂਗੋਵਾਲ ਵੱਲੋਂ ਐਸ.ਐਚ.ਓ. ਥਾਣਾ ਲੌਂਗੋਵਾਲ ਨੂੰ ਇੱਕ ਪੱਤਰ ਰਾਹੀਂ ਇਸ ਗੈਬੀਸ਼ਕਤੀ ਦੇ ਦਾਅਵੇਦਾਰ ਨੂੰ ਚੁਣੌਤੀ ਕੀਤੇ ਜਾਣ ਬਾਰੇ ਸੂਚਿਤ ਕਰਕੇ ਅਤੇ ਉਸ ਖਿਲਾਫ਼ ਕਾਨੂੰਨੀ ਕਾਰਵਾਈ ਦੀ ਮੰਗ ਕਰਕੇ, ਪਿੰਡ ਕਿਲਾ ਭਰੀਆਂ ਵਿਖੇ ਇਸ ਤਾਂਤ੍ਰਿਕ ਕਾਲਾ ਖਾਂ ਨੂੰ ਸੁਸਾਇਟੀ ਵੱਲੋਂ ਰੱਖੀਆਂ ਗਈਆਂ 23 ਸ਼ਰਤਾਂ ਅਧੀਨ ਜਨਤਕ ਤੌਰ ਤੇ ਚੁਣੌਤੀ ਦਿੱਤੀ ਗਈ। ਕਾਲਾ ਖਾਨ ਦੇ ਘਰ ਦੇ ਨੇੜਲੇ ਸਥਾਨ ਤੇ ਢੀਂਡਸਿਆਂ ਦੀ ਧਰਮਸ਼ਾਲਾ ਵਿਖੇ ਵੱਡਾ ਇਕੱਠ ਕਰਕੇ ਇਹ ਚੁਣੌਤੀ ਦਿੱਤੀ ਗਈ ਅਤੇ ਪਿੰਡ ਦੇ ਦੋ ਮੋਹਤਬਰਾਂ ਪਰਮਜੀਤ ਸਿੰਘ ਗਰੇਵਾਲ, ਲੀਲਾ ਖਾਂ ਨੂੰ ਭੇਜਕੇ ਲਿਖਤੀ ਤੌਰ ਤੇ ਵੀ ਇਹ ਸ਼ਰਤਾਂ ਉਸ ਕੋਲ ਭੇਜੀਆਂ ਗਈਆਂ। ਇਕੱਠ ਨੂੰ ਜ਼ੋਨ ਆਗੂ ਜੁਝਾਰ ਲੌਂਗੋਵਾਲ, ਇਕਾਈ ਆਗੂਆਂ ਰਣਜੀਤ ਸਿੰਘ, ਕਮਲਜੀਤ ਸਿੰਘ, ਬੀਰਬਲ ਸਿੰਘ, ਸੂਬਾ ਆਗੂ ਬਲਬੀਰ ਚੰਦ ਲੌਂਗੋਵਾਲ ਨੇ ਸੰਬੋਧਨ ਕਰਦਿਆਂ ਤਰਕਸ਼ੀਲ ਸੁਸਾਇਟੀ ਦੀ ਵਿਚਾਰਧਾਰਾ ਸਮੁੱਚੇ ਪਿੰਡ ਨਾਲ ਸਾਂਝੀ ਕੀਤੀ ਅਤੇ ਸਟੇਜ ਤੋਂ ਕਾਲਾ ਖਾਂ ਨੂੰ ਚੁਣੌਤੀ ਦਿੱਤੀ। ਕੁਲਦੀਪ ਸਿੰਘ ਨੇ ਅਗਾਂਹਵਧੂ ਗੀਤ ਪੇਸ਼ ਕੀਤਾ। ਮੋਹਤਬਰਾਂ ਰਾਹੀਂ ਮੌਕੇ ਤੇ ਹੀ ਕਾਲਾ ਖਾਂ ਨੇ ਆਪਣਾ ਸੁਨੇਹਾ ਭੇਜਿਆ ਕਿ ਮੇਰੇ ਕੋਲ ਕੋਈ ਗੈਬੀ ਸ਼ਕਤੀ ਨਹੀਂ, ਮੈਂ ਕੋਈ ਵੀ ਸ਼ਰਤ ਪੂਰੀ ਨਹੀਂ ਕਰ ਸਕਦਾ ਅਤੇ ਮੈਂ ਭਵਿੱਖ ਵਿੱਚ ਪੁੱਛਾ ਦੱਸਣ ਦਾ ਕੰਮ ਨਹੀਂ ਕਰਾਂਗਾ। ਇਸ ਸੰਬੰਧੀ ਉਸਨੇ ਪਿੰਡ ਦੇ ਸਰਪੰਚ, ਨੰਬਰਦਾਰ, ਮੈਂਬਰਾਂ, ਸਾਬਕਾ ਮੈਂਬਰਾਂ ਅਤੇ ਹੋਰ ਮੋਤਹਬਰਾਂ ਵੱਲੋਂ ਤਸਦੀਕ ਲਿਖਤੀ ਮੁਆਫੀਨਾਮਾ ਥਾਣਾ ਲੌਂਗੋਵਾਲ ਵਿੱਚ ਇੱਕ ਇਕੱਠ ਵਿੱਚ ਵੀ ਦਿੱਤਾ ਅਤੇ ਅੱਗੇ ਤੋਂ ਇਹ ਲੁੱਟਣ ਵਾਲਾ ਧੰਦਾ ਬੰਦ ਕਰਨ ਦਾ ਜਨਤਕ ਤੌਰ ਤੇ ਐਲਾਨ ਕੀਤਾ।

-ਕਮਲਜੀਤ ਸਿੰਘ ਵਿੱਕੀ

ਮਨੁੱਖੀ ਹੋਂਦ ਦੋ ਥੰਮ੍ਹਾਂ ਉੱਤੇ ਖੜ੍ਹੀ ਹੈ : ਦੂਜੇ ਮਨੁੱਖਾਂ ਲਈ ਸਰੋਕਾਰ ਅਤੇ ਗਿਆਨ। ਗਿਆਨ ਤੋਂ ਬਿਨਾਂ ਦੂਜਿਆਂ ਲਈ ਸਰੋਕਾਰ ਕਾਰਗਰ ਨਹੀਂ ਰਹਿੰਦਾ ਅਤੇ ਦੂਜਿਆਂ ਲਈ ਸਰੋਕਾਰ ਤੋਂ ਵਿਹੂਣਾ ਗਿਆਨ ਅਣਮਨੁੱਖੀ ਹੈ।
-ਵਿਕਟਰ ਵੀਸਕੌਫ

ਮਨੋਰੋਗ ਮਾਹਿਰ ਦੀ ਕਲਮ ਤੋਂ

- ਡਾ. ਬਲਵੰਤ ਸਿੱਧੂ

? ਮੇਰੀ 22 ਸਾਲ ਦੀ ਬੇਟੀ ਜਦੋਂ ਵੀ ਪ੍ਰੇਸ਼ਾਨ ਹੁੰਦੀ ਹੈ ਤਾਂ ਬਹੁਤ ਖਾਂਦੀ ਹੈ ਅਤੇ ਬਹੁਤ ਮੋਟੀ ਹੋ ਰਹੀ ਹੈ। ਕਾਫੀ ਡਾਕਟਰਾਂ ਨੂੰ ਦਿਖਾ ਚੁੱਕਿਆ ਹਾਂ ਕੋਈ ਵੀ ਬਿਮਾਰੀ ਨਹੀਂ ਲੱਭਦੀ ਅਤੇ ਸਾਰੇ ਟੈਸਟ ਠੀਕ ਹਨ। ਸੁਝਾਅ ਦਿਓ ਕੀ ਕਰੀਏ ?

ਜੁਆਬ:- ਕਹਾਵਤ ਹੈ **Food is the most abused anti-anxiety drug and exercise is the most underutilised anti-depressant drug."** ਇਸ ਦਾ ਭਾਵ ਇਹ ਹੈ ਕਿ ਚਿੰਤਾ ਜਾਂ ਘਬਰਾਹਟ ਦੂਰ ਕਰਨ ਲਈ ਭੋਜਨ ਦੀ ਸਭ ਤੋਂ ਜ਼ਿਆਦਾ ਦੁਰਵਰਤੋਂ ਅਤੇ ਉਦਾਸੀ ਠੀਕ ਕਰਨ ਲਈ ਕਸਰਤ ਦੀ ਸਭ ਤੋਂ ਘੱਟ ਵਰਤੋਂ ਕੀਤੀ ਜਾਂਦੀ ਹੈ। ਇਸ ਕਹਾਵਤ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਵਿਅਕਤੀ ਅਕਸਰ ਹੀ ਚਿੰਤਾ ਜਾਂ ਘਬਰਾਹਟ ਵਿੱਚ ਜ਼ਿਆਦਾ ਜਾਂ ਬੇਲੋੜਾ ਖਾਂਦਾ ਹੈ। ਜਾਂ ਇਉਂ ਕਹਿ ਲਵੋ ਕਿ ਜਦੋਂ ਵੀ ਅਸੀਂ ਪ੍ਰੇਸ਼ਾਨ ਹੁੰਦੇ ਹਾਂ ਤਾਂ ਅਸੀਂ ਬਿਨ੍ਹਾਂ ਲੋੜ ਤੋਂ ਖਾਂਦੇ ਹਾਂ। ਅਸੀਂ ਸਾਰੇ ਜਾਣਦੇ ਹਾਂ ਕਿ ਕੋਈ ਵੀ ਵਿਅਕਤੀ ਆਮ ਤੌਰ ਤੇ ਕੇਵਲ ਉਦੋਂ ਹੀ ਭੋਜਨ ਖਾਂਦਾ ਹੈ ਜਦੋਂ ਉਸ ਨੂੰ ਭੁੱਖ ਲੱਗੀ ਹੋਵੇ ਜਾਂ ਇਉਂ ਕਹਿ ਲਵੋ ਕਿ ਜਦੋਂ ਸਰੀਰ ਨੂੰ ਭੋਜਨ ਦੀ ਲੋੜ ਹੋਵੇ ਅਤੇ ਸਰੀਰ ਮੰਗਦਾ ਹੋਵੇ। ਸਧਾਰਣ ਸ਼ਬਦਾਂ ਵਿੱਚ ਇਸ ਦਾ ਮਤਲਬ ਇਹ ਹੈ ਕਿ ਸਾਨੂੰ ਸਰੀਰਕ ਭੁੱਖ ਲੱਗਣ ਤੇ ਹੀ ਖਾਣਾ ਚਾਹੀਦਾ ਹੈ। ਪਰ ਕਦੇ ਕਦੇ ਜਾਂ ਕਈ ਵਿਅਕਤੀ ਅਚਾਨਕ ਕਿਸੇ ਵੀ ਗੱਲ ਤੋਂ ਪ੍ਰੇਸ਼ਾਨ ਹੋ ਕੇ ਇੱਕ ਖੋਹ ਜਿਹੀ ਮਹਿਸੂਸ ਕਰਦੇ ਹਨ ਅਤੇ ਇੱਕ ਦਮ ਕੁਝ ਮਨ ਭਾਉਂਦੀ ਚੀਜ਼ ਖਾ ਕੇ ਬਿਹਤਰ ਮਹਿਸੂਸ ਕਰਦੇ ਹਨ। ਜਿੱਥੇ ਸਰੀਰ ਦੀ ਭੁੱਖ ਵੇਲੇ ਖਾਣਾ ਇੱਕ ਸਹੀ ਗੱਲ ਹੈ, ਉੱਥੇ ਸਿਰਫ ਮਨ ਦੀ ਖੋਹ ਮਿਟਾਉਣ ਲਈ ਖਾਣਾ ਬਿਲਕੁਲ ਗਲਤ ਹੈ। ਇਹਨਾਂ ਦੋਨੋਂ ਹਾਲਤਾਂ ਵਿੱਚ ਕੀ ਅੰਤਰ ਹੈ ਅਤੇ ਇਹ ਕਿਵੇਂ ਵੱਖਰੇ ਵੱਖਰੇ ਪਛਾਣੇ ਜਾ ਸਕਦੇ ਹਨ ?

- ਆਮ ਤੌਰ ਤੇ ਸਰੀਰਕ ਲੋੜ ਅਤੇ ਭੁੱਖ ਨਿਯਮਿਤ ਤੌਰ ਤੇ ਨਿਯਮਿਤ ਸਮੇਂ ਤੇ ਲਗਦੀ ਹੈ ਜਿਵੇਂ ਕਿ ਸਵੇਰੇ, ਦੁਪਹਿਰੇ ਅਤੇ ਸ਼ਾਮ ਆਦਿ। ਇਸ ਦੇ ਉਲਟ ਮਾਨਸਿਕ ਕਾਰਣਾਂ ਕਰਕੇ ਭੁੱਖ ਅਨਿਯਮਿਤ ਸਮੇ ਤੇ ਜਾਂ ਕਦੇ ਵੀ ਲੱਗ ਸਕਦੀ ਹੈ।
- ਸਹਿਜ ਭੁੱਖ ਲਗਣਾ ਸਰੀਰਕ ਕਿਰਿਆ ਦਾ ਕੁਦਰਤੀ ਨਾਰਮਲ ਹਿੱਸਾ ਹੈ, ਪਰ ਇਸ ਦੇ ਉਲਟ ਮਾਨਸਿਕ ਕਾਰਣਾਂ ਵਾਲੀ ਭੁੱਖ ਇੱਕ ਕੁਦਰਤੀ ਨਾਰਮਲ ਵਰਤਾਰੇ ਦੀ ਬਜਾਏ ਇੱਕ ਗੈਰ ਕੁਦਰਤੀ ਵਰਤਾਰਾ ਹੈ।
- ਸਹਿਜ ਭੁੱਖ ਸਰੀਰਕ ਮਿਹਨਤ ਮੁਸ਼ੱਕਤ ਨਾਲ ਜ਼ਿਆਦਾ ਵਧਦੀ ਹੈ ਅਤੇ ਵਿਹਲੇ ਰਹਿਣ ਨਾਲ ਘਟਦੀ ਹੈ ਪਰ ਇਸ ਦੇ ਉਲਟ ਮਾਨਸਿਕ ਕਾਰਣਾਂ ਕਰਕੇ ਭੁੱਖ ਦਾ ਤਾਲੁਕ ਸਿਰਫ ਮਾਨਸਿਕ ਪ੍ਰੇਸ਼ਾਨੀ ਜਾਂ ਘਬਰਾਹਟ ਆਦਿ ਨਾਲ ਹੀ ਹੁੰਦਾ ਹੈ ਸਰੀਰ ਦੀਆਂ ਗਤੀਵਿਧੀਆਂ ਨਾਲ ਨਹੀਂ।
- ਸਹਿਜ ਭੁੱਖ ਲੱਗਣ ਤੇ ਜੇ ਨਾ ਖਾਧਾ ਜਾਵੇ ਤਾਂ ਇਹ ਹੌਲੀ ਹੌਲੀ ਵਧਦੀ ਹੈ ਇਸ ਦੇ ਉਲਟ ਮਾਨਸਿਕ ਕਾਰਣਾਂ ਕਰਕੇ ਭੁੱਖ ਇੱਕ ਦਮ ਲਗਦੀ ਹੈ ਅਤੇ ਜੇ ਕੁੱਝ ਦੇਰ ਨਾ ਖਾਧਾ ਜਾਵੇ ਤਾਂ ਆਪਣੇ ਆਪ ਹਟ ਵੀ ਸਕਦੀ ਹੈ।
- ਸਹਿਜ ਭੁੱਖ ਦੌਰਾਨ ਅਸੀਂ ਆਪਣਾ ਰੋਜ਼ਮਰਾ ਵਾਲਾ ਸੰਤੁਲਤ ਭੋਜਨ ਖਾ ਕੇ ਸੰਤੁਸ਼ਟ ਹੋ ਜਾਂਦੇ ਹਾਂ ਜਦੋਂ ਕਿ ਮਾਨਸਿਕ ਕਾਰਣਾਂ ਕਰਕੇ ਲੱਗੀ ਭੁੱਖ ਵਿੱਚ ਸਾਨੂੰ ਕੇਵਲ ਵਿਸ਼ੇਸ਼ ਮਨ ਪਸੰਦ ਦਾ ਭੋਜਨ ਹੀ ਸੰਤੁਸ਼ਟ ਕਰਦਾ ਹੈ ਜਿਵੇਂ ਕਿ ਚਾਕਲੇਟ, ਮਿਠਾਈ ਜਾਂ ਹੋਰ ਮਿੱਠਾ ਜਾਂ ਨਮਕੀਨ ਆਦਿ। ਆਮ ਸਧਾਰਣ ਭੋਜਨ ਪਸੰਦ ਨਹੀਂ ਆਉਂਦਾ।
- ਸਹਿਜ ਭੁੱਖ ਤੋਂ ਬਾਅਦ ਖਾਣਾ ਖਾਣ ਨਾਲ ਤ੍ਰਿਪਤੀ ਅਤੇ ਸੰਤੁਸ਼ਟੀ ਮਹਿਸੂਸ ਹੁੰਦੀ ਹੈ ਜਦੋਂ ਕਿ ਪ੍ਰੇਸ਼ਾਨੀ ਕਾਰਣ ਖੋਹ ਪੈਣ ਤੇ ਕੁੱਝ ਖਾਣ ਬਾਅਦ ਬੇਸ਼ਕ ਖੋਹ ਹਟ ਜਾਂਦੀ ਹੈ ਪਰ ਆਤਮ ਗਿਲਾਨੀ ਮਹਿਸੂਸ ਹੁੰਦੀ ਹੈ। ਵਿਅਕਤੀ ਆਪਣੇ ਆਪ ਵਿੱਚ ਦੋਸ਼ੀ ਮਹਿਸੂਸ ਕਰ ਸਕਦਾ ਹੈ।

ਕਈ ਵਿਅਕਤੀ ਇੱਕ ਦਮ ਥੋੜ੍ਹੇ ਸਮੇ ਵਿੱਚ ਬਹੁਤ ਕੁੱਝ ਖਾ ਜਾਂਦੇ ਹਨ ਅਤੇ ਫਿਰ ਬੁਰਾ ਮਹਿਸੂਸ ਕਰਦੇ ਹਨ ਕਿ ਇਨ੍ਹਾਂ ਜ਼ਿਆਦਾ ਬੇਲੋੜਾ ਕਿਉਂ ਖਾਧਾ। ਕਈ ਵਿਅਕਤੀ ਉਲਟੀ ਕਰਨ ਦੀ ਕੋਸ਼ਿਸ਼ ਵੀ ਕਰ ਸਕਦੇ ਹਨ। ਜਾਂ ਕੋਈ ਹੋਰ ਚੀਜ਼ ਜਾਂ ਦੁਆਈ ਆਦਿ ਖਾ ਕੇ ਜੁਲਾਬ ਲਾਉਣ ਦੀ ਕੋਸ਼ਿਸ਼ ਕਰਦੇ ਹਨ ਤਾਂ ਜੋ ਜ਼ਿਆਦਾ ਖਾਧੇ ਦਾ ਸਰੀਰ 'ਤੇ ਅਸਰ ਨਾ ਹੋਵੇ ਤੇ ਉਹ ਮੋਟੇ ਨਾ ਹੋਣ ਜਾਂ ਭਾਰ ਨਾ ਵਧੇ। ਅਜਿਹੇ ਲੋਕ ਅਕਸਰ ਹੀ ਮੋਟੇ ਹੁੰਦੇ ਹਨ ਅਤੇ ਜ਼ਿਆਦਾ ਸਮਾ ਆਪਣੇ ਇਸ ਮੋਟੇਪਣ ਨਾਲ ਹੀ ਲੜਦੇ ਰਹਿੰਦੇ ਹਨ ਅਤੇ ਪ੍ਰੇਸ਼ਾਨ ਹੋ ਜਾਂਦੇ ਹਨ। ਆਪਣਾ ਭਾਰ ਘਟਾਉਣ ਲਈ ਉਹ ਡਾਇਟਿੰਗ ਦਾ ਸਹਾਰਾ ਲੈਂਦੇ ਹਨ ਅਤੇ ਕਾਫੀ ਘੱਟ ਖਾਂਦੇ ਹਨ। ਪਰ ਕੁਝ ਸਮੇਂ ਬਾਅਦ ਜਦੋਂ ਵੀ ਕੋਈ ਤਣਾਅ ਪੂਰਣ ਗੱਲ ਹੁੰਦੀ ਹੈ ਤਾਂ ਪ੍ਰੇਸ਼ਾਨੀ ਵਿੱਚ ਕਾਫੀ ਸਾਰੀ ਮਾਤਰਾ ਵਿੱਚ ਕੋਈ ਮਨ ਪਸੰਦ ਦੀ

ਚੀਜ਼ ਖਾ ਲੈਂਦੇ ਹਨ ਅਤੇ ਦੋਸ਼ੀ ਮਹਿਸੂਸ ਕਰਦੇ ਹੋਏ ਫਿਰ ਉਲਟੀ ਆਦਿ ਦੀ ਕੋਸ਼ਿਸ਼ ਕਰਦੇ ਹਨ ਤਾਂ ਜੋ ਭਾਰ ਨਾ ਵਧੇ। ਇਸ ਤਰ੍ਹਾਂ ਇਹ ਗਲਤ ਚੱਕਰ ਚਲਦਾ ਰਹਿੰਦਾ ਹੈ ਅਤੇ ਕੋਈ ਚੰਗੇ ਨਤੀਜੇ ਨਹੀਂ ਮਿਲਦੇ।

ਉਪਰੋਕਤ ਤੱਥਾਂ ਤੋਂ ਇਹ ਸਾਬਤ ਹੁੰਦਾ ਹੈ ਕਿ ਸਹਿਜ ਅਤੇ ਕੁਦਰਤੀ ਭੁੱਖ ਅਤੇ ਮਾਨਸਿਕ ਕਾਰਣਾਂ ਕਰਕੇ ਲਗਦੀ ਖੋਹ ਵਾਲੀ ਭੁੱਖ ਵਿੱਚ ਬਹੁਤ ਅੰਤਰ ਹੈ। ਅਜਿਹਾ ਕਿਉਂ ਹੈ ? ਇਸ ਦਾ ਬਹੁਤ ਸਧਾਰਣ ਜੁਆਬ ਇਹ ਹੈ ਕਿ ਜਦੋਂ ਸਾਨੂੰ ਮਾਨਸਿਕ ਕਾਰਣਾਂ ਕਰਕੇ ਭੁੱਖ ਦੀ ਖੋਹ ਪੈਂਦੀ ਹੈ ਉਸ ਵਕਤ ਸਾਨੂੰ ਭੋਜਨ ਦੀ ਭੁੱਖ ਨਹੀਂ ਹੁੰਦੀ ਬਲਕਿ ਕਿਸੇ ਹੋਰ ਚੀਜ਼ ਦੀ ਭੁੱਖ ਜਾਂ ਚਾਹ ਹੁੰਦੀ ਹੈ। ਉਹ ਚਾਹ ਜਾਂ ਭੁੱਖ ਕੀ ਹੋ ਸਕਦੀ ਹੈ ? ਉਹ ਤਣਾਅ ਨੂੰ ਘਟਾਣ ਦੀ ਚਾਹ ਹੋ ਸਕਦੀ ਹੈ, ਉਹ ਆਪਣਾ ਗੁੱਸਾ ਜਾਂ ਤਲਖੀ ਨੂੰ ਹੱਲ ਕਰਨ ਦਾ ਜਰੀਆ ਹੋ ਸਕਦਾ ਹੈ, ਉਹ ਸਾਨੂੰ ਕਿਸੇ ਨਾਪਸੰਦ ਹਾਲਾਤ ਨੂੰ ਸੁਲਝਾਣ ਦੀ ਦੁਬਿਧਾ ਹੋ ਸਕਦੀ ਹੈ। ਇਹ ਕਿਸੇ ਮੁਸ਼ਕਿਲ ਨੂੰ ਅੱਖੋਂ ਪਰੋਖੇ ਕਰਨ ਦੀ ਕੋਸ਼ਿਸ਼ ਜਾਂ ਦੁਬਿਧਾ ਆਦਿ ਵੀ ਹੋ ਸਕਦੀ ਹੈ। ਸੋ ਸੰਖੇਪ ਵਿੱਚ ਉਸ ਵਕਤ ਅਸੀਂ ਅਸਲ ਵਿੱਚ ਭੋਜਨ ਦੀ ਭਾਲ ਨਹੀਂ ਕਰਦੇ ਬਲਕਿ ਭੋਜਨ ਦੇ ਜਰੀਏ ਕੋਈ ਹੋਰ ਚੀਜ਼ ਜਾਂ ਹਾਲਾਤ ਨਜਿੱਠ ਰਹੇ ਹੁੰਦੇ ਹਾਂ। ਜਾਂ ਇਉਂ ਕਹਿ ਲਵੋ ਕਿ ਅਸੀਂ ਉਸ ਵਕਤ ਪੇਟ ਭਰਨ ਦੀ ਬਜਾਏ ਸਕੂਨ ਲੈਣ ਲਈ ਖਾਂਦੇ ਹਾਂ।

ਹੁਣ ਸੁਆਲ ਇਹ ਉਠਦਾ ਹੈ ਕਿ ਸਾਨੂੰ ਕਿੱਦਾਂ ਪਤਾ ਲੱਗੇ ਕਿ ਸਾਨੂੰ ਸਹਿਜ ਤੌਰ ਤੇ ਲੋੜ ਮੁਤਾਬਿਕ ਭੁੱਖ ਲਗੀ ਹੈ ਕਿ ਅਸੀਂ ਪ੍ਰੇਸ਼ਾਨ ਹੋ ਕੇ ਬਿਨਾ ਲੋੜ ਤੋਂ ਖਾਣਾ ਚਾਹੁੰਦੇ ਹਾਂ ? ਇਸ ਦਾ ਇੱਕ ਬਹੁਤ ਸਰਲ ਜਿਹਾ ਹੱਲ ਹੈ। ਜੇ ਅਸੀਂ ਕੋਈ ਬਹੁਤ ਮਨਪਸੰਦ ਚੀਜ਼ ਜਿਵੇਂ ਕਿ ਚਾਕਲੇਟ, ਮਿਠਾਈ ਜਾਂ ਚਿਪਸ ਜਾਂ ਮਿੱਠਾ ਡਰਿੰਕ ਪੀਣਾ ਚਾਹੁੰਦੇ ਹਾਂ ਅਤੇ ਕੰਟਰੋਲ ਕਰਨਾ ਮੁਸ਼ਕਿਲ ਲਗਦਾ ਹੈ ਅਤੇ ਅਸੀਂ ਆਮ ਤੌਰ ਤੇ ਨਿਯਮਿਤ ਤੌਰ ਤੇ ਭੋਜਨ ਵਿੱਚ ਸ਼ਾਮਲ ਸਲਾਦ, ਹਰੀ ਸਬਜ਼ੀ ਆਦਿ ਨਹੀਂ ਖਾਣਾ ਚਾਹੁੰਦੇ ਤਾਂ ਸਮਝ ਲਵੋ ਕਿ ਅਸੀਂ ਮਾਨਸਿਕ ਤੌਰ ਤੇ ਪ੍ਰੇਸ਼ਾਨ ਹੋ ਕੇ ਬਿਨ੍ਹਾਂ ਲੋੜ ਤੋਂ ਖਾਣ ਦੀ ਤਿਆਰੀ ਵਿੱਚ ਹਾਂ। ਮਾਨਸਿਕ ਕਾਰਣਾਂ ਕਰਕੇ ਖਾਣਾ ਖਾਣ ਦਾ ਸਭ ਤੋਂ ਵੱਡਾ ਨੁਕਸਾਨ ਇਹ ਹੈ ਕਿ ਇਸ ਤਰ੍ਹਾਂ ਦੇ ਵਿਵਹਾਰ ਤੋਂ ਅੱਗੇ ਚਲ ਕੇ ਹੋਰ ਗੰਭੀਰ ਮਨੋਰੋਗ ਹੋ ਸਕਦੇ ਹਨ। ਜਿਵੇਂ ਕਿ ਬੁਲੀਮਿਆ **(Bulimia)**, ਐਨੋਰੈਕਸੀਆ ਨਰਵੋਜ਼ਾ **(Anorexia Nervosa)** ਆਦਿ। ਇਸ ਨਾਲ ਮੋਟਾਪਾ ਹੋਣਾ ਵੀ ਆਮ ਜਾਂ ਸੁਭਾਵਿਕ ਗੱਲ ਹੈ। ਮੋਟਾਪਾ ਹੋਣ ਕਾਰਣ ਵਿਅਕਤੀ ਵਿੱਚ ਹੀਨ ਭਾਵਨਾ ਅਤੇ ਹੋਰ ਮਾਨਸਿਕ ਲੱਛਣ ਵੀ ਉਘੜ ਸਕਦੇ ਹਨ ਅਤੇ ਹੌਲੀ ਹੌਲੀ ਇਹ ਇੱਕ ਨਾ ਖਤਮ ਹੋਣ ਵਾਲਾ ਚੱਕਰ ਬਣ ਜਾਂਦਾ ਹੈ।

ਜੇ ਇਸ ਮਾਨਸਿਕ ਕਾਰਣਾਂ ਕਰਕੇ ਖਾਣਾ ਖਾਣ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਇਹ ਇੱਕ ਤਣਾਅ ਨੂੰ ਘੱਟ ਕਰਨ ਦੀ ਵਿਧੀ ਦੇ ਰੂਪ ਵਿੱਚ ਵਰਤਿਆ ਜਾਣ ਵਾਲਾ ਵਿਵਹਾਰ ਹੈ। ਇਹ ਤਣਾਅ ਦੇ ਸਹੀ ਅਤੇ ਸਫਲ ਹੱਲ ਕਰਨ ਦੀ ਬਜਾਏ ਇੱਕ ਤੁਰੰਤ ਵਰਤਿਆ ਜਾਣ ਵਾਲਾ ਭਾਵਨਾਤਮਿਕ ਜੁਗਾੜ ਹੈ ਜੋ ਕਿ ਸਹੀ ਹੱਲ ਕਰਨ ਦੀ ਬਜਾਏ ਨੁਕਸਾਨਦਾਇਕ ਸਾਬਤ ਹੁੰਦਾ ਹੈ। ਕਿਉਂਕਿ ਇਹ ਤਤਕਾਲ ਤਣਾਅ ਨੂੰ ਘਟਾਉਂਦਾ ਹੈ ਇਸ ਲਈ ਇਹ ਵਿਵਹਾਰ ਬਾਰ ਬਾਰ ਵਰਤਿਆ ਜਾਂਦਾ ਹੈ ਅਤੇ ਇਹ ਸੁਭਾਵਕ ਤੌਰ ਤੇ ਹੀ ਪੱਕ ਜਾਂਦਾ ਹੈ। ਇਸ ਨਾਲ ਸਰੀਰ ਵਿੱਚ ਕਈ ਤਰ੍ਹਾਂ ਦੀਆਂ ਬਾਇਉ-ਕੈਮੀਕਲ ਤਬਦੀਲੀਆਂ ਆਉਂਦੀਆਂ ਹਨ ਜਿਨ੍ਹਾਂ ਨਾਲ ਸਰੀਰ ਅੰਦਰ ਚਰਬੀ ਇੱਕਠੀ ਹੋਣੀ ਸ਼ੁਰੂ ਹੋ ਜਾਂਦੀ ਹੈ ਅਤੇ ਮੋਟਾਪਾ ਅਤੇ ਮੋਟਾਪੇ ਨਾਲ ਸੰਬੰਧਿਤ ਹੋਰ ਰੋਗ ਸ਼ੁਰੂ ਹੋ ਜਾਂਦੇ ਹਨ।

ਜੇ ਆਪਾਂ ਇਸ ਵਿਵਹਾਰ ਦੇ ਇਲਾਜ ਦੀ ਗੱਲ ਕਰੀਏ ਤਾਂ ਸਭ ਤੋਂ ਪਹਿਲਾਂ ਇਹ ਸੁਨਿਸ਼ਚਿਤ ਕਰਨਾ ਬਹੁਤ ਜਰੂਰੀ ਹੈ ਕਿ ਕੋਈ ਹੋਰ ਸਰੀਰਕ ਬਿਮਾਰੀ ਨਾ ਹੋਵੇ ਅਤੇ ਜੇ ਸ਼ੱਕ ਹੋਵੇ ਤਾਂ ਕਿਸੇ ਮੈਡੀਕਲ ਸਪੈਸ਼ਲਿਸਟ ਨੂੰ ਦਿਖਾ ਕੇ ਅਤੇ ਜੇ ਲੋੜ ਲੱਗੇ ਤਾਂ ਟੈਸਟ ਆਦਿ ਕਰਾ ਕੇ ਬਿਮਾਰੀ ਦਾ ਸ਼ੱਕ ਕਢਿਆ ਜਾਣਾ ਚਾਹੀਦਾ ਹੈ। ਇਸ ਤੋਂ ਬਾਅਦ ਇਸ ਵਿਵਹਾਰ ਦੇ ਇਲਾਜ ਬਾਰੇ ਸਪੱਸ਼ਟ ਸ਼ਬਦਾਂ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਖਾਣੇ ਨੂੰ ਤਣਾਅ ਘੱਟ ਕਰਨ ਦਾ ਜ਼ਰੀਆ ਨਾ ਬਣਾ ਕੇ ਹੋਰ ਸਕਾਰਾਤਮਕ ਤਰੀਕੇ ਵਰਤਣੇ ਸਿੱਖਣੇ ਚਾਹੀਦੇ ਹਨ। ਇਹ ਤਰੀਕੇ ਕਈ ਤਰ੍ਹਾਂ ਦੇ ਹੋ ਸਕਦੇ ਹਨ। ਪਰ ਸਭ ਦਾ ਬੁਨਿਆਦੀ ਅਸੂਲ ਇਹ ਹੈ ਕਿ ਨਕਾਰਤਮਕ ਭਾਵਨਾਵਾਂ ਅਤੇ ਤਰੀਕੇ ਘਟਾ ਕੇ ਸਕਾਰਾਤਮਕ ਭਾਵਨਾਵਾਂ ਅਤੇ ਤਰੀਕੇ ਜ਼ਿਆਦਾ ਤੋਂ ਜ਼ਿਆਦਾ ਵਰਤੋਂ ਵਿੱਚ ਲਿਆਂਦੇ ਜਾਣ। ਇਸ ਵਿਵਹਾਰ ਵਾਲੇ ਜ਼ਿਆਦਾਤਰ ਲੋਕ ਭਾਵਨਾਤਮਕ ਹਾਲਾਤਾਂ ਦਾ ਸਾਹਮਣਾ ਕਰਨ ਦੀ ਬਜਾਏ ਇਨ੍ਹਾਂ ਤੋਂ ਭਜਦੇ ਹਨ ਅਤੇ ਸਮੱਸਿਆਵਾਂ ਦਾ ਸਾਹਮਣਾ ਕਰਕੇ ਹੱਲ ਕਰਨ ਤੋਂ ਗੁਰੇਜ਼ ਕਰਦੇ ਹਨ। ਸੋ ਸਭ ਤੋਂ ਸਫਲ ਤਕਨੀਕ ਇਹ ਹੈ ਕਿ ਕਿਸੇ ਵੀ ਅਸੁਖਾਵੀਂ ਸਥਿਤੀ ਜਾਂ ਮੁਸ਼ਕਲ ਦਾ ਸਾਹਮਣਾ ਕਰਕੇ ਉਸ ਦਾ ਹੱਲ ਕੀਤਾ ਜਾਵੇ। ਮਨੋਵਿਗਿਆਨੀਆਂ ਨੇ ਇਹ ਗੱਲ ਸਿੱਧ ਕੀਤੀ ਹੈ ਕਿ ਮੁਸ਼ਕਲਾਂ ਦਾ ਸਾਹਮਣਾ ਕਰਨ ਨਾਲ ਸਮਾਂ ਪਾ ਕੇ ਤਣਾਅ ਝੇਲਣ ਦੀ ਸਮਰੱਥਾ ਵੀ ਵਧਦੀ ਹੈ। ਕਿਉਂਕਿ ਜੇ ਅਸੀਂ ਆਪਣੀ ਤਣਾਅ ਝੇਲਣ ਦੀ ਸਮਰੱਥਾ ਵਧਾ ਸਕੀਏ ਤਾਂ ਅਸੀਂ ਮਾਨਸਿਕ ਕਾਰਣਾਂ ਕਰਕੇ ਜ਼ਿਆਦਾ ਖਾਣ ਦੇ ਚੱਕਰ ਵਿੱਚੋਂ ਵੀ ਨਿਕਲ ਸਕਦੇ ਹਾਂ। ਇੱਕ ਹੋਰ ਤਕਨੀਕ ਜੋ ਵਰਤੀ ਜਾ ਸਕਦੀ ਹੈ ਉਹ ਹੈ ਆਪਣੀ

ਮਾਨਸਿਕ ਸਥਿਤੀ ਵੱਲ ਧਿਆਨ ਦੇਣਾ। ਜਿਵੇਂ ਕਿ ਉਦਾਹਰਣ ਵਜੋਂ ਖਾਣੇ ਦੀ ਖੋਹ ਪੈਣ 'ਤੇ ਅਸੀਂ ਇਸ ਬਾਰੇ ਸੋਚਕੇ ਧਿਆਨ ਦੇ ਸਕਦੇ ਹਾਂ ਕਿ ਇਹ ਕਿਸ ਤਰ੍ਹਾਂ ਦੀ ਭੁੱਖ ਹੈ। ਅਸੀਂ ਸੋਚ ਸਕਦੇ ਹਾਂ ਕਿ ਕੀ ਸਾਨੂੰ ਇਹ ਭੁੱਖ ਨਿਯਮਿਤ ਤੌਰ ਤੇ ਲੱਗਣ ਵਾਲੀ ਹੈ ਜਾਂ ਇੱਕਦਮ ਖੋਹ ਲੱਗ ਗਈ ਹੈ। ਅਸੀਂ ਇਸ ਦੇ ਨਾਲ ਨਾਲ ਆਪਣੀ ਮਨੋਸਥਿਤੀ ਬਾਰੇ ਵੀ ਅੰਦਾਜ਼ਾ ਲਗਾ ਸਕਦੇ ਹਾਂ ਅਤੇ ਜੇ ਲੋੜ ਪਵੇ ਤਾਂ ਪਾਣੀ ਪੀ ਕੇ ਜਾਂ ਵੈਸੇ ਹੀ ਕੁਝ ਸਮਾਂ ਲੰਘਾ ਕੇ ਆਪਣੀ ਇਸ ਸਥਿਤੀ ਨੂੰ ਬਿਨ੍ਹਾਂ ਕੁਝ ਖਾਧਿਆਂ ਲੰਘਾ ਸਕਦੇ ਹਾਂ। ਇਸ ਤਰ੍ਹਾਂ ਕਰਨ ਨਾਲ ਬਾਅਦ ਵਿੱਚ ਨਾ ਕੇਵਲ ਅਸੀਂ ਤਣਾਅ ਨੂੰ ਘੱਟ ਕਰ ਸਕਦੇ ਹਾਂ ਬਲਕਿ ਆਪਣੀ ਜਿੱਤ ਮਹਿਸੂਸ ਕਰਕੇ ਖੁਸ਼ੀ ਵੀ ਮਹਿਸੂਸ ਕਰ ਸਕਦੇ ਹਾਂ। ਇਥੇ ਇਹ ਗੱਲ ਵੀ ਵਰਣਨ ਯੋਗ ਹੈ ਕਿ ਇਸ ਤਰ੍ਹਾਂ ਦੀ ਮੁਸ਼ਕਿਲ ਨੂੰ ਹੱਲ ਕਰਨ ਲਈ ਪਰਿਵਾਰ ਜਾਂ ਦੋਸਤਾਂ ਮਿੱਤਰਾਂ (ਜੋ ਜ਼ਿਆਦਾ ਸਮਾਂ ਨਾਲ ਰਹਿੰਦੇ ਹੋਣ) ਦਾ ਸਹਿਯੋਗ ਵੀ ਬਹੁਤ ਲਾਭਦਾਇਕ ਸਾਬਤ ਹੁੰਦਾ ਹੈ। ਜੇ ਅਸੀਂ ਆਪਣੇ ਭੋਜਨ ਸੰਬੰਧੀ ਵਿਵਹਾਰ ਬਾਰੇ ਪਰਿਵਾਰ ਜਾਂ ਨਜ਼ਦੀਕੀ ਚੰਗੇ ਦੋਸਤਾਂ ਮਿੱਤਰਾਂ ਨਾਲ ਵੀ ਚੰਗੀ ਤਰਾਂ ਖੋਲ੍ਹ ਕੇ ਗੱਲ ਬਾਤ ਕਰ ਲਈਏ ਤਾਂ ਚੰਗੀ ਮੱਦਦ ਦੀ ਉਮੀਦ ਕੀਤੀ ਜਾ ਸਕਦੀ ਹੈ। ਇੱਥੇ ਇਹ ਗੱਲ ਯਾਦ ਰੱਖਣੀ ਜ਼ਰੂਰੀ ਹੈ ਕਿ ਸਕਾਰਾਤਮਕ ਸੋਚ ਵਾਲੇ ਵਿਅਕਤੀ ਹੀ ਅਜਿਹੀ ਸਥਿਤੀ ਵਿੱਚ ਮੱਦਦ ਕਰ ਸਕਦੇ ਹਨ, ਹੋਰ ਨਹੀਂ। ਨਕਾਰਾਤਮਕ ਸੋਚ ਅਤੇ ਵਿਵਹਾਰ ਵਾਲੇ ਵਿਅਕਤੀ ਤਾਂ ਸਗੋਂ ਨੁਕਸਾਨ ਹੀ ਕਰਦੇ ਹਨ ਅਤੇ ਮੁਸ਼ਕਿਲ ਨੂੰ ਹੱਲ ਕਰਨ ਵਿੱਚ ਮੱਦਦ ਨਹੀਂ ਕਰਦੇ। ਉਦਾਹਰਣ ਦੇ ਤੌਰ ਤੇ ਕੋਈ ਮੋਟਾਪੇ ਨਾਲ ਗ੍ਰਸਤ ਵਿਅਕਤੀ ਜੋ ਆਪਣੇ ਆਪ ਖਾਣ ਪੀਣ ਤੇ ਬਿਲਕੁਲ ਕੰਟਰੋਲ ਨਹੀਂ ਕਰਦਾ, ਕਿਵੇਂ ਮੱਦਦ ਕਰ ਸਕਦਾ ਹੈ ? ਇਸ ਦੇ ਉਲਟ ਜੋ ਵਿਅਕਤੀ ਸਿਹਤਮੰਦ ਹੈ ਅਤੇ ਜ਼ਿੰਦਗੀ ਵਿੱਚ ਅਨੁਸ਼ਾਸਨ ਰੱਖਦਾ ਹੈ ਅਤੇ ਚੰਗੇ ਸੁਭਾਅ ਦਾ ਮਾਲਕ ਹੈ, ਬਹੁਤ ਮੱਦਦਗਾਰ ਸਾਬਤ ਹੋ ਸਕਦਾ ਹੈ। ਕਈ ਵਾਰ ਹੋ ਸਕਦਾ ਹੈ ਕਿ ਇਹ ਸਭ ਕਰਨ ਦੇ ਬਾਵਜੂਦ ਸਫਲਤਾ ਹੱਥ ਨਾ ਲੱਗੇ, ਤਾਂ ਨਿਰਾਸ਼ ਨਹੀਂ ਹੋਣਾ ਚਾਹੀਦਾ ਸਗੋਂ ਕਿਸੇ ਤਜਰਬੇਕਾਰ ਮਨੋਰੋਗ ਮਾਹਿਰ ਜਾਂ ਕਾਊਂਸਲਰ ਦੀ ਮਦਦ ਲੈਣੀ ਚਾਹੀਦੀ ਹੈ।

ਪ੍ਰੋਫੈਸਰ ਤੇ ਮੁਖੀ,
ਸਾਇਕੈਟਰੀ / ਨਸ਼ਾ ਛੁਡਾਊ ਵਿਭਾਗ,
ਰਜਿੰਦਰਾ ਹਸਪਤਾਲ, ਪਟਿਆਲਾ।

ਮੈਂ ਵੇਖਦਾ ਹਾਂ ਕਿ ਉਹ ਲੋਕ ਵੀ ਜਿਹੜੇ ਹੁੱਬ ਕੇ ਕਹਿੰਦੇ ਹਨ ਕਿ ਸਭ ਕੁੱਝ ਕਰਮਾਂ 'ਚ ਪਹਿਲਾਂ ਹੀ ਲਿਖਿਆ ਹੁੰਦਾ ਹੈ ਅਤੇ ਅਸੀਂ ਇਸ ਨੂੰ ਕਿਵੇਂ ਵੀ ਬਦਲ ਨਹੀਂ ਸਕਦੇ, ਸੜਕ ਪਾਰ ਕਰਨ ਤੋਂ ਪਹਿਲਾਂ ਖੱਬੇ-ਸੱਜੇ ਵੇਖਦੇ ਹਨ। -ਸਟੀਫਨ ਹਾਕਿੰਗ

ਭਾਰਤ ਦੀ 66 ਫੀਸਦੀ ਸੰਪਤੀ ਹੈ - ਇੱਕ ਫੀਸਦੀ ਕਾਰਪੋਰੇਟਾਂ ਕੋਲ

ਬਰਤਾਨਵੀਂ ਸੰਸਥਾ 'ਆਕਸਫਾਮ' ਵੱਲੋਂ ਤੱਥਾਂ ਅਧਾਰਿਤ ਜਾਰੀ ਕੀਤੀ ਰਿਪੋਰਟ **An Economy for the 1%** ਅਨੁਸਾਰ ਦੁਨੀਆਂ ਉੱਤੇ 62 ਖਰਬਪਤੀਆਂ ਦੀ ਸਰਦਾਰੀ ਹੈ ਜਿਸ ਵਿੱਚ ਭਾਰਤ ਦੇ 3 ਖਰਬਪਤੀ ਵੀ ਸ਼ਾਮਿਲ ਸਨ। ਇਹਨਾਂ ਕੋਲ ਕੁੱਲ ਦੁਨੀਆਂ ਦੀ 50 ਫੀਸਦੀ ਸੰਪਤੀ ਹੈ ਅਤੇ ਬਾਕੀ 99 ਫੀਸਦੀ ਕੋਲ 50 ਫੀਸਦੀ ਸੰਪਤੀ ਹੈ। ਪੂੰਜੀ ਦੇ ਕੁੱਝ ਹੱਥਾਂ ਵਿੱਚ ਇਕੱਤਰੀਕਰਨ ਦੀ ਪ੍ਰਵਿਰਤੀ ਨੂੰ ਹੋਰ ਸਾਫ ਕਰਦਿਆਂ ਰਿਪੋਰਟ ਕਹਿੰਦੀ ਹੈ ਕਿ 2011 ਵਿੱਚ 177 ਅਮੀਰਾਂ ਕੋਲ ਅੱਧੀ ਸੰਪਤੀ ਸੀ ਅਤੇ 2016 ਵਿੱਚ ਸਿਰਫ 62 ਅਮੀਰਾਂ ਨੇ ਅੱਧੀ ਸੰਪਤੀ ਦੀ ਮਾਲਕੀ ਹਥਿਆ ਲਈ। ਭਾਰਤ ਵਿੱਚ ਜਿਹੜਾ ਅੰਕੜਾ ਮਿਲਦਾ ਹੈ, ਉਸ ਮੁਤਾਬਕ ਇੱਕ ਫੀਸਦੀ ਅਬਾਦੀ ਦੇ ਕੋਲ 66 ਫੀਸਦੀ ਸੰਪਤੀ ਹੈ ਅਤੇ ਬਾਕੀ 99 ਫੀਸਦੀ, ਆਬਾਦੀ ਕੋਲ ਕੁੱਲ ਸੰਪਤੀ ਦਾ 34 ਪ੍ਰਤੀਸ਼ਤ ਹੈ। 'ਦਾ ਹਿੰਦੂ' ਵੱਲੋਂ ਦਿੱਤੇ ਤੱਥਾਂ ਅਨੁਸਾਰ 15 ਸਾਲ ਪਹਿਲਾਂ ਇੱਕ ਫੀਸਦੀ ਅਮੀਰ ਅਬਾਦੀ ਕੋਲ ਦੇਸ਼ ਦੀ ਕੁੱਲ ਸੰਪਤੀ ਦਾ 36.8 ਫੀਸਦੀ ਸੀ ਜਦ ਕਿ ਅੱਜ ਇਹ 66 ਫੀਸਦੀ ਹੋ ਗਿਆ ਹੈ। **Knight Frank Wealth Report 2016** ਅਨੁਸਾਰ 10 ਸਾਲਾਂ ਵਿੱਚ ਦੁਨੀਆਂ ਵਿੱਚ ਅਰਬਪਤੀਆਂ ਦੀ ਗਿਣਤੀ 68 ਫੀਸਦੀ ਦਰ ਨਾਲ ਵਧੀ ਹੈ, ਜਦਕਿ ਭਾਰਤ ਵਿੱਚ ਇਹ 333 ਫੀਸਦੀ ਦਰ ਨਾਲ ਵਧੀ ਹੈ। ਭਾਰਤੀ ਬੈਂਕਾਂ ਦੀ ਲਗਭਗ 4 ਲੱਖ ਕਰੋੜ ਰਾਸ਼ੀ ਡੁੱਬਤ ਖਾਤੇ ਵਿੱਚ ਪਈ ਹੈ, ਇਹ ਸਰਕਾਰੀ ਰਿਪੋਰਟ ਦਾ ਕਹਿਣਾ ਹੈ। ਜਦਕਿ ਮੀਡੀਆ ਦੀ ਰਿਪੋਰਟ ਅਨੁਸਾਰ ਇਹ 6 ਲੱਖ ਕਰੋੜ ਹੈ। ਸਰਕਾਰ ਇਸਨੂੰ ਨਸ਼ਰ ਨਹੀਂ ਕਰਨਾ ਚਾਹੁੰਦੀ। ਇਸ ਡੁੱਬਤ ਬੈਂਕਿੰਗ ਰਾਸ਼ੀ ਵਿੱਚ ਕਿਸਾਨਾਂ ਦਾ ਸਿਰਫ਼ 70 ਹਜ਼ਾਰ ਕਰੋੜ ਹੀ ਹੈ ਜਿਹੜਾ ਕੁੱਲ ਕਰਜੇ ਦਾ 10 ਤੋਂ 12 ਫੀਸਦੀ ਹੀ ਹੈ। ਬਾਕੀ ਕਾਰਪੋਰੇਟ ਘਰਾਣਿਆਂ ਦਾ ਡੁੱਬਤ ਖਾਤੇ ਵਿੱਚ ਪਿਆ ਹੈ। ਹਕੂਮਤ ਇਹਨਾਂ ਕਾਰਪੋਰੇਟ ਘਰਾਣਿਆਂ ਦੀ ਪੂੰਜੀ ਨੂੰ ਵੱਧ ਤੋਂ ਵੱਧ ਵਧਾਉਣ ਵਿੱਚ ਪ੍ਰਮੁੱਖ ਭੂਮਿਕਾ ਨਿਭਾਅ ਰਹੀ ਹੈ।

ਪੇਸ਼ਕਸ : ਨਰਭਿੰਦਰ

ਲੜਕੀ ਦੀ ਲੋੜ

29 ਸਾਲਾ 6' 1'', ਪ੍ਰਾਈਵੇਟ ਕੰਪਿਊਟਰ ਡਿਜ਼ਾਈਨਰ, ਤਨਖਾਹ 28000 ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਵਿਆਹ ਦਾਜ ਦਹੇਜ ਤੋਂ ਬਿਨਾਂ, ਜਾਤ ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ 94174 71162

ਇਕਲਾਪੇ ਦੀ ਕਸਰ

ਕੁਲਜੀਤ ਡੰਗਰ ਖੇੜਾ

ਕੁਝ ਸਮਾਂ ਪਹਿਲਾਂ ਅੱਧਖੜ ਉਮਰ ਦਾ ਇਕ ਵਿਅਕਤੀ ਮੇਰੇ ਕੋਲ਼ ਆਇਆ ਉਸ ਦੇ ਚਿਹਰੇ 'ਤੇ ਘਬਰਾਹਟ ਅਤੇ ਪਰੇਸ਼ਾਨੀ ਛੁਪਾਇਆਂ ਨਹੀਂ ਸੀ ਛੁਪਦੀ। ਉਸਨੇ ਆਉਂਦਿਆਂ ਹੀ ਮੈਨੂੰ ਪੁੱਛਿਆ, "ਬਾਈ ਜੀ, ਤੁਸੀਂ ਤਰਕਸ਼ੀਲ ਵਾਲ਼ੇ ਹੋ ।" ਮੈਂ ਉਸਨੂੰ ਹਾਂ ਵਿਚ ਉਤੱਰ ਦਿੱਤਾ ਅਤੇ ਬੈਠਣ ਲਈ ਕਿਹਾ ।ਉਸਨੇ ਬੈਠਦੇ ਸਾਰ ਹੀ ਕਿਹਾ, "ਬਾਈ ਜੀ ਮੈਨੂੰ ਤੁਹਾਡੇ ਤੱਕ ਬਹੁਤ ਜਰੂਰੀ ਕੰਮ ਹੈ, ਜੇ ਤੁਸੀਂ ਮੇਰੀ ਮਦਦ ਕਰੋ ਤਾਂ ਮੇਰਾ ਘਰ ਬਰਬਾਦ ਹੋਣੋਂ ਬਚ ਸਕਦਾ ਹੈ।" ਮੈਂ ਉਸਨੂੰ ਆਪਣੀ ਗੱਲ ਅਰਾਮ ਨਾਲ ਵਿਸਥਾਰਪੂਰਵਕ ਦੱਸਣ ਲਈ ਕਿਹਾ ।ਉਸਨੇ ਲੰਮਾ ਸਾਹ ਲੈਂਦੇ ਹੋਏ ਗੱਲ ਸ਼ੁਰੂ ਕੀਤੀ, "ਬਾਈ ਜੀ ਗੱਲ ਇਹ ਹੈ ਕਿ ਅਸੀਂ ਦੋ ਭਰਾ ਹਾਂ, ਸਾਡਾ ਖੇਤੀਬਾੜੀ ਦਾ ਇਕੱਠਾ ਕੰਮ ਐ, ਮੈਂ ਖੇਤ ਵਿਚ ਪਾਏ ਘਰ ਵਿਚ ਰਹਿੰਦਾ ਹਾਂ ਤੇ ਉਹ ਪਿੰਡ ਵਿਚਲੇ ਘਰ ਵਿਚ ਰਹਿੰਦਾ ਐ ।ਸਾਡੇ ਖੇਤ ਵਾਲ਼ੇ ਘਰ ਵਿਚ ਕਈ ਦਿਨਾਂ ਤੋਂ ਰੋੜੇ ਵੱਜ ਰਹੇ ਹਨ, ਇਕ ਦਿਨ ਤਾਂ ਹੱਦ ਹੀ ਹੋ ਗਈ ਕਿ ਮੂੰਹ ਵੇਖਣ ਵਾਲੇ ਵੱਡੇ ਸ਼ੀਸ਼ੇ ਤੇ ਭੂਤ ਦੀ ਫੋਟੋ ਬਣ ਗਈ ।ਅਸੀਂ ਡਰਦੇ ਮਾਰੇ ਪਿੰਡ ਵਾਲੇ ਘਰ ਵੱਡੇ ਬਾਈ ਕੋਲ਼ ਰਹਿਣ ਲਈ ਚਲੇ ਗਏ ।ਕੁੱਝ ਦਿਨ ਇੱਥੇ ਟਿਕ-ਟਿਕਾ ਰਿਹਾ ਹਫ਼ਤੇ ਬਾਦ ਜਦੋਂ ਅਸੀਂ ਵਾਪਸ ਖੇਤ ਵਾਲੇ ਘਰ ਗਏ ਤਾਂ ਫਿਰ ਉਹੀ ਚਾਲਾਂ ਸ਼ੁਰੂ ਹੋ ਗਈਆਂ ।ਹੁਣ ਰੋੜੇ ਵੱਜਣ ਦੇ ਨਾਲ-ਨਾਲ ਮੰਜੇ ਤੇ ਪਏ ਲੀੜਿਆਂ ਨੂੰ ਅੱਗ ਵੀ ਲੱਗ ਗਈ । ਸਾਨੂੰ ਤਾਂ ਸਮਝ ਨਹੀਂ ਆਉਂਦੀ ਕਿ ਆਖਰ ਸਾਡੇ ਘਰ ਨੂੰ ਹੋ ਕੀ ਗਿਐ । ਕਈ ਸਾਧ ਸਿਆਣੇ ਅਤੇ ਮੌਲਵੀ ਲਿਆ ਕੇ ਥੱਕ ਗਏ ਹਾਂ ਉਹ ਵੀ ਪੈਸੇ ਲੈ ਕੇ ਤੁਰਦੇ ਬਣੇ ਤੇ ਪਰਨਾਲ਼ਾ ਉੱਥੇ ਦੀ ਉੱਥੇ । ਹੁਣ ਤਾਂ ਬਸ ਥੋਡੇ ਤੋਂ ਆਸ ਹੈ ਜੇ ਗੱਲ ਰਾਹ ਪੈ ਜਾਵੇ ।"

ਮੈਂ ਉਸਨੂੰ ਹੌਸਲਾ ਦਿੱਤਾ ਤੇ ਕਿਹਾ ਕਿ ਸਾਡੀ ਟੀਮ ਕੱਲ੍ਹ ਤੁਹਾਡੇ ਘਰ ਆਵੇਗੀ ਤੇ ਤੁਹਾਡੀ ਸਮੱਸਿਆ ਦੀ ਜਾਂਚ ਕਰਕੇ ਵਧੀਆ ਹੱਲ ਕੱਢੇਗੀ । ਉਸਨੂੰ ਮੇਰੀ ਗੱਲ ਸੁਣਕੇ ਕਾਫ਼ੀ ਰਾਹਤ ਮਹਿਸੂਸ ਹੋਈ ਤੇ ਉਹ ਮੇਰੇ ਨਾਲ਼ ਅਗਲੇ ਦਿਨ ਦਾ ਸਮਾਂ ਮੁਕੱਰਰ ਕਰਕੇ ਚਲਾ ਗਿਆ ।

ਅਗਲੇ ਦਿਨ ਮੈਂ, ਗਣਪਤ ਰਾਮ ਅਤੇ ਵਿਨੋਦ ਬਾਰੇਕਾ ਉਹਦੇ ਖੇਤ ਵਾਲ਼ੇ ਘਰ ਪਹੁੰਚ ਗਏ ।ਸਾਡੇ ਕਾਰ ਤੋਂ ਉਤਰਦਿਆਂ ਹੀ ਇੱਕ ਔਰਤ ਕਾਹਲ਼ੀ ਕਾਹਲ਼ੀ ਸਾਡੇ ਕੋਲ਼ ਆਈ ਤੇ ਕਹਿਣ ਲੱਗੀ "ਵੀਰੇ, ਆਹ ਰੋੜਾ ਮੇਰੇ ਹੁਣੇ-ਹੁਣੇ ਮੋਢੇ ਤੇ ਵੱਜਿਆ ਐ।" ਅਸੀਂ ਉਸਨੂੰ ਸਹਿਜ ਹੋਣ ਲਈ ਕਿਹਾ ਅਤੇ ਉਸ ਵਿਅਕਤੀ ਨੂੰ ਜੋ ਸਾਡੇ ਕੋਲ਼ ਆਇਆ ਸੀ ਉਸ ਔਰਤ ਬਾਰੇ ਪੁੱਛਿਆ ।ਉਸਨੇ ਦੱਸਿਆ ਕਿ ਇਹ ਉਸਦੀ ਭਰਜਾਈ ਹੈ ਜੋ ਕਿ ਪਿੰਡ ਵਾਲੇ ਘਰ ਵਿਚ ਰਹਿੰਦੀ ਹੈ ।ਇੱਥੇ ਇਹ ਰੋਜ਼ਾਨਾ ਨਰਮਾ ਚੁਗਣ ਲਈ ਆਉਂਦੀ ਹੈ ।

ਅਸੀਂ ਆਪਣੀ ਜਾਂਚ ਸ਼ੁਰੂ ਕੀਤੀ । ਸਾਰੀਆਂ ਘਟਨਾਵਾਂ ਦੀ ਲੜੀ ਤਿਆਰ ਕੀਤੀ ।ਪਰਿਵਾਰ ਦੇ ਮੁਖੀ ਨੂੰ ਜੋ ਕਿ ਸਾਡੇ ਕੋਲ ਆਇਆ ਸੀ ਨੇ ਆਪਣੀ ਗੱਲ ਬਾਤ ਵਿਚ ਦੱਸਿਆ, "ਅਸੀਂ ਦੋ ਭਰਾ ਹਾਂ, ਸਾਡੇ ਕੋਲ ਬਾਰਾਂ ਕਿੱਲੇ ਪੈਲ਼ੀ ਹੈ, ਜਿਸ ਵਿਚ ਅਸੀਂ ਸਾਂਝੇ ਤੌਰ ਤੇ ਖੇਤੀ ਕਰਦੇ ਹਾਂ, ਮੈਂ ਇੱਥੇ ਖੇਤ ਵਿਚ ਮੇਰੀ ਪਤਨੀ ਦੋ ਬੇਟੀਆਂ ਅਤੇ ਇਕ ਬੇਟੇ ਨਾਲ ਰਹਿੰਦਾ ਹਾਂ ਅਤੇ ਪਿੰਡ ਵਾਲੇ ਘਰ ਵਿਚ ਮੇਰਾ ਵੱਡਾ ਭਰਾ ਤੇ ਮੇਰੀ ਭਰਜਾਈ ਜਿਸਦੇ ਹੁਣੇ-ਹੁਣੇ ਆਹ ਰੋੜਾ ਵੱਜਿਆ ਸੀ, ਰਹਿੰਦੇ ਹਨ ।ਉਹਨਾਂ ਦੇ ਕੋਈ ਔਲਾਦ ਨਹੀਂ ਹੈ ।" ਉਸ ਵਿਅਕਤੀ ਦੀ ਪੂਰੀ ਗੱਲ ਸੁਣਨ ਅਤੇ ਘਟਨਾਵਾਂ ਦੀ ਲੜੀ ਜੋ ਕਿ ਉਸਦੀ ਵੱਡੀ ਭਰਜਾਈ ਨਾਲ ਜੁੜਦੀ ਸੀ ਉਸਨੂੰ ਗੱਲ ਬਾਤ ਲਈ ਬੁਲਾਇਆ ।ਅਸੀਂ ਉਸਨੂੰ ਪੂਰਨ ਵਿਸ਼ਵਾਸ਼ ਵਿਚ ਲੈ ਕੇ ਜਦੋਂ ਗੱਲ ਬਾਤ ਸ਼ੁਰੂ ਕੀਤੀ ਤਾਂ ਉਸਨੇ ਰੋਂਦੇ ਹੋਏ ਦੱਸਿਆ, "ਵੀਰ ਮੇਰੇ ਵਿਆਹ ਨੂੰ ਤੀਹ ਸਾਲ ਹੋ ਗਏ, ਮੇਰੇ ਕੋਈ ਬੱਚਾ ਨਹੀਂ ਹੋਇਆ ਮੈਂ ਬਹੁਤ ਦੁਖੀ ਹਾਂ, ਮੇਰਾ ਘਰ ਵਾਲਾ ਸ਼ਾਮ ਨੂੰ ਸ਼ਰਾਬ ਪੀ ਲੈਂਦਾ ਹੈ, ਮੈਨੂੰ ਗਾਲੀ ਗਲੋਚ ਦਿੰਦਾ ਹੈ ਤੇ ਨਾਲੇ ਕੁੱਟਦਾ ਮਾਰਦਾ ਹੈ, ਮੇਰਾ ਦੁੱਖ ਸੁਣਨ ਵਾਲ਼ਾ ਕੋਈ ਨਹੀਂ, ਮੈਂ ਇਸ ਜਹਾਨ ਵਿਚ ਬਿਲਕੁਲ 'ਕੱਲੀ ਹਾਂ ।" ਉਹ ਉੱਚੀ-ਉੱਚੀ ਰੋਣ ਲੱਗੀ । ਅਸੀਂ ਉਸਨੂੰ ਚੁੱਪ ਕਰਵਾਇਆ ਅਤੇ ਉਸਦੀਆਂ ਸਾਰੀਆਂ ਸਮੱਸਿਆਵਾਂ ਨੂੰ ਹੱਲ ਕਰਨ ਬਾਰੇ ਵਿਸ਼ਵਾਸ਼ ਦਿੱਤਾ ਫਿਰ ਉਸਨੂੰ ਘਰ ਵਿਚ ਹੋ ਰਹੀਆਂ ਘਟਨਾਵਾਂ ਬਾਰੇ ਪੁੱਛਿਆ ਤਾਂ ਉਸਨੇ ਕਿਹਾ, "ਜੇ ਤੁਸੀਂ ਮੇਰੀ ਇਕ ਸਮੱਸਿਆ ਦਾ ਹੱਲ ਕਰ ਦਿਓ ਤਾਂ ਮੈਂ ਥੋਡਾ ਅਹਿਸਾਨ ਸਾਰੀ ਉਮਰ ਨਹੀਂ ਭੁਲਾਂਗੀ ਤੇ ਨਾਲ਼ੇ ਇਹ ਰੋੜੇ ਵੱਜਣ ਭੂਤ ਬਣਨ ਵਾਲ਼ੀਆਂ ਗੱਲਾਂ ਬਾਰੇ ਵੀ ਦੱਸ ਦੇਵਾਂਗੀ ।"

ਅਸੀਂ ਪੁੱਛਿਆ ਕਿ ਉਹ ਆਪਣੀ ਸਮੱਸਿਆ ਬਾਰੇ

ਬਾਕੀ ਸਫਾ 36 ਤੇ

ਰਹੱਸ ਸਾਡੇ ਵੱਸ

ਅਜਾਇਬ ਜਲਾਲੇਆਣਾ

ਰਾਜਸਥਾਨ ਦੀ ਹੱਦ ਨਾਲ ਲਗਦੇ, ਸਿਰਸਾ ਜਿਲ੍ਹੇ ਦੇ ਕਸਬੇ ਏਲਨਾਬਾਦ ਦੇ ਕੋਲ, ਇਕ ਪਿੰਡ ਤੋਂ ਇਕ ਬਹੁਤ ਹੀ ਗੁੰਝਲਦਾਰ ਕੇਸ ਸਾਡੇ ਕੋਲ ਆਇਆ। ਇਕ ਲੜਕੀ, ਜੋ ਨਾਨ ਮੈਡੀਕਲ ਦੀ ਵਿਦਿਆਰਥਣ ਸੀ, ਉਸਨੂੰ ਸਿਰਫ ਦੌਰੇ ਹੀ ਨਹੀਂ ਸਨ ਪੈਂਦੇ ਸਗੋਂ ਘਰ ਵਿਚ ਹੋਰ ਵੀ ਬਹੁਤ-ਕੁਝ ਗੈਰ-ਕੁਦਰਤੀ ਵਾਪਰ ਰਿਹਾ ਸੀ। ਲੜਕੀ ਦਾ ਪਰਿਵਾਰ ਅੰਧਵਿਸ਼ਵਾਸੀ ਨਹੀਂ ਸੀ ਜਿਸ ਕਰਕੇ ਉਹ ਬਾਬਿਆਂ-ਚੇਲਿਆਂ ਦੇ ਚੱਕਰਾਂ ਵਿਚ ਨਹੀਂ ਪਏ। ਉਹ ਆਪਣੀ ਲੜਕੀ ਦਾ ਇਲਾਜ ਇਕ ਨਾਮਵਰ ਮੈਡੀਕਲ ਕਾਲਜ ਵਿਚੋਂ ਕਰਵਾ ਰਹੇ ਸਨ ਪਰ ਇਸਦੇ ਬਾਵਜੂਦ ਵੀ ਲੜਕੀ ਠੀਕ ਨਹੀਂ ਸੀ ਹੋ ਰਹੀ ਅਤੇ ਹੋਰ ਘਟਨਾਵਾਂ ਵੀ ਘਰ ਵਿਚ ਵਾਪਰ ਰਹੀਆਂ ਸਨ।

ਲੜਕੀ ਨੂੰ ਵਾਰ-ਵਾਰ ਦੌਰੇ ਪੈਣ ਦੇ ਨਾਲ-ਨਾਲ ਉਸਦੀ ਦਵਾਈ ਵੀ ਗਾਇਬ ਹੋਣ ਲਗ ਪਈ। ਇਸਤੋਂ ਇਲਾਵਾ ਘਰੋਂ ਪੈਸੇ, ਏ. ਟੀ. ਐਮ., ਮੋਬਾਈਲ ਗਾਇਬ ਹੋਣੇ, ਥਾਂ-ਥਾਂ ਤੇ ਟੂਣਾ ਕਰਿਆ ਪਿਆ ਹੋਣਾ, ਰਾਤ ਨੂੰ ਅਜੀਬ ਤਰਾਂ ਦੀਆਂ ਅਵਾਜ਼ਾਂ ਨਿਕਲ਼ਨੀਆਂ, ਕੱਪੜਿਆਂ ਦਾ ਰੰਗ ਬਦਲ ਜਾਣਾ ਆਦਿ ਹੋਰ ਵੀ ਬਹੁਤ-ਕੁਝ ਵਾਪਰ ਰਿਹਾ ਸੀ। ਇਹ ਵੇਖਕੇ ਸਾਰਾ ਪਰਿਵਾਰ ਬਹੁਤ ਦੁਖੀ ਸੀ। ਇਹ ਪਰਿਵਾਰ ਜਿਆਦਾ ਅੰਧਵਿਸ਼ਵਾਸੀ ਨਹੀਂ ਸੀ ਪਰ ਘਰ ਵਿਚ ਹੋ ਰਹੀਆਂ ਗੈਰ-ਕੁਦਰਤੀ ਘਟਨਾਵਾਂ ਨੂੰ ਉਹ ਨਹੀਂ ਸਮਝ ਰਹੇ ਸਨ ।

ਆਖਿਰ ਪਰਿਵਾਰ ਦੇ ਇੱਕ ਮੈਂਬਰ, ਜੋ ਤਰਕਸ਼ੀਲਾਂ ਬਾਰੇ ਜਾਣਦਾ ਸੀ, ਉਸਨੇ ਤਰਕਸ਼ੀਲ ਇਕਾਈ ਕਾਲਿਆਂਵਾਲੀ (ਸਿਰਸਾ) ਕੋਲ ਪਹੁੰਚ ਕੀਤੀ। ਜਿਆਦਾ ਸੰਵੇਦਨਸ਼ੀਲ ਕੇਸ ਹੋਣ ਕਰਕੇ ਅਸੀਂ ਸਿਰਫ ਦੋ ਮੈਂਬਰੀ ਕਮੇਟੀ ਬਣਾਈ ਜਿਸ ਵਿਚ ਮਾਸਟਰ ਸ਼ਮਸ਼ੇਰ ਚੋਰਮਾਰ ਤੇ ਮੈਂ (ਅਜਾਇਬ ਜਲਾਲਆਣਾ) ਸਾਂ। ਜਦ ਅਸੀਂ ਘਰ ਵਿਚ ਦਾਖਲ ਹੋਏ ਤਾਂ ਲੜਕੀ ਆਪਣੀ ਦਾਦੀ ਦੀ ਬੁੱਕਲ 'ਚ ਬੇਸੁੱਧ ਪਈ ਸੀ। ਪਰ ਸਾਨੂੰ ਪੂਰਾ ਵਿਸ਼ਵਾਸ ਸੀ ਕਿ ਅਸੀਂ ਇਸ ਕੇਸ ਨੂੰ ਪੂਰੀ ਤਰਾਂ ਹੱਲ ਕਰ ਲਵਾਂਗੇ ਕਿਉਂਕਿ ਅਸੀਂ ਘਰ ਜਾਣ ਤੋਂ ਪਹਿਲਾਂ ਇਸ ਕੇਸ ਦੀ ਪੂਰੀ ਸਟੱਡੀ ਕਰ ਲਈ ਸੀ।

ਉਸ ਘਰ ਵਿਚ ਲੜਕੀ ਦੀ ਵੱਡੀ ਭੈਣ ਸੀ ਜੋ ਉਸਦਾ ਬੜਾ ਖਿਆਲ ਰੱਖਦੀ ਸੀ। ਅਸੀਂ ਸਭ ਤੋਂ ਪਹਿਲਾਂ ਲੜਕੀ ਦੀ ਭੈਣ ਤੋਂ ਜਾਣਕਾਰੀ ਲਈ। ਉਸਨੂੰ ਜਲਦੀ ਹੀ ਆਪਣੇ ਵਿਸ਼ਵਾਸ ਵਿਚ ਲੈ ਲਿਆ ਅਤੇ ਗੱਲ ਖੁੱਲ੍ਹਣ 'ਚ ਦੇਰ ਨਾ ਲੱਗੀ। ਗੱਲ ਉਮਰ ਦੀ ਪਰਪੱਕਤਾ ਤੋਂ ਪਹਿਲਾਂ ਬਣੇ ਪ੍ਰੇਮ ਸੰਬੰਧਾਂ ਦੀ ਸੀ ਜਿਸ ਕਾਰਨ ਲੜਕੀ ਮਾਨਸਿਕ ਦਬਾਅ ਹੇਠ ਇਨ੍ਹਾਂ ਸਾਰੀਆਂ ਘਟਨਾਵਾਂ ਨੂੰ ਅੰਜਾਮ ਦੇ ਰਹੀ ਸੀ। ਲੜਕੀ ਦੀ ਵੱਡੀ ਭੈਣ ਦੀ ਸਹਾਇਤਾ ਨਾਲ ਅਸੀਂ ਕੇਸ ਨੂੰ ਹੱਲ ਕਰਨ ਦੀ ਵਿਉਂਤ ਬਣਾਈ। ਜਿਸ ਵਿਚ ਅਸੀਂ ਉਸਨੂੰ ਜਰੂਰੀ ਸੁਝਾਅ ਦੇ ਕੇ ਆਪਣਾ ਸਹਿਯੋਗੀ ਬਣਾ ਲਿਆ। ਉਸ ਬੇਹੋਸ਼ ਲੜਕੀ ਨੂੰ ਦਾਦੀ ਦੀ ਬੁੱਕਲ਼ 'ਚੋਂ ਬਾਹਰ ਕੱਢ ਕੇ ਇਕਾਂਤ 'ਚ ਮੰਜੇ ਤੇ ਪਾ ਦਿੱਤਾ ਗਿਆ। ਉਸਦੀ ਵੱਡੀ ਭੈਣ ਨੇ ਸਾਡੇ ਦੱਸੇ ਮੁਤਾਬਕ ਆਪਣੀ ਭੈਣ ਨਾਲ ਇਕਾਂਤ 'ਚ ਗੱਲਬਾਤ ਕਰਨੀ ਸ਼ੁਰੂ ਕੀਤੀ ਤੇ ਥੋੜ੍ਹੀ ਦੇਰ ਬਾਅਦ ਹੀ ਉਹ ਆਪਣੀ ਭੈਣ ਦੀ ਸਹਾਇਤਾ ਨਾਲ ਉੱਠ, ਦੋਵੇਂ ਸਾਡੇ ਕੋਲ ਗੱਲਬਾਤ ਲਈ ਆ ਬੈਠੀਆਂ। ਹੁਣ ਉਹ ਲੜਕੀ ਭਾਵੇਂ ਪੂਰੀ ਤਰਾਂ ਠੀਕ ਨਹੀਂ ਸੀ ਪਰ ਸਾਡੇ ਨਾਲ ਗੱਲਬਾਤ ਕਰਨ ਲਈ ਬਹੁਤ ਉਤਸੁਕ ਸੀ। ਉਸਨੇ ਥੋੜ੍ਹੀ ਜਿਹੀ ਗੱਲਬਾਤ ਤੋਂ ਬਾਅਦ ਖੁੱਲ੍ਹ ਕੇ ਆਪਣੀ ਸਮੱਸਿਆ ਵਿਸਥਾਰ ਨਾਲ ਰੱਖ ਦਿੱਤੀ।

ਲੜਕੀ ਨੂੰ ਧੱਕੇ ਨਾਲ ਦਵਾਈ ਦਿੱਤੀ ਜਾ ਰਹੀ ਸੀ ਜਿਸਦਾ ਉਸਦੀ ਸਿਹਤ ਤੇ ਬੁਰਾ ਪ੍ਰਭਾਵ ਪੈ ਰਿਹਾ ਸੀ ਅਤੇ ਪਿਛਲੇ ਇੱਕ ਮਹੀਨੇ ਤੋਂ ਉਸਦਾ ਸਕੂਲ ਜਾਣਾ ਬੰਦ ਪਿਆ ਸੀ। ਉਸਨੂੰ ਲੜਕੇ ਦੁਆਰਾ ਕੀਤੇ ਜਾਂਦੇ ਫੋਨ ਅਤੇ ਪੈਸਿਆਂ ਦੀ ਕੀਤੀ ਜਾਂਦੀ ਮੰਗ ਤੇ ਅਸੀਂ ਉਸਨੂੰ ਵਧੀਆ ਸੁਝਾਅ ਦਿੱਤੇ । ਇਸ ਤਰ੍ਹਾਂ ਹੋਰ ਸਾਰੀਆਂ ਘਟਨਾਵਾਂ ਦਾ ਤਾਣਾ-ਬਾਣਾ ਉਪਰੋਕਤ ਮਸਲੇ ਨਾਲ ਜੁੜਿਆ ਹੋਇਆ ਸੀ। ਇਹ ਲੜਕੀ ਆਪਣੀ ਇਸ ਉਲਝਣ ਨੂੰ ਹੋਰ ਉਲਝਾ ਕੇ ਖੰਡਿਤ ਮਾਨਸਿਕਤਾ ਦਾ ਪ੍ਰਦਰਸ਼ਨ ਕਰ ਰਹੀ ਸੀ। ਢਾਈ-ਤਿੰਨ ਘੰਟਿਆਂ ਦੀ ਮਿਹਨਤ ਅਤੇ ਉਸਾਰੂ ਗੱਲਬਾਤ ਨਾਲ ਲੜਕੀ ਦਾ ਮਨ ਹੌਲਾ ਹੋ ਗਿਆ ਤੇ ਉਹ ਹੱਸਣ ਲੱਗ ਪਈ। ਇਹ ਮਾਜਰਾ ਵੇਖ ਪਰਿਵਾਰ ਵਾਲਿਆਂ ਨੂੰ ਸੁਖ ਦਾ ਸਾਹ ਆਇਆ।ਅਸੀਂ ਲੜਕੀ ਦੀ ਇੱਛਾ ਨੂੰ ਜਾਣਦੇ ਹੋਏ, ਉਸਨੂੰ ਉਸਦੀ ਉਮਰ, ਸਿੱਖਿਆ, ਮਨੋਵਿਗਿਆਨਕ ਪਹਿਲੂ, ਪਰਿਵਾਰ, ਸਮਾਜ ਆਦਿ ਬਾਰੇ ਜਾਣਕਾਰੀ ਦਿੱਤੀ। ਜਿਸਨੂੰ ਉਹ ਬੜੀ ਅਸਾਨੀ ਨਾਲ ਸਮਝ ਰਹੀ ਸੀ ਅਤੇ ਉਹ ਆਪ ਇਸ ਝੰਜਟ ਚੋਂ ਜਲਦੀ ਬਾਹਰ ਨਿਕਲਣਾ ਚਾਹੁੰਦੀ ਸੀ। ਅੰਤ ਵਿਚ ਪਰਿਵਾਰ

ਦੇ ਜਿੰਮੇਵਾਰ ਜੀਆਂ ਨੂੰ ਸਹਿਜ ਭਰੇ ਮਾਹੌਲ ਵਿਚ, ਕੋਲ ਬਿਠਾ ਕੇ ਕੁਝ ਜਰੂਰੀ ਹਦਾਇਤਾਂ ਤੇ ਜਲਦੀ ਅਮਲ ਕਰਨ ਲਈ ਕਿਹਾ। ਇਸ ਤੋਂ ਬਾਅਦ ਲੜਕੀ ਨੂੰ ਕੋਈ ਦੌਰਾ ਨਹੀਂ ਪਿਆ ਅਤੇ ਨਾ ਹੀ ਕੋਈ ਗੈਰ-ਕੁਦਰਤੀ ਘਟਨਾਵਾਂ ਉਸ ਘਰ ਵਿਚ ਵਾਪਰੀਆਂ।

ਮੋਬਾ. 094167 24331

ਇਕਲਾਪੇ ਦੀ ਕਸਰ (ਕੇਸ ਰਿਪੋਰਟ) ਦੀ ਬਾਕੀ

ਦੱਸੇ ।ਅਸੀਂ ਪੂਰੀ ਕੋਸ਼ਿਸ਼ ਕਰਕੇ ਉਸਨੂੰ ਹੱਲ ਕਰਾਂਗੇ ।ਉਸਨੇ ਸਾਡੇ ਵਿਸ਼ਵਾਸ਼ ਦਵਾਉਣ ਤੇ ਦੱਸਿਆ, "ਮੈਂ ਪਿੰਡ ਵਾਲੇ ਘਰ ਵਿਚ ਬਿਲਕੁਲ 'ਕੱਲੀ ਰਹਿੰਦੀ ਹਾਂ । ਘਰ ਦੀਆਂ ਸੁੰਨੀਆਂ ਕੰਧਾਂ ਮੈਨੂੰ ਵੱਢ-ਵੱਢ ਖਾਣ ਨੂੰ ਆਉਂਦੀਆਂ ਹਨ । ਜੇ ਤੁਸੀਂ ਮੇਰੇ ਦਿਓਰ ਦੀ ਵੱਡੀ ਕੁੜੀ ਜਿਸਦਾ ਨਾਓਂ ਰਾਣੀ ਹੈ ਮੇਰੀ ਝੋਲ਼ੀ ਪਵਾ ਦਿਓਂ ਜਿਹੜੀ ਮੈਨੂੰ ਮੋਹ ਵੀ ਬੜਾ ਕਰਦੀ ਐ, ਮੇਰਾ ਜੀਅ ਵੀ ਲੱਗ ਜਾਵੇਗਾ ਤੇ ਮੇਰੇ ਘਰ ਵਿਚ ਰੌਣਕ ਵੀ ਹੋ ਜਾਵੇਗੀ ।" ਅਸੀਂ ਉਸਦੀ ਇਸ ਮੰਗ ਨੂੰ ਪੂਰਾ ਕਰਵਾਓਣ ਦਾ ਵਾਦਾ ਕੀਤਾ ਤੇ ਘਰ ਵਿਚ ਹੁੰਦੀਆਂ ਘਟਨਾਵਾਂ ਬਾਰੇ ਫਿਰ ਤੋਂ ਪ੍ਰਸ਼ਨ ਕੀਤਾ ਤਾਂ ਉਸਨੇ ਰੋਂਦੇ ਹੋਏ ਦੱਸਿਆ, "ਵੀਰ ਇਹ ਸਾਰਾ ਕੁੱਝ ਮੈਂ ਹੀ ਕਰਦੀ ਹਾਂ ਕਿਉਂਕਿ ਜਦੋਂ ਖੇਤ ਵਿਚ ਨਰਮਾਂ ਚੁਗਦੇ-ਚੁਗਦੇ ਐਥੋਂ ਹੀ ਚੁੱਕ ਕੇ ਮੈਂ ਬਿਨ੍ਹਾਂ ਪਤਾ ਲੱਗੇ ਘਰ ਦੇ ਵਿਹੜੇ ਵਿਚ ਰੋੜੇ ਸੁੱਟਦੀ ਹਾਂ ਜਾਂ ਅੱਗ ਲਾਉਣ ਵਰਗੀਆਂ ਘਟਨਾਵਾਂ ਕਰਦੀ ਹਾਂ ਤਾਂ ਇਹ ਸਾਰਾ ਖੇਤ ਵਾਲਾ ਟੱਬਰ ਡਰ ਦਾ ਮਾਰਿਆ ਸਾਡੇ ਪਿੰਡ ਵਾਲ਼ੇ ਘਰ ਮੇਰੇ ਕੋਲ਼ ਰਹਿਣ ਲਈ ਚਲਾ ਜਾਂਦਾ ਹੈ । ਜਿਸ ਨਾਲ ਮੇਰੇ ਘਰ ਵਿਚ ਬੱਚਿਆਂ ਦੀਆਂ ਰੌਣਕਾਂ ਲੱਗ ਜਾਂਦੀਆਂ ਹਨ ਤੇ ਮੈਂ ਚਹੁੰਦੀ ਆਂ ਕਿ ਇਹ ਬੱਚੇ ਮੇਰੇ ਕੋਲ਼ ਰਹਿਣ ਤੇ ਮੇਰਾ ਜੀਅ ਲੱਗਿਆ ਰਹੇ ।ਪਰ ਮੇਰੀ ਦਰਾਣੀ ਇਹਨਾਂ ਨੂੰ ਫੇਰ ਖੇਤ ਵਾਲ਼ੇ ਘਰ ਲੈ ਕੇ ਆ ਜਾਂਦੀ ਹੈ ।ਮੈਂ ਇਹਨ੍ਹਾਂ ਨੂੰ ਮੇਰੇ ਕੋਲ ਰਹਿਣ ਲਈ ਕਹਿੰਦੀ ਹਾਂ ਪਰ ਮੇਰੀ ਮੰਨਦਾ ਕੋਈ ਨਹੀਂ । ਜੇ ਤੁਸੀਂ ਮੈਨੂੰ ਇਹ ਵੱਡੀ ਕੁੜੀ ਮੇਰੀ ਝੋਲੀ ਪਵਾ ਦਿਓਗੇ ਤਾਂ ਇਹ ਸਾਰਾ ਕੁਛ ਆਪਣੇ ਆਪ ਬੰਦ ਹੋ ਜਾਵੇਗਾ ।"

ਅਸੀਂ ਉਸਨੂੰ ਪੂਰਨ ਵਿਸ਼ਵਾਸ਼ ਦਿਵਾਇਆ ।ਘਰ ਦੇ ਮੁਖੀ ਅਤੇ ਉਸਦੀ ਪਤਨੀ ਨਾਲ ਗੱਲ ਕਰਕੇ ਉਹਨਾਂ ਨੂੰ ਵੱਡੀ ਲੜਕੀ ਆਪਣੀ ਭਰਜਾਈ ਨੂੰ ਗੋਦ ਦੇਣ ਲਈ ਰਜਾਮੰਦ ਕੀਤਾ ।ਹੁਣ ਇਹ ਪਰਿਵਾਰ ਬੜੀ ਖੁਸ਼ੀ-ਖੁਸ਼ੀ ਰਹਿ ਰਿਹਾ ਹੈ ਤੇ ਉਸ ਤੋਂ ਬਾਦ ਘਰ ਵਿਚ ਕਦੀ ਵੀ ਕੋਈ ਗੈਰ ਵਿਗਿਆਨਕ ਘਟਨਾ ਨਹੀਂ ਘਟੀ ।

ਮੋਬਾ. 97819 25566

ਤਰਕ ਮੂਹਰੇ ਤਾਂਤਰਿਕ ਨੂੰ ਮਾਤ

ਜ਼ੀਰੇ ਆਏ ਤਾਂਤਰਿਕ ਨੇ ਇੱਕ ਪੈਂਫਲੇਟ ਵੰਡਿਆ ਜਿਸ ਵਿਚ ਅਖੌਤੀ ਤਾਂਤਰਿਕ ਮੀਆਂ ਗੁਰੂ ਹੈਮਦ ਵੱਲੋਂ ਦਾਅਵਾ ਕੀਤਾ ਗਿਆ ਕਿ ਉਸ ਕੋਲ ਹਰ ਬਿਮਾਰੀ ਦਾ ਇਲਾਜ ਜਿਵੇਂ ਕਿ ਕਾਲੇ ਇਲਮ ਨਾਲ ਕਿਸੇ ਨੂੰ ਵੱਸ ਕਰਨਾ, ਵਿਦੇਸ਼ ਯਾਤਰਾ ਆਦਿ ਦੇ ਦਾਅਵੇ ਕੀਤੇ ਗਏ ਸਨ। ਇਸ ਸਬੰਧੀ ਇਲਾਕੇ ਦੇ ਲੋਕਾਂ ਵੱਲੋਂ ਤਰਕਸ਼ੀਲ ਸੁਸਾਇਟੀ ਦੇ ਮੈਂਬਰਾਂ ਨਾਲ ਸੰਪਰਕ ਕਰਕੇ ਇਸ ਅਖੌਤੀ ਤਾਂਤਰਿਕ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ। ਇਕਾਈ ਨੇ ਤਰਕਸ਼ੀਲ ਮੈਂਬਰ ਤਰਸੇਮ ਚੋਹਲਾ ਨੂੰ ਤਾਂਤਰਿਕ ਕੋਲ ਭੇਜਿਆ। ਤਰਕਸ਼ੀਲ ਸਾਥੀ ਵੱਲੋਂ ਅਖੌਤੀ ਤਾਂਤਰਿਕ ਨੂੰ ਬੱਚਾ ਨਾ ਹੋਣ 'ਤੇ ਇਲਾਜ ਕਰਨ ਲਈ ਕਿਹਾ ਗਿਆ। ਜਦੋ ਕਿ ਉਸ ਦੇ ਪਹਿਲਾ ਹੀ ਤਿੰਨ ਬੱਚੇ ਸਨ ਜੋ ਕਿ ਤਾਂਤਰਿਕ ਵਿੱਦਿਆ ਦਾ ਮਾਹਿਰ ਹੋਣ ਦਾ ਦਾਅਵਾ ਕਰਨ ਵਾਲਾ ਵੀ ਨਾ ਜਾਣ ਸਕਿਆ। ਤਾਂਤਰਿਕ ਵੱਲੋਂ 150 ਰੁਪਏ ਫੀਸ ਲੈਣ ਤੋਂ ਬਾਅਦ 1100/- ਰੁਪਏ ਉਪਾਅ ਕਰਨ ਵਾਸਤੇ ਮੰਗੇ ਗਏ। ਇਸ ਸਾਰੇ ਘਟਨਾਕ੍ਰਮ ਦੀ ਤਰਕਸ਼ੀਲ ਸਾਥੀ ਵੱਲੋਂ ਲੁਕਵੇਂ ਢੰਗ ਨਾਲ ਰਿਕਾਰਡਿੰਗ ਕੀਤੀ ਗਈ। ਇਸ ਸਾਰੀ ਘਟਨਾ ਦੀ ਸੀ.ਡੀ ਸਬੂਤ ਵਜੋਂ ਥਾਣਾ ਸਿਟੀ ਜ਼ੀਰਾ ਦੇ ਐਸ.ਐਚ.ਓ ਸ: ਰਸ਼ਮਿੰਦਰ ਸਿੰਘ ਨੂੰ ਸੌਂਪੀ ਗਈ ਅਤੇ ਉਸ ਤਾਂਤਰਿਕ ਵਿਰੁੱਧ ਕਾਰਵਾਈ ਲਈ ਮੰਗ ਕੀਤੀ ਗਈ। ਜਿਸ 'ਤੇ ਤੁਰੰਤ ਕਾਰਵਾਈ ਕਰਦਿਆਂ ਉਸ ਤਾਂਤਰਿਕ ਨੂੰ ਥਾਣਾ ਜ਼ੀਰਾ ਵਿਖੇ ਲਿਆਂਦਾ ਗਿਆ। ਜਦੋ ਥਾਣਾ ਮੁਖੀ ਅਤੇ ਤਰਕਸ਼ੀਲ ਸੁਸਾਇਟੀ ਦੇ ਮੈਂਬਰ ਗੁਰਚਰਨ ਸਿੰਘ ਨੂਰਪੁਰ, ਵੇਦ ਪ੍ਰਕਾਸ਼ ਸੋਨੀ, ਪਰਮਜੀਤ ਸਿੰਘ ਵੱਲੋਂ ਉਸ ਨੂੰ ਕਾਲੇ ਇਲਮ ਨਾਲ ਕੋਈ ਚਮਤਕਾਰ ਕਰਕੇ ਦਿਖਾਉਣ ਨੂੰ ਕਿਹਾ ਤਾਂ ਉਹ ਕੋਈ ਜਵਾਬ ਨਾਂ ਦੇ ਸਕਿਆ। ਤਰਕਸ਼ੀਲ ਆਗੂਆਂ ਵੱਲੋਂ ਪੁੱਛੇ ਗਏ ਸੁਆਲਾਂ ਸਾਹਮਣੇ ਤਾਂਤਰਿਕ ਬੇਵੱਸ ਹੋ ਗਿਆ ਤੇ ਤਾਂਤਰਿਕ ਤਰਕਸ਼ੀਲਾਂ ਦੀ ਕਿਸੇ ਵੀ ਦਲੀਲ ਦਾ ਉੱਤਰ ਨਾ ਦੇ ਸਕਿਆ। ਉਸ ਨੇ ਪੁਲਿਸ ਦੀ ਹਾਜ਼ਰੀ 'ਚ ਲਿਖਤੀ ਮੁਆਫੀ ਮੰਗ ਕੇ ਜ਼ੀਰੇ ਨੂੰ ਛੱਡ ਕੇ ਜਾਣ ਦਾ ਵਾਅਦਾ ਕੀਤਾ ਤੇ ਅਗਲੇ ਹੀ ਦਿਨ ਉਹ ਜ਼ੀਰੇ ਵਿੱਚੋਂ ਚਲਾ ਗਿਆ।

ਪ੍ਰਤਾਪ ਸਿੰਘ ਹੀਰਾ (98552-42916)

ਡਾ. ਹਰਗੋਬਿੰਦ ਖੁਰਾਣਾ: ਇੱਕ ਖੋਜੀ ਹੋਣ ਦਾ ਅਰਥ

ਜਾਕਿਰ ਅਲੀ ਰਜਨੀਸ਼

ਡਾ. ਹਰਗੋਬਿੰਦ ਖੁਰਾਣਾ ਸੰਸਾਰ ਦੇ ਉਹਨਾਂ ਮਹਾਨ ਖੋਜੀਆਂ ’ਚੋਂ ਇੱਕ ਹੈ ਜੋ ਜੰਮਿਆ ਤਾਂ ਭਾਰਤ ’ਚ ਪਰ ਉਸ ਅਤੇ ਉਸ ਦੇ ਕੰਮ ਦੀ ਕਦਰ ਭਾਰਤ ਤੋਂ ਬਾਹਰ ਪਈ। ਇੰਗਲੈਂਡ ਵਿੱਚ ਖੋਜ ਸਕਾਲਰਸ਼ਿਪ ਖਤਮ ਹੋਣ ਤੋਂ ਬਾਅਦ ਜਦੋਂ ਉਹ ਭਾਰਤ ਪਰਤਿਆ, ਉਸ ਵੇਲੇ ਨਾਂ ਤਾਂ ਉਸ ਨੂੰ ਖੋਜ ਲਈ ਸਹੀ ਸਥਾਨ ਮੁਹੱਈਆ ਕਰਵਾਇਆ ਗਿਆ ਅਤੇ ਨਾਂ ਹੀ ਕੋਈ ਢੰਗ ਦੀ ਨੌਕਰੀ ਮਿਲੀ। ਇਸ ਤੋਂ ਉਸ ਦਾ ਮਨ ਉਚਾਟ ਹੋ ਗਿਆ ਅਤੇ ਉਸ ਨੇ ਵਾਪਸ ਇੰਗਲੈਂਡ ਵੱਲ ਚਾਲੇ ਪਾ ਦਿੱਤੇ। ਪੇਸ਼ ਹੈ ਇੱਕ ਸਾਇੰਸਦਾਨ ਦੀ ਜੀਵਨ ਕਹਾਣੀ।

ਪੁਰਾਣੇ ਜ਼ਮਾਨੇ ਵਿੱਚ ਲੋਕਾਂ ਦੀ ਵਿਚਾਰ ਸੀ ਕਿ ਰੱਬ ਨੇ ਇੱਕ ਦਿਨ ਵਿੱਚ ਹੀ ਦੁਨੀਆ ਸਾਜ ਦਿੱਤੀ ਪਰ ਅੱਜ ਤੋਂ ਸੌ ਸਾਲ ਪਹਿਲਾਂ ਚਾਰਲਸ ਡਾਰਵਿਨ ਨੇ ਵਿਕਾਸਵਾਦ ਦੇ ਸਿਧਾਂਤ ਰਾਹੀਂ ਇਹ ਦੱਸਿਆ ਕਿ ਧਰਤੀ ’ਤੇ ਜੀਵਾਂ ਦੇ ਵਿਕਾਸ ਦੀ ਇੱਕ ਲੰਮੀ ਕਹਾਣੀ ਹੈ। ਅੱਜ ਧਰਤੀ ’ਤੇ ਜਿਹੜੇ ਰੂਪ ਵਿੱਚ ਪ੍ਰਾਣੀ ਦਿਸਦੇ ਹਨ, ਉਹਨਾਂ ਨੂੰ ਇੱਥੋਂ ਤੱਕ ਪੁੱਜਣ ਲਈ ਲੰਮੇ ਸੰਘਰਸ਼ ਨਾਲ ਮੱਥਾ ਲਾਉਣਾ ਪਿਆ।

ਡਾਰਵਿਨ ਦਾ ਇਹ ਸਿਧਾਂਤ ਹੋਂਦ ਵਿੱਚ ਆਉਣ ਤੋਂ ਬਾਅਦ ਜਿੱਥੇ ਇੱਕ ਪਾਸੇ ਦੁਨੀਆਂ ਵਿੱਚ ਤਰਥੱਲੀ ਮਚ ਗਈ ਉੱਥੇ ਬਹੁਤ ਸਾਰੇ ਸਾਇੰਸਦਾਨ ਇਸ ਪਾਸੇ ਹੋਰ ਖੋਜਾਂ ਕਰਨ ਲੱਗੇ। ਇਸ ਦੌਰਾਨ ਸਾਇੰਸਦਾਨਾਂ ਦਾ ਧਿਆਨ ਅਣੁਵੰਸ਼ਿਕ ਗੁਣਾਂ ਯਾਨੀ ਮਾਤਾ-ਪਿਤਾ ਤੋਂ ਉਹਨਾਂ ਦੀ ਸੰਤਾਨ ਵਿੱਚ ਪੁੱਜਣ ਵਾਲੇ ਲੱਛਣਾਂ ਵੱਲ ਗਿਆ। ਇਸ ਦਾ ਮੁੱਢ ਸੱਭ ਤੋਂ ਪਹਿਲਾਂ ਗ੍ਰੇਗਰ ਜਾਨ ਮੇਂਡਲ (Grager John Mendel) ਨੇ ਬੰਨ੍ਹਿਆ। ਉਸ ਨੇ ਦੱਸਿਆ ਕਿ ਅਣੁਵੰਸ਼ਿਕਤਾ ਦੇ ਗੁਣ ਕੁੱਝ ਖਾਸ ਤੱਤਾਂ ਰਾਹੀਂ ਸੰਤਾਨਾਂ ਤੱਕ ਪੁੱਜਦੇ ਹਨ। ਅੱਗੇ ਜਾ ਕੇ ਇਹ ਗੱਲ ਥੋੜੀ ਹੋਰ ਸਪੱਸ਼ਟ ਹੋ ਗਈ ਜਦੋਂ ਇਹ ਪਤਾ ਲੱਗਾ ਕਿ ਇਹਨਾਂ ਗੁਣਾਂ ਨੂੰ ਪਹੁੰਚਾਉਣ ਵਿੱਚ ਗੁਣਸੂਤਰਾਂ (Cromosome) ਦਾ ਹੱਥ ਹੁੰਦਾ ਹੈ। ਪਰ ਜਦੋਂ ਇਸ ਦਿਸ਼ਾ ਵਿੱਚ ਕੁੱਝ ਹੋਰ ਡੂੰਘਾਈ ਨਾਲ ਖੋਜ ਕੀਤੀ ਗਈ ਤਾਂ ਪਤਾ ਲੱਗਾ ਕਿ ਜੀਨ ਵਿੱਚ ਜ਼ਿੰਦਗੀ ਦੇ ਚਿੰਨ੍ਹ ਲੁਕੇ ਹੁੰਦੇ ਹਨ। ਅਜਿਹੇ ਸਮੇਂ ਜੀਵਨ ਦੀਆਂ ਬੁਝਾਰਤਾਂ ਨੂੰ ਸਮਝਣ ਲਈ ਜੀਨ ਨੂੰ ਸਮਝਣਾ ਬਹੁਤ ਜ਼ਰੂਰੀ ਹੋ ਗਿਆ।

ਕਿਉਂਕਿ ਜੀਨ ਕਈ ਪ੍ਰਕਾਰ ਦੇ ਐਸਿਡਾਂ ਦਾ ਸੁਮੇਲ ਹੈ, ਇਸ ਲਈ ਉਨ੍ਹਾਂ ਦੇ ਅਧਿਐਨ ਲਈ ਰਸਾਇਣ ਵਿਗਿਆਨ ਦਾ ਸਹਿਯੋਗ ਲੈ ਕੇ ਇੱਕ ਨਵੀਂ ਇਕਾਈ ‘ਜੀਵ ਵਿਗਿਆਨ’ (Biochemistry) ਦਾ ਜਨਮ ਹੋਇਆ। ਉਦੋਂ ਜਾ ਕੇ ਇਹ ਸਮਝ ’ਚ ਆਇਆ ਕਿ ਜੀਵ ਜੀਨ ਦੀ ਬਣਤਰ ਦੋ ਪ੍ਰਕਾਰ ਦੇ ਐਸਿਡਾਂ ਤੋਂ ਹੋਈ ਹੈ। ਇੱਕ ਦਾ ਨਾਂ ਡਿਆਕਸੀ ਰਾਈਬੋਨਿਊਕਲਿਕ ਐਸਿਡ (Deoxyribonucleic Acid-DNA) ਹੈ ਅਤੇ ਦੂਜੇ ਦਾ ਰਾਈਬੋਨਿਊਕਲਿਕ ਐਸਿਡ (Ribonucleic Acid-RNA) ਹੈ। ਇਸ ਨਾਲ ਇਹ ਵੀ ਪਤਾ ਲੱਗਾ ਕਿ ਇਹ ਐਸਿਡ ਹੀ ਜੀਵਨ ਦੀਆਂ ਮੁੱਢਲੀਆਂ ਇਕਾਈਆਂ ਹਨ।

ਡੀਐਨਏ ਦੇ ਅਧਿਐਨ ਤੋਂ ਬਾਅਦ ਸਾਇੰਸਦਾਨਾਂ ਨੂੰ ਇਹ ਸਮਝ ਪਈ ਕਿ ਉਸ ਦੀ ਬਣਤਰ ਚੂੜੀਦਾਰ ਪੌੜੀ ਵਰਗੀ ਹੁੰਦੀ ਹੈ। ਇਹ ਖੋਜ 1953 ਵਿੱਚ ਜੇਮਸ ਵਾਟਸਨ (James Watson) ਅਤੇ ਫ੍ਰਾਂਸਿਸ ਕ੍ਰਿਕ (Francis Crick) ਨੇ ਕੀਤੀ ਸੀ ਪਰ ਇਨ੍ਹਾਂ ਐਸਿਡਾਂ ਬਾਰੇ ਬਹੁਤ ਸਾਰੀਆਂ ਪਰਤਾਂ ਖੁੱਲ੍ਹਣੀਆਂ ਅਜੇ ਬਾਕੀ ਸਨ। ਡਾ. ਹਰਗੋਬਿੰਦ ਖੁਰਾਣਾ ਨੇ ਇਹ ਕੰਮ ਆਪਣੇ ਸਿਰ ਲਿਆ। ਉਸ ਨੇ ਪਹਿਲੀ ਡੀਐਨਏ ਦੇ ਰਸਾਇਣਿਕ ਪਦਾਰਥਾਂ ਦਾ ਮੁਕੰਮਲ ਰੂਪ ’ਚ ਵਿਸ਼ਲੇਸ਼ਣ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ। ਇਸ ਕਾਰਜ ਨਾਲ ਉਸ ਦੀ ਚੜ੍ਹਾਈ ਪੂਰੀ ਦੁਨੀਆ ਵਿੱਚ ਹੋ ਗਈ।

1970 ਵਿੱਚ ਡਾ. ਖੁਰਾਣਾ ਨੇ ਇੱਕ ਹੋਰ ਜ਼ਰੂਰੀ ਕੰਮ ਨੇਪਰੇ ਚਾੜ੍ਹਿਆ। ਉਸ ਨੇ ਆਪਣੀ ਪ੍ਰਯੋਗਸ਼ਾਲਾ ਵਿੱਚ ਖਮੀਰ ਦੇ ਟਰਾਂਸਫਰ ਆਰਐਨਏ ਦਾ ਸੰਸਲੇਸ਼ਣ ਕਰ ਕੇ ਨਕਲੀ ਜੀਨ ਤਿਆਰ ਕਰਨ ’ਚ ਸਫਲਤਾ ਹਾਸਲ ਕੀਤੀ। ਉਸ ਨੇ ਟ੍ਰਾਂਸਫਰ

ਆਰਐਨਏ ਦਾ ਸੰਸਲੇਸ਼ਣ ਕਰਕੇ ਪਹਿਲੀਆਂ 77 ਕੜੀਆਂ (Nucleotides) ਵਿੱਚੋਂ ਕੁੱਝ ਕੜੀਆਂ ਨੂੰ ਵੱਖ ਕਰ ਦਿੱਤਾ। ਉਸ ਤੋਂ ਬਾਅਦ ਉਹਨ੍ਹਾਂ ਨੂੰ ਵੱਖ-ਵੱਖ ਕਰ ਕੇ ਛੋਟੇ-ਛੋਟੇ ਸਮੂਹਾਂ ਦਾ ਸੰਸਲੇਸ਼ਣ ਕੀਤਾ। ਇਸ ਲਈ ਉਸ ਨੇ 3-5 ਫਾਸਫਾਡਾਈ ਐਸਟਰ ਬੰਧ ਦਾ ਨਿਰਮਾਣ ਕੀਤਾ। ਉਸ ਤੋਂ ਬਾਅਦ ਡੀਐਨਏ ਦੇ ਮੁਦਰਾਕਾਰ ਘੇਰੇ ਵਿੱਚੋਂ ਅਜਿਹੇ ਅੰਸ਼ਾਂ ਨੂੰ ਜੋ ਇੱਕ ਦੂਜੇ ਦੇ ਪੂਰਕ ਸਨ, ਕੁੱਝ ਹੱਦ ਤੱਕ ਇੱਕ ਦੂਜੇ ’ਤੇ ਓਵਰਲੈਪਿੰਗ ਦੀ ਕਿਰਿਆ ਕਰਵਾਈ। ਅੰਤ ਵਿੱਚ ਡੀਐਨਏ ਲਾਈਗੇਜ ਦੀ ਸਹਾਇਤਾ ਨਾਲ ਉਹਨਾਂ ਦੋਵਾਂ ਮੁਦਰਾਕਾਰ ਘੇਰੇ ਦੇ ਨੇੜਲੇ ਭਾਗਾਂ ਨੂੰ ਬੈਕਟੀਰੀਆ ਵਾਲੇ ਐਨਜਾਈਮ ਦੀ ਮਦਦ ਨਾਲ ਇੱਕ-ਦੂਜੇ ਨਾਲ ਜੋੜ ਦਿੱਤਾ।

ਹਰਗੋਬਿੰਦ ਖੁਰਾਣਾ ਦਾ ਜਨਮ 09 ਜਨਵਰੀ, 1922 ਵਿੱਚ ਲਹਿੰਦੇ ਪੰਜਾਬ ਦੇ ਮੁਲਤਾਨ ਜ਼ਿਲ੍ਹੇ ਦੇ ਰਾਏਪੁਰ ਨਾਂ ਦੇ ਪਿੰਡ ਵਿੱਚ ਹੋਇਆ। ਜਦੋਂ ਉਹ 12 ਸਾਲਾਂ ਦਾ ਸੀ ਤਾਂ ਉਸ ਦੇ ਪਿਤਾ ਦੀ ਮੌਤ ਹੋ ਗਈ। ਇਸ ਸਥਿਤੀ ਵਿੱਚ ਉਸ ਦਾ ਪਾਲਣ-ਪੋਸ਼ਣ ਵੱਡੇ ਭਰਾ ਨੰਦਲਾਲ ਨੇ ਕੀਤਾ ਅਤੇ ਉਸ ਦੀ ਪੜ੍ਹਾਈ-ਲਿਖਾਈ ਦੀ ਜ਼ਿੰਮੇਵਾਰੀ ਚੁੱਕੀ।

ਹਰਗੋਬਿੰਦ ਦੀ ਮੁੱਢਲੀ ਪੜ੍ਹਾਈ ਪਿੰਡ ਦੇ ਸਕੂਲ ਵਿੱਚੋਂ ਹੀ ਹੋਈ। ਉਹ ਬਚਪਨ ਤੋਂ ਹੀ ਪੜ੍ਹਾਕੂ ਮੁੰਡਾ ਸੀ। ਉਸ ਨੇ ਐਮਐਸਸੀ ਤੱਕ ਦੀਆਂ ਸਾਰੀਆਂ ਪ੍ਰੀਖਿਆਵਾਂ ਚੰਗੇ ਨੰਬਰਾਂ ਨਾਲ ਪਾਸ ਕੀਤੀਆਂ ਅਤੇ 1946 ਵਿੱਚ ਇੰਗਲੈਂਡ ਚਲੇ ਗਿਆ। ਉੱਥੇ ਉਸ ਨੂੰ ਲੀਵਰਪੂਰ ਯੂਨੀਵਰਸਿਟੀ (Liverpool University) ਵਿੱਚ ਨੋਬਲ ਇਨਾਮ ਜੇਤੂ ਪ੍ਰੋ. ਅਲੇਕਜੇਂਡਰ ਟਾਡ (Prop. Alexander Todd) ਨਾਲ ਮਿਲ ਕੇ ਕੰਮ ਕਰਨ ਦਾ ਮੌਕਾ ਮਿਲਿਆ। ਉਸ ਨੇ ਜੀਵ ਰਸਾਇਣ ਮੁਤਾਬਕ ‘ਨਿਊਕਲਿਓਟਾਈਡ’ (Nucleotide) ਵਿਸ਼ੇ ’ਤੇ ਖੋਜ ਕਾਰਜ ਕੀਤਾ।

1948 ਵਿੱਚ ਉਸ ਦਾ ਖੋਜ ਕੰਮ ਮੁਕੰਮਲ ਹੋਇਆ। ਇਸ ਦੌਰਾਨ ਉਸ ਨੂੰ ਭਾਰਤ ਸਰਕਾਰ ਵੱਲੋਂ ਇੱਕ ਹੋਰ ਸਕਾਲਰਸ਼ਿਪ ਮਿਲੀ ਜਿਸ ਕਾਰਨ ਉਹ ਅੱਗੇ ਦੇ ਅਧਿਐਨ ਲਈ ਸਵਿੱਟਰਜਲੈਂਡ ਚਲੇ ਗਿਆ। ਉੱਥੇ ਉਸ ਨੇ ਪ੍ਰੋ. ਪ੍ਰਿਲਾਗ ਨਾਲ ਮਿਲ ਕੇ ਕੰਮ ਕੀਤਾ। ਸਕਾਲਰਸ਼ਿਪ ਖਤਮ ਹੋਣ ਤੋਂ ਬਾਅਦ ਜਦੋਂ ਉਹ ਦੇਸ਼ ਪਰਤਿਆ ਤਾਂ ਉਸ ਨੂੰ ਖੋਜ ਕਾਰਜਾਂ ਲਈ ਨਾਂ ਤਾਂ ਕੋਈ ਸਹੀ ਸਥਾਨ ਮੁਹੱਈਆ ਕਰਵਾਇਆ ਗਿਆ ਅਤੇ ਨਾਂ ਹੀ ਕੋਈ ਢੰਗ ਦੀ ਨੌਕਰੀ ਹੀ ਮਿਲੀ। ਇਸ ਨਾਲ ਉਸ ਦਾ ਮਨ ਮੁੜ ਗਿਆ ਅਤੇ ਉਸ ਨੇ ਇੰਗਲੈਂਡ ਵੱਲ ਵਹੀਰਾਂ ਘੱਤ ਦਿੱਤੀਆਂ।

ਡਾ. ਖੁਰਾਣਾ ਨੇ ਕੈਂਬਰਿਜ ਯੂਨੀਵਰਸਿਟੀ (Cambridge University) ’ਚ ਪ੍ਰੋ. ਟਾਡ ਦੀ ਦੇਖ-ਰੇਖ ਵਿੱਚ ਖੋਜ ਕਾਰਜ ਕੀਤਾ। 1952 ’ਚ ਉਸ ਨੂੰ ਕੋਲੰਬੀਆ ਯੂਨੀਵਰਸਿਟੀ (Columbia University) ਨੇ ਸੱਦਾ ਭੇਜਿਆ। ਉੱਥੇ ਉਹ ਜੀਵ ਵਿਗਿਆਨ ਵਿਭਾਗ ਦਾ ਮੁਖੀ ਜਾ ਲੱਗਾ। ਉੱਥੇ ਉਸ ਨੇ ਅਣੂਵੰਸ਼ਿਕਤਾ ’ਚ ਖੋਜ ਕਰਨ ਦਾ ਮਨ ਬਣਾਇਆ। ਹੌਲੀ-ਹੌਲੀ ਉਸ ਦੇ ਖੋਜ ਪੱਤਰ ਖੋਜੀ ਮੈਗਜ਼ੀਨਾਂ ਵਿੱਚ ਛਪਣ ਲੱਗੇ। ਇਸ ਨਾਲ ਉਸ ਨੂੰ ਬਹੁਤ ਪ੍ਰਸਿੱਧੀ ਮਿਲੀ ਅਤੇ ਉਸ ਨੇ ਅਨੇਕਾਂ ਇਨਾਮ ਵੀ ਪ੍ਰਾਪਤ ਕੀਤੇ।

1960 ਵਿੱਚ ਡਾ. ਖੁਰਾਣਾ ਅਮਰੀਕਾ ਚਲੇ ਗਿਆ। ਉੱਥੇ ਉਹ ਵਿਸਕਾਸਿਨ ਯੂਨੀਵਰਸਿਟੀ ਦੇ ਐਨਜਾਈਮ ਖੋਜ ਸੰਸਥਾਨ ਦਾ ਸਹਾਇਕ ਡਾਇਰੈਕਟਰ ਲੱਗ ਗਿਆ। ਇਸ ਮਗਰੋਂ ਉਸ ਦੀ ਤਰੱਕੀ ਹੋਈ ਅਤੇ ਉਹ ਹੋਰ ਵੱਡੇ ਅਹੁਦੇ ’ਤੇ ਪੁੱਜਿਆ। ਇਸ ਤੋਂ ਪਹਿਲਾਂ 1952 ਵਿੱਚ ਉਸ ਦਾ ਵਿਆਹ ਸਵਿੱਟਰਜਲੈਂਡ ਦੇ ਇੱਕ ਸੰਸਦ ਮੈਂਬਰ ਦੀ ਧੀ ਐਸਥਰ ਨਾਲ ਹੋ ਗਿਆ ਸੀ। ਉਸ ਦੀ ਜੀਵਨ ਸਾਥਣ ਇੱਕ ਸਮਝਦਾਰ ਜਨਾਨੀ ਸੀ। ਉਸ ਦੇ ਘਰ ਦੋ ਧੀਆਂ ਤੇ ਇੱਕ ਪੁੱਤਰ ਨੇ ਜਨਮ ਲਿਆ। ਉਸ ਨੇ 1966 ਵਿੱਚ ਅਮਰੀਕਾ ਦੀ ਨਾਗਰਿਕਤਾ ਹਾਸਲ ਕਰ ਲਈ।

ਡਾ. ਖੁਰਾਣਾ ਨੇ ਐਨਜਾਈਮ ਖੋਜ ਸੰਸਥਾਨ (Engime Research Institute) ਵਿੱਚ ਰਹਿੰਦੇ ਹੋਏ ਜੈਨੇਟਿਕ ਕੋਡ ’ਤੇ ਖੋਜ ਕੀਤੀ। ਉਸ ਨੇ ਇਸ ਖੋਜ ਦੌਰਾਨ ਅਮਰੀਕੀ ਵਿਗਿਆਨਿਕ ਮਾਰਸ਼ਲ ਨਿਰੇਨਬਰਗ ਅਤੇ ਡਾ. ਰਾਬਰਟ ਡਬਲਿਊ ਰੈਲੇ ਨੂੰ ਸਹਿਯੋਗ ਦਿੱਤਾ। ਉਸ ਦੀ ਇਹ ਖੋਜ ਮਹੱਤਵਪੂਰਨ ਸਿੱਧ ਹੋਈ ਜਿਸ ’ਤੇ ਉਸ ਨੂੰ ਸਾਲ 1968 ਵਿੱਚ ਇਲਾਜ ਵਿਗਿਆਨ ਦਾ ਨੋਬਲ ਇਨਾਮ ਪ੍ਰਾਪਤ ਹੋਇਆ।

ਡਾ. ਹਰਗੋਬਿੰਦ ਖੁਰਾਣਾ ਨੂੰ ਨੋਬਲ ਇਨਾਮ ਤੋਂ ਇਲਾਵਾ 1958 ਵਿੱਚ ਕਨੇਡਾ ਦਾ ਮਾਰਕ ਮੈਡਲ, 1960 ਵਿੱਚ ਕੈਨੇਡੀਅਨ ਪਬਲਿਕ ਸਰਵਿਸ ਦਾ ਸੋਨ ਤਮਗਾ, 1967 ਵਿੱਚ ਡੈਨੀ ਹੈਨਮੈਨ ਪੁਰਸਕਾਰ, 1968 ਵਿੱਚ ਲਾਸਕਰ ਫੈਡਰੇਸ਼ਨ ਪੁਰਸਕਾਰ ਅਤੇ ਲੂਸੀਆ ਗ੍ਰਾਸ ਰਾਹੀਂ ਵਿਟਜ ਇਨਾਮ ਪ੍ਰਾਪਤ ਹੋਏ। 1969 ਵਿੱਚ ਡਾ. ਖੁਰਾਣਾ ਭਾਰਤ ਆਇਆ। ਉਸ ਸਮੇਂ ਭਾਰਤ ਸਰਕਾਰ ਨੇ ਉਸ ਨੂੰ ਪਦਮ ਭੂਸ਼ਣ ਸਨਮਾਨ ਨਾਲ ਨਿਵਾਜਿਆ। ਇਸ ਤੋਂ ਇਲਾਵਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਉਸ ਨੂੰ ਡੀ.ਐਸ-ਸੀ ਡਾਕਟਰੇਟ ਦੀ ਆਨਰੇਰੀ ਡਿਗਰੀ ਨਾਲ ਸਨਮਾਨਿਆ ਗਿਆ।

9 ਨਵੰਬਰ 2011 ਨੂੰ ਇਸ ਮਹਾਨ ਸਾਇੰਸਦਾਨ ਨੇ ਆਖਰੀ ਸਾਹ ਲਿਆ। ਡਾ. ਖੁਰਾਣਾ ਨੇ ਆਪਣੀਆਂ ਖੋਜਾਂ ਵਿੱਚ ਜੈਨੇਟਿਕ ਵਿਗਾੜਾਂ ਦੇ ਕਾਰਨਾਂ ਅਤੇ ਉਨ੍ਹਾਂ ਨੂੰ ਸੁਧਾਰਨ ਲਈ ਆਸ ਦੀ ਕਿਰਨ ਦਿਖਾਈ ਹੈ। ਆਸ ਕੀਤੀ ਜਾਂਦੀ ਹੈ ਕਿ ਉਸ ਤੋਂ ਪ੍ਰੇਰਣਾ ਲੈ ਕੇ ਆਉਣ ਵਾਲੇ ਸਮੇਂ ਵਿੱਚ ਸਾਇੰਸਦਾਨ ਕੈਂਸਰ ਜਿਹੀਆਂ ਬਿਮਾਰੀਆਂ ਦੇ ਇਲਾਜ ’ਚ ਸਫਲਤਾ ਹਾਸਲ ਕਰਨਗੇ।

ਅਨੁਵਾਦ : ਹਰਪ੍ਰੀਤ ਮੋਹਾਲੀ

ਵਿਸ਼ੇਸ਼ ਰਿਪੋਰਟ

ਅੰਧ ਸ਼ਰਧਾ ਨਿਰਮੂਲਣ ਸਮਿਤੀ ਦੇ ਸੱਦੇ ਉੱਪਰ ਜੰਤਰ ਮੰਤਰ ਦਿੱਲੀ ਵਿਖੇ ਧਰਨਾ

ਡਾ. ਨਰਿੰਦਰ ਦਭੋਲਕਰ ਦੇ 20 ਅਗਸਤ 2013 ਨੂੰ ਮਹਾਰਾਸ਼ਟਰ ਵਿੱਚ ਹਿੰਦੂਤਵੀ ਸ਼ਕਤੀਆਂ ਵਲੋਂ ਕੀਤੇ ਕਤਲ ਅਤੇ ਇਸਤੋਂ ਬਾਅਦ ਕਾਮਰੇਡ ਅਤੇ ਤਰਕਸ਼ੀਲ ਆਗੂ ਗੋਬਿੰਦ ਪੰਸਾਰੇ ਅਤੇ ਤਰਕਸ਼ੀਲ ਵਿਦਵਾਨ ਡਾ. ਐਮ.ਐਮ. ਕੁਲਬਰਗੀ ਸਾਬਕਾ ਵਾਈਸ ਚਾਂਸਲਰ ਦੇ ਉਸੇ ਤਰਜ ’ਤੇ ਹੋਏ ਕਤਲਾਂ ਸਬੰਧੀ ਰਾਜ ਸਰਕਾਰਾਂ ਅਤੇ ਕੇਂਦਰ ਸਰਕਾਰ ਦੀ ਢਿੱਲੀ ਕਾਰਵਾਈ ਦੇ ਖਿਲਾਫ ਅੰਧ ਸ਼ਰਧਾ ਨਿਰਮੂਲਣ ਸੰਮਤੀ ਮਹਾਰਾਸ਼ਟਰ ਵੱਲੋਂ ਦਿੱਲੀ ਜੰਤਰ ਮੰਤਰ ਵਿਖੇ 20 ਜੁਲਾਈ ਨੂੰ ਧਰਨਾ ਦਿੱਤਾ ਗਿਆ। ਇਹਨਾਂ ਕਤਲਾਂ ਦੇ ਖਿਲਾਫ਼ ਪਹਿਲਾਂ ਵੀ ਪ੍ਰਸਿੱਧ ਭਾਰਤੀ ਰਸਾਇਣ ਵਿਗਿਆਨੀ ਭਾਰਗਵ ਵੱਲੋਂ ਆਪਣਾ ਪਦਮ ਸ੍ਰੀ ਅਵਾਰਡ ਵਾਪਸ ਕੀਤਾ ਗਿਆ ਅਤੇ ਸੈਂਕੜੇ ਲੇਖਕਾਂ ਵੱਲੋਂ ਆਪਣੇ ਸਾਹਿਤ ਅਕਾਦਮੀ ਅਵਾਰਡ ਵਾਪਸ ਕੀਤੇ ਗਏ। ਅਸਲ ਵਿਚ ਇਹ ਧਰਨਾ ਸਰਕਾਰ ਦੀਆਂ ਫਾਸ਼ੀਵਾਦੀ ਨੀਤੀਆਂ ਦੀ ਭਰਵੀਂ ਖਿਲਾਫ਼ਤ ਹੋ ਨਿਬੜਿਆ। ਭਾਵੇਂ ਸਰਕਾਰ ਵੱਲੋਂ ਹਿੰਦੂ ਸਨਾਤਨ ਸੰਸਥਾ ਤੇ ਹਿੰਦੂ ਜਨ ਜਾਗਰਣ ਸਮਿਤੀ ਦੇ ਕੁਝ ਵਿਅਕਤੀਆਂ ਦੀ ਗ੍ਰਿਫਤਾਰੀ ਕੀਤੀ ਗਈ ਹੈ ਪਰ ਤਿੰਨ ਸਾਲ ਦੇ ਅਰਸੇ ਬਾਅਦ ਵੀ ਅਜੇ ਤੱਕ ਇਹ ਇਨਕੁਆਰੀ ਤਨ ਪੱਤਣ ਨਹੀਂ ਲਾਈ ਅਤੇ ਪ੍ਰਾਪਤ ਸਬੂਤ ਗਵਾਹ ਹਨ ਕਿ ਇਹਨਾਂ ਕਤਲਾਂ ਦੇ ਪਿਛੇ ਮਾਸਟਰ ਮਾਈਂਡ ਕੌਣ ਹਨ। ਡਾ: ਦਭੋਲਕਰ ਅੰਧ ਸ਼ਰਧਾ ਨਿਰਮੂਲਣ ਸਮਿਤੀ ਮਹਾਰਾਸ਼ਟਰ ਦੇ ਸ੍ਰਪਰਸਤ, ਪ੍ਰਧਾਨ ਰਹਿ ਚੁੱਕੇ ਹਨ। ਇਸ ਸੰਸਥਾ ਦੇ ਭਾਰੀ ਦਬਾਅ ਕਾਰਨ ਹੀ ਮਹਾਰਾਸ਼ਟਰ ਸਰਕਾਰ ਵੱਲੋਂ ਅੰਧ ਸ਼ਰਧਾ ਖਿਲਾਫ ਦਭੋਲਕਰ ਵੱਲੋਂ ਤਿਆਰ ਕਰਵਾਏ ਖਰੜੇ ਨੂੰ ਕਾਨੂੰਨੀ ਰੂਪ ਦਿੱਤਾ ਗਿਆ। ਡਾ: ਦਭੋਲਕਰ ਦੀਆਂ ਸਰਗਰਮੀਆਂ ਤੋਂ ਕਾਤਲ ਔਖੇ ਸਨ ਕਿਉਂਕਿ ਉਹਨਾਂ ਦੇ ਹਿੰਦੂ ਰਾਸ਼ਟਰ ਦੇ ਸੁਪਨੇ ਵਿਚ ਉਹ ਅੜਿੱਕਾ ਸਨ।

ਅੰਧ ਸ਼ਰਧਾ ਨਿਰਮੂਲਣ ਸਮਿਤੀ ਮਹਾਰਾਸ਼ਟਰ ਦੇ ਜਨਰਲ ਸੈਕਟਰੀ ਅਤੇ ਫੀਰਾ ਦੇ ਸਕੱਤਰ ਸੋਦੇਸ਼ ਘੋੜੇ ਰਾਉ ਨੇ ਸਟੇਜ਼ ਦੀ ਸਕੱਤਰੀ ਕਰਦਿਆਂ ਕਿਹਾ ਕਿ ਜੋ ਨੀਤੀ ਕੌਮੀ ਖੋਜ ਪੜਤਾਲ ਏਜੰਸੀ (ਐਨ.ਆਈ.ਏ) ਨੇ ਮਡਗਾਉਂ ਬੰਬ ਬਲਾਸਟ ਕਾਂਡ ਵਿਚ ਅਪਨਾਈ ਹੈ, ਉਹੀ ਨੀਤੀ ਇਹਨਾਂ ਕਤਲਾਂ ਨੂੰ ਖੂਹ ਖਾਤੇ ਵਿਚ ਪਾਉਣ ਲਈ ਅਪਨਾਈ ਜਾ ਰਹੀ ਹੈ। ਸੀ.ਬੀ.ਆਈ ਨੇ ਵੀ ਕੇਵਲ ਚਾਰ ਅਫਸਰ ਇਹਨਾਂ ਕਤਲਾਂ ਦੀ ਪੜਤਾਲ ਲਈ ਨਿਯੁਕਤ ਕੀਤੇ ਹਨ। ਸਰਕਾਰ ਵੱਲੋਂ ਕੇਵਲ ਅੱਖਾਂ ਪੂੰਝਣ ਦਾ ਹੀ ਯਤਨ ਕੀਤਾ ਜਾ ਰਿਹਾ। ਇਹ ਸਾਰਾ ਕੁਝ ਨ਼ਫ਼ਰਤ ਦੀ ਰਾਜਨੀਤੀ ਕਾਰਨ ਹੀ ਕੀਤਾ ਜਾ ਰਿਹਾ।

ਫੈਡਰੇਸ਼ਨ ਆਫ ਇੰਡੀਅਨ ਰੈਸ਼ਨਾਲਿਸਟ ਅਸੋਸੀਏਸਨਜ (ਫੀਰਾ) ਦੇ ਕੌਮੀ ਜਨਰਲ ਸਕੱਤਰ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਕੌਮੀ ਅਤੇ ਕੌਮਾਂਤਰੀ ਤਾਲਮੇਲ ਵਿਭਾਗ ਦੇ ਮੁਖੀ ਬਲਵਿੰਦਰ ਬਰਨਾਲਾ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤ ਬਹੁ ਸਭਿਆਚਾਰਕ ਅਤੇ ਬਹੁ ਸਮਾਜੀ ਦੇਸ਼ ਹੈ ਜਿਥੇ ਕਿਸੇ ਵੀ ਇੱਕ ਫਿਰਕੇ ਦਾ ਕਾਬਜ਼ ਹੋਣਾ ਦੇਸ਼ ਦੇ ਹਿੱਤ ਵਿਚ ਨਹੀਂ। ਇਸ ਤਰ੍ਹਾਂ ਅਸਹਿਣਸ਼ੀਲਤਾ ਵਾਲਾ ਵਾਤਾਵਰਨ ਪੈਦਾ ਹੋਵੇਗਾ। ਅਜਿਹਾ ਵਾਤਾਵਰਨ ਦੇਸ਼ ਨੂੰ ਵਿਗਿਆਨਕ ਲੀਹਾਂ ਤੋਂ ਪਾਸੇ ਕਰੇਗਾ ਅਤੇ ਪਿਛਲਖੁਰੀ ਮੋੜੇਗਾ। ਹਰ ਜਮਹੂਰੀ ਸੋਚ ਰਖਦੇ ਭਾਰਤੀ ਨਾਗਰਿਕ ਨੂੰ ਅਜਿਹੇ ਕਤਲਾਂ ਦਾ ਡਟਕੇ ਵਿਰੋਧ ਕਰਨਾ ਚਾਹੀਦਾ ਹੈ।

ਇਸ ਧਰਨੇ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਹਰਚੰਦ ਭਿੰਡਰ, ਕੌਮੀ ਖਜ਼ਾਨਚੀ (ਫੀਰਾ), ਬਸੰਤੀ ਅਚਾਰੀਆ ਕਾਰਜਕਾਰੀ ਮੈਂਬਰ ਫੀਰਾ (ਉੜੀਸਾ), ਬਲਜੀਤ (ਇਨਸਾਫ), ਸੌਰਦੀ ਰੋਆਏ(ਭਾਰਤੀ ਲੇਖਕ ਫੋਰਮ), ਐਨ.ਡੀ ਜੈਪ੍ਰਕਾਸ਼ (ਦਿੱਲੀ ਸਾਇੰਸ ਫੌਰਮ) ਆਦਿ ਤੋਂ ਇਲਾਵਾ ਸੀਤਾ ਰਾਮ ਯੇਚੂਰੀ ਜਨਰਲ ਸਕੱਤਰ, ਸੀ.ਪੀ.ਆਈ.ਐਮ, ਡੀ. ਰਾਜਾ ਸੀ.ਪੀ.ਆਈ (ਮੈਂਬਰ ਪਾਰਲੀਮੈਂਟ), ਕਾਮਰੇਡ ਡਾ. ਮੈਗਾ ਪੰਸਾਰੇ (ਐਨ.ਐਫ.ਆਈ ਡਬਲਊ), ਡਾ. ਹਮੀਦ ਦਬੋਲਕਰ (ਪੁੱਤਰ ਡਾ. ਦਭੋਲਕਰ) ਸ਼ਾਮਿਲ ਸਨ।

ਹਰਚੰਦ ਭਿੰਡਰ

ÇèÁÅé ÇÔå

ÇÂàðéà Óå Úñ ðÔÆÁ» ÃÔñ ÃÅÂÆàÃ ÇÜò ëÃìÕ, àÇòàð ÁÅÇç Óå åðÕôÆñ é» éÅñ ÕÂÆ ×ðê/êÜ÷ Ôé Í ÇÂé» ÇòÚ ÕÂÆ òÆ åðÕôÆñ ÃÃÅÇÂàÆ êÜÅì (ðÇÜ:) òñ éÔÆ ÚñÅÇÂÁÅ ÜÅ ÇðÔÅÍ ÇÂé» ÃÅÂÆàÃ Óå êÅÂÆ ×ÂÆ Ãî×ðÆ ñÂÆ åðÕôÆñ ÃÃÅÇÂàÆ êÜÅì Ç÷îòÅð éÔÆ Í åðÕôÆñ ÃÃÅÇÂàÆ çÆ ÇÂàðéà Óå ÇÂÕ ÔÆ ÁÇèÕÅðå òìÃÅÂÆà þ - **www.tarksheel.org.**

ਫਾਸ਼ੀਵਾਦੀ ਰੁਝਾਨ ਨੂੰ ਰੋਕਣਾ ਸਮੇਂ ਦੀ ਲੋੜ : ਡਾ. ਸ਼ਮਸੁਲ ਇਸਲਾਮ

ਫਾਸ਼ੀਵਾਦ ਰਾਸ਼ਟਰਵਾਦ ਤੇ ਧਰਮ ਦੇ ਨਾਂ ਤੇ ਜ਼ਿੰਦਗੀ, ਬਰਾਬਰੀ ਤੇ ਹੱਕਾਂ ਦੀ ਲੜਾਈ ਨੂੰ ਦਬਾ ਕੇ ਰੱਖਣਾ ਚਾਹੁੰਦਾ ਹੈ, ਤਾਂ ਲੋਕ ਆਪਣੇ ਬੁਨਿਆਦੀ ਮਸਲਿਆਂ ਤੇ ਸਮਾਜ ਦੀ ਬਿਹਤਰੀ ਲਈ ਸੰਘਰਸ਼ਾਂ ਦਾ ਰਾਹ ਨਾ ਅਖਤਿਆਰ ਨਾ ਕਰ ਲੈਣ। ਫਾਸ਼ੀ ਰੁਝਾਨ ਦੇ ਚਲਦਿਆਂ ਚੇਤਨਾ ਦਾ ਪਾਸਾਰ ਕਰਨ ਵਾਲੇ ਸਾਹਿਤਕਾਰਾਂ, ਚਿੰਤਕਾਂ ਤੇ ਦਾ ਕਤਲ ਕੀਤਾ ਜਾ ਰਿਹਾ ਹੈ ਪਰ ਵਿਚਾਰ ਨੂੰ ਕਦੇ ਨਹੀਂ ਦਬਾਇਆ ਜਾ ਸਕਦਾ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਨਾਮਵਰ ਚਿੰਤਕ ਤੇ ਨਾਟਕਕਾਰ ਸ਼ਮਸੁਲ ਇਸਲਾਮ ਨੇ ਸਥਾਨਕ ਪੰਜਾਬੀ ਭਵਨ ਚ ਫਾਸ਼ੀਵਾਦ ਵੱਲੋਂ ਤਰਕਸ਼ੀਲ ਤੇ ਪ੍ਰਗਤੀਵਾਦੀ ਲਹਿਰ ਲਈ ਪੈਦਾ ਕੀਤੀਆਂ ਜਾ ਰਹੀਆਂ ਚੁਣੌਤੀਆਂ ਤੇ ਚਰਚਾ ਕਰਦਿਆਂ ਪ੍ਰਗਟਾਏ। ਉਹਨਾਂ ਆਖਿਆ ਕਿ ਦੇਸ਼ ਭਰ ਚ ਫਾਸ਼ੀਵਾਦੀ ਤਾਕਤਾਂ ਵੱਲੋਂ ਭਗਵੇਂਕਰਨ ਦੇ ਪਾਸਾਰ ਲਈ ਗਿਣੀ ਮਿਥੀ ਸਾਜਿਸ਼ ਤਹਿਤ ਚਿੰਤਨਸ਼ੀਲ ਲੋਕਾਂ ਦਾ ਕਤਲ ਕਰਵਾਇਆ ਜਾ ਰਿਹਾ ਹੈ, ਇਸ ਫਾਸ਼ੀ ਰੁਝਾਨ ਨੂੰ ਚੇਤਨਾ ਤੇ ਵਿਚਾਰਾਂ ਨਾਲ ਅਜਿਹੀਆਂ ਤਾਕਤਾਂ ਖਿਲਾ.ਫ ਲੜਨਾ ਸਮੇਂ ਦੀ ਲੋੜ ਹੈ। ਉਹਨਾਂ ਸਪੱਸ਼ਟ ਕੀਤਾ ਕਿ ਪ੍ਰੋ.ਕੁਲਬਰਗੀ,ਗੋਵਿੰਦ ਪੰਸਾਰੇ ਤੇ ਡਾ. ਦਾਭੋਲਕਰ ਦੇ ਆਦਰਸ਼ਾਂ ਦਾ ਪ੍ਰਚਾਰ ਪਸਾਰ ਕਰਨਾ ਹਰੇਕ ਚਿੰਤਨਸ਼ੀਲ ਵਿਅਕਤੀ ਦਾ ਫਰਜ਼ ਹੈ। ਡਾ. ਇਸਲਾਮ ਨੇ ਇਤਿਹਾਸ ਦੀ ਗੱਲ ਕਰਦਿਆਂ ਆਖਿਆ ਕਿ ਮਨੂੰ ਸਮਰਿਤੀ ਵਿੱਚ ਔਰਤਾਂ ਤੇ ਕਿਰਤੀ ਲੋਕਾਂ ਨੂੰ ਨੀਵੇਂ ਵਿਖਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਫਾਸ਼ੀਵਾਦ ਵੱਲੋਂ ਕੀਤੇ ਜਾ ਰਹੇ ਹਮਲਿਆਂ ਖਿਲਾਫ ਡਟਣਾ ਸਮੇਂ ਦੀ ਜਰੂਰਤ ਹੈ। ਉਨ੍ਹਾਂ ਹਿੰਦੂਤਵੀ ਏਜੰਡਾ ਲੈ ਕੇ ਸਰਕਾਰ ਚਲਾ ਰਹੀ ਪਾਰਟੀ ਭਾਜਪਾ ਦੀ ਗੱਲ ਕਰਦਿਆਂ ਆਖਿਆ ਕਿ ਧਰਮਾਂ ਦੀ ਰਾਜਨੀਤੀ ਲੋਕਾਂ ਵਿੱਚ ਫਿਰਕੂ ਵੰਡੀਆਂ ਪਾ ਰਹੀ ਹੈ। ਜੇਕਰ ਇਸ ਰੁਝਾਨ ਨੂੰ ਨਾ ਰੋਕਿਆ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਖਤਰਨਾਕ ਨਤੀਜੇ ਸਾਹਮਣੇ ਆਉਣਗੇ। ਉਨ੍ਹਾਂ ਕਿਹਾ ਕਿ ਜੇਕਰ ਖਾਲਿਸਤਾਨੀਆਂ ਨੂੰ ਜੇਲਾਂ ਵਿੱਚ ਡੱਕਿਆ ਜਾ ਸਕਦਾ ਹੈ ਤਾਂ ਆਪਣੇ ਆਪ ਨੂੰ ਹਿੰਦੂ ਰਾਸ਼ਟਰਵਾਦੀ ਕਹਿਣ ਵਾਲੇ ਸ਼ਰੇਆਮ ਖੁੱਲ੍ਹੇ ਕਿਉਂ ਘੁੰਮ ਰਹੇ ਹਨ। ਡਾ. ਸ਼ਮਸੁਲ ਇਸਲਾਮ ਨੇ ਕਿਹਾ ਕਿ ਫਾਸ਼ੀਵਾਦ ਨੂੰ ਰੋਕਣ ਲਈ ਲੋਕਾਂ ਨੂੰ ਜਾਗਰੂਕ ਕਰਨਾ ਬਹੁਤ ਜਰੂਰੀ ਹੈ। ਸੈਮੀਨਾਰ ਨੂੰ ਸੰਬੋਧਨ ਕਰਦਿਆਂ ਤਰਕਸ਼ੀਲ ਆਗੂਆਂ ਹੇਮ ਰਾਜ ਸਟੈਨੋ, ਤਰਲੋਚਨ ਸਮਰਾਲਾ ਤੇ ਬਲਵਿੰਦਰ ਬਰਨਾਲਾ ਨੇ ਆਖਿਆ ਕਿ ਡਾ. ਦਾਭੋਲਕਰ ਦੇ ਸਮਾਜਿਕ ਚੇਤਨਾ ਦੇ ਆਦਰਸ਼ ਨੂੰ ਹਰ ਦਰ ਤੇ ਲਿਜਾ ਕੇ ਫਾਸ਼ੀਵਾਦ ਨੂੰ ਮਾਤ ਦਿੱਤੀ ਜਾ ਸਕਦੀ ਹੈ। ਆਗੂਆਂ ਨੇ ਆਖਿਆ ਕਿ ਪੰਜਾਬ ਦੀ ਤਰਕਸ਼ੀਲ ਲਹਿਰ ਅੰਧਵਿਸ਼ਵਾਸ ਤੇ ਅਗਿਆਨਤਾ ਦੇ ਹਨੇਰੇ ਖਿਲਾਫ਼ ਚੇਤਨਾ ਦਾ ਕਾਰਜ ਸਰਗਰਮੀ ਨਾਲ ਜਾਰੀ ਰੱਖੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਤਰਕਸ਼ੀਲ ਆਪਣੀਆਂ ਸਰਗਰਮੀਆਂ, ਨਾਟ ਮੇਲਿਆਂ, ਚਰਚਾਵਾਂ ਤੇ ਜਨਤਕ ਪ੍ਰੋਗਰਾਮਾਂ ਵਿੱਚ ਸਮਾਜ ਨੂੰ ਸੁਖਾਵੇਂ ਰੁਖ ਤੋਰਨ ਲਈ ਲੋਕਾਂ ਨੂੰ ਵਿਗਿਆਨਕ ਚੇਤਨਾ ਨਾਲ ਜੋੜ ਰਹੇ ਹਨ। ਉਨ੍ਹਾਂ ਦੇਸ਼ ਭਰ ਵਿੱਚ ਚਿੰਤਕਾਂ, ਬੁੱਧੀਜੀਵੀਆਂ ਵੱਲੋਂ ਚਲਾਏ ਜਾ ਰਹੇ ਚੇਤਨਾ ਤੇ ਸਮਾਜਿਕ ਬਰਾਬਰੀ ਦੇ ਯਤਨਾਂ ਨਾਲ ਇੱਕਮੁੱਠਤਾ ਪ੍ਰਗਟਾਉਂਦਿਆਂ ਇਹ ਸੰਘਰਸ਼ ਜਾਰੀ ਰੱਖਣ ਲਈ ਅਹਿਦ ਲਿਆ। ਤਰਕਸ਼ੀਲ ਸੁਸਾਇਟੀ ਦੇ ਸੂਬਾ ਜਥੇਬੰਦਕ ਮੁਖੀ ਰਾਜਿੰਦਰ ਭਦੌੜ ਨੇ ਫਾਸ਼ੀਵਾਦੀ ਤਾਕਤਾਂ ਵੱਲੋਂ ਸੋਚਣ,ਸਮਝਣ ਤੇ ਚਰਚਾ ਕਰਨ ਦੀ ਥਾਂ ਧਰਮ ਤੇ ਅੰਧਵਿਸ਼ਵਾਸ ਨੂੰ ਫੈਲਾਉਣ ਦੇ ਯਤਨਾਂ ਦੀ ਨਿੰਦਾ ਕਰਦਿਆਂ ਡਾ. ਦਾਭੋਲਕਰ ਦੇ ਆਦਰਸ਼ਾਂ ਤੇ ਪਹਿਰਾ ਦੇਣ ਦਾ ਸੱਦਾ ਦਿੱਤਾ। ਉਨ੍ਹਾਂ ਡਾ. ਨਰੇਂਦਰ ਦਭੋਲਕਰ ਦੀ ਯਾਦ ਵਿੱਚ ਚੇਤਨਾ ਤੇ ਚਿੰਤਨ ਨੂੰ ਹਰ ਦਰ 'ਤੇ ਪਹੁੰਚਾਉਣ ਲਈ ਤਰਕਸ਼ੀਲ ਕਾਮਿਆਂ ਵੱਲੋਂ ਇੱਕ ਹਫਤਾ ਤਰਕਸ਼ੀਲ ਮੈਗਜ਼ੀਨ ਮੁਹਿੰਮ ਦਾ ਜ਼ਿਕਰ ਕਰਦਿਆਂ ਆਖਿਆ ਕਿ ਫਾਸ਼ੀਵਾਦ, ਅਗਿਆਨਤਾ ਤੇ ਅੰਧਵਿਸ਼ਵਾਸ ਨੂੰ ਮਾਤ ਦੇਣ ਲਈ ਸਾਹਿਤ ਲੋਕ ਚੇਤਨਾ ਦਾ ਇੱਕ ਅਹਿਮ ਰੋਲ ਅਦਾ ਕਰੇਗਾ। ਇਸ ਮੌਕੇ ਜਮਹੂਰੀ ਅਧਿਕਾਰ ਸਭਾ ਦੇ ਪ੍ਰਧਾਨ ਪ੍ਰੋ. ਜਗਮੋਹਣ ਸਿੰਘ ਨੇ ਆਖਿਆ ਕਿ ਸ਼ਹੀਦ ਨਾਇਕਾਂ ਦੇ ਸੁਪਨਿਆਂ ਦੇ ਸਮਾਜ ਲਈ ਤਰਕਸ਼ੀਲਤਾ ਤੇ ਸੰਘਰਸ਼ ਸਮੇਂ ਦੀ ਲੋੜ ਹੈ.ਉਹਨਾਂ ਵਿਚਾਰਾਂ ਤੇ ਚੇਤਨਾ ਦੀ ਸਥਾਪਤੀ ਲਈ ਤਰਕਸ਼ੀਲਾਂ ਵੱਲੋਂ ਜੁਟਾਏ ਜਾ ਰਹੇ ਯਤਨਾਂ ਦੀ ਸਰਾਹਨਾ ਕੀਤੀ। ਸੈਮੀਨਾਰ ਚ ਰਾਜ ਭਰ ਤੋਂ ਆਏ ਤਰਕਸ਼ੀਲ ਆਗੂਆਂ ਐਡਵੋਕੇਟ ਹਰਿੰਦਰ ਲਾਲੀ, ਸੁਖਵਿੰਦਰ ਬਾਗਪੁਰ, ਰਾਮ ਸਵਰਨ ਲੱਖੇਵਾਲੀ, ਚੰਨਣ ਵਾਂਦਰ, ਭੂਰਾ ਸਿੰਘ ਮਹਿਮਾ, ਸੁਖਦੇਵ ਫਗਵਾੜਾ, ਜਸਵੰਤ ਜੀਰਖ, ਸਮੂਹ ਤਰਕਸ਼ੀਲ ਜੋਨਾਂ ਦੇ ਮੁਖੀ ਤੋਂ ਇਲਾਵਾ ਪ੍ਰੋ.ਏ.ਕੇ.ਮਲੇਰੀ,ਪਲਸ ਮੰਚ ਦੇ ਕਸਤੂਰੀ ਲਾਲ ਤੇ ਵੱਡੀ ਗਿਣਤੀ ਵਿੱਚ ਸਭਨਾਂ ਵਰਗਾਂ ਦੇ ਚਿੰਤਨਸ਼ੀਲ ਲੋਕ ਹਾਜ਼ਰ ਸਨ। ਸੈਮੀਨਾਰ ਦੌਰਾਨ ਦਸਤਕ ਮੰਚ ਵੱਲੋਂ ਗੀਤ ਤੇ ਮਨਜੀਤ ਘਣਗਸ ਨੇ ਗੀਤ ਗਾ ਕੇ ਹਾਜ਼ਰੀ ਲਵਾਈ.ਸੁਆਲ ਜੁਆਬ ਦੇ ਸੈਸ਼ਨ ਦੌਰਾਨ ਪ੍ਰੋ. ਸ਼ਮਸੁਲ ਇਸਲਾਮ ਨੇ ਦਰਸ਼ਕਾਂ ਦੇ ਸੁਆਲਾਂ ਦੇ ਭਾਵਪੂਰਤ ਅੰਦਾਜ਼ ਚ ਜੁਆਬ ਦਿੱਤੇ।

***

ਤਰਕਸ਼ੀਲ ਕੈਂਪਸ ਦੇ ਨਿਰਮਾਣ ਲਈ ਆਰਥਿਕ ਸਹਾਇਤਾ

ਜਸਵਿੰਦਰ ਸ਼ਰਮਾ, ਸਿਹਤ ਵਿਭਾਗ, ਬਠਿੰਡਾ 1000 ਰੁਪਏ
(ਆਪਣੀ ਪਦ-ਉਨਤੀ 'ਤੇ)
ਸੁਖਵਿੰਦਰ ਸਿੰਘ, ਠੀਕਰੀਵਾਲਾ 1000 ਰੁਪਏ
(ਆਪਣੇ ਪਿਤਾ ਜੰਗ ਸਿੰਘ ਦੇ ਸ਼ੋਕ ਸਮਾਗਮ 'ਤੇ)
ਬਲਬੀਰ ਸਿੰਘ, ਮਹਿਰਾਜ 2000 ਰੁਪਏ
(ਪੁੱਤਰੀ ਹਰਦੀਪ ਕੌਰ ਦੀ ਸ਼ਾਦੀ 'ਤੇ)
ਹੈਡਮਾਸਟਰ ਰਤਨ ਸਿੰਘ, ਘੋਲੀਆ 1000 ਰੁਪਏ
(ਪਤਨੀ ਦਲਜੀਤ ਕੌਰ ਦੀ ਯਾਦ 'ਚ)

ਇਕਾਈ ਪਟਿਆਲਾ :

ਸੁਰਿੰਦਰ ਪਾਲ, ਇਕਾਈ ਪਟਿਆਲਾ 5000 ਰੁਪਏ

ਰਾਮਪੁਰਾ ਇਕਾਈ :

ਗਿਰਧਾਰੀ ਲਾਲ ਯਸ਼ਪਾਲ ਗੋਲਡ ਸਮਿੱਥ, ਰਾਮਪੁਰਾ ਫੂਲ 2000 ਰੁਪਏ
ਮੇਘ ਰਾਜ ਗੋਇਲ, ਗੋਇਲ ਮਿੱਲ ਸਟੋਰ, ਰਾਮਪੁਰਾ ਫੂਲ 500 ਰੁਪਏ
ਬੰਤ ਸਿੰਘ ਭੁੰਦੜ (ਰਾਮਪੁਰਾ ਫੂਲ) 1000 ਰੁਪਏ

ਦਫਤਰ ਰਾਹੀਂ :

ਸੁਖਦੇਵ ਭੂੰਦੜੀ, ਸੰਦੀਪ ਕੌਰ ਅਤੇ ਸੋਮਿਤ ਸਿੱਧਵਾਨੀ ਆਸਟਰੇਲੀਆ 5000 ਰੁਪਏ
ਸੁਖਜਿੰਦਰ ਸਿੰਘ ਪੁੱਤਰ ਦਿਆਲ ਸਿੰਘ, ਪਿੰਡ ਲਹਿਲ ਕਲਾਂ 500 ਰੁਪਏ
ਹਰਨੇਕ ਸਿੰਘ ਜੇ.ਏ.ਈ., ਜੈਤੋ 1000 ਰੁਪਏ
(ਆਪਣੀ ਪਤਨੀ ਦੇ ਸ਼ੋਕ ਸਮਾਗਮ 'ਤੇ)
ਗੁਰਦੀਪ ਸਿੰਘ ਰੁਪਾਲ ਇੰਜ:ਵਰਕਸ ਰਾਮਪੁਰਾ 1000 ਰੁਪਏ
ਜੰਟਾ ਸਿੰਘ, ਗਿੱਲ ਕਲਾਂ 1000 ਰੁਪਏ

ਇਕਾਈ ਬਠਿੰਡਾ :

ਲਖਵੀਰ ਚੋਟੀਆਂ 500 ਰੁਪਏ
(ਬੇਟੇ ਕਰਨਵੀਰ ਦੇ ਜਨਮ ਦਿਨ ਤੇ)
ਅਜੈਬ ਸਿੰਘ, ਸਾਬਕਾ ਲੈਕਚਰਾਰ (ਅੰਗਰੇਜੀ) 1000 ਰੁਪਏ
ਵਿਜੈ ਕੁਮਾਰ, ਮੈਂਬਰ ਇਕਾਈ ਬਠਿੰਡਾ 1000 ਰੁਪਏ
ਬੁੱਧ ਸਿੰਘ, ਐਨ.ਐਫ.ਐਲ. ਇਕਾਈ ਬਠਿੰਡਾ 5000 ਰੁਪਏ
ਦਰਸ਼ਨ ਸਿੰਘ, ਸਾਬਕਾ ਪੀ.ਟੀ.ਆਈ. ਮੈਂਬਰ ਇਕਾਈ ਬਠਿੰਡਾ 1000 ਰੁਪਏ
ਜੋਗਿੰਦਰ ਸਿੰਘ, ਜ਼ਿਲੇਦਾਰ ਬਠਿੰਡਾ 1000 ਰੁਪਏ
ਗਮਦੂਰ ਸਿੰਘ, ਮਾਸਟਰ, ਬਠਿੰਡਾ 500 ਰੁਪਏ
ਬਲਵੰਤ ਸਿੰਘ, ਅਜੀਤ ਰੋਡ, ਬਠਿੰਡਾ 2100 ਰੁਪਏ
(ਆਪਣੀ ਪਤਨੀ ਬਲਵੀਰ ਕੌਰ ਦੇ ਸ਼ਰਧਾਂਜਲੀ ਸਮਾਗਮ ਮੌਕੇ)
ਮੱਖਣ ਸਿੰਘ, ਐਸ.ਡੀ.ਓ. ਪੀ.ਐਸ.ਪੀ.ਸੀ.ਐਲ. 1100 ਰੁ: ਜੁਝਾਰ ਨਗਰ, ਬਠਿੰਡਾ (ਆਪਣੇ ਪੋਤਰੇ ਫਤਿਹਵੀਰ ਸਿੰਘ ਪੁੱਤਰ ਗਗਨਦੀਪ ਸਿੰਘ ਦੇ ਜਨਮ ਦਿਨ ਤੇ)
ਅਰਜੁਨ, ਮੈਂਬਰ ਇਕਾਈ ਬਠਿੰਡਾ 500 ਰੁਪਏ
ਹਰਿੰਦਰ ਕੁਮਾਰ, ਇਕਾਈ ਬਠਿੰਡਾ 5000 ਰੁਪਏ
ਰਾਮ ਸਿੰਘ ਨਿਰਮਾਣ, ਜਥੇਬੰਦਕ ਮੁਖੀ, ਇਕਾਈ ਬਠਿੰਡਾ (ਆਪਣੀ ਪੋਤਰੀ ਸੁਖਮਨਜੀਤ ਦੇ ਪਹਿਲੇ ਜਨਮ ਦਿਨ ਤੇ) 5000 ਰੁਪਏ
ਪਰਮਿੰਦਰ ਸਿੰਘ ਡਿਪਟੀ ਮੈਨੇਜਰ, ਮਿਲਕ ਪਲਾਂਟ 1000 ਰੁਪਏ
ਰਾਜ ਮੈਡੀਕੋਜ ਬਠਿੰਡਾ (ਪਾਵਰ ਹਾਊਸ ਰੋਡ) : 100 ਰੁਪਏ

ਡਾਕਟਰ ਅੰਗਰੇਜ਼ ਪਾਲ, ਕਰਤਾਰ ਬਸਤੀ 500 ਰੁਪਏ
ਹਰਦਮ ਸਿੰਘ, ਮੈਂਬਰ, ਗਿੱਲਪੱਤੀ 500 ਰੁਪਏ
ਬਲਵੀਰ ਸਿੰਘ ਕੰਗ, ਗਿੱਲਪੱਤੀ 500 ਰੁਪਏ
ਗੁਰਚਰਨ ਸਿੰਘ ਚਹਿਲ, ਗਿੱਲਪੱਤੀ 2100 ਰੁਪਏ
(ਪੋਤੇ ਜਸਵਿੰਦਰ ਸਿੰਘ ਦੇ ਜਨਮ ਦਿਨ ਤੇ)
ਐਕਸੀਅਨ ਹਰਜੀਤ ਸਿੰਘ ਲਹਿਰੀ, ਪੀ.ਐਸ.ਪੀ.ਸੀ.ਐੱਲ. ਬਠਿੰਡਾ 1000 ਰੁਪਏ
ਹਰਭਜਨ ਸਿੰਘ ਵਿਰਕ, ਗੁਰੂ ਤੇਗ ਬਹਾਦਰ ਨਗਰ 500 ਰੁਪਏ
ਐਸਡੀਓ ਸਲਿੰਦਰ ਸਿੰਘ, ਅਗਰਵਾਲ ਕਲੋਨੀ 500 ਰੁਪਏ
ਐਕਸੀਅਨ ਕਰਮਵੀਰ ਸਿੰਘ ਦੁੱਗਲ, ਪੀਐਸਪੀਸੀਐੱਲ 500 ਰੁਪਏ
ਚਰਨਜੀਤ ਸਿੰਘ ਮਠਾੜੂ, ਆਦਰਸ਼ ਨਗਰ 1100 ਰੁਪਏ
ਮਾਸਟਰ ਹਰਬੰਸ ਸਿੰਘ, ਆਦਰਸ਼ ਨਗਰ 500 ਰੁਪਏ
ਮੋਹਿਤ ਸ਼ਰਮਾ ਪੁੱਤਰ ਸੁਖਦੇਵ ਸ਼ਰਮਾ, ਵਿਰਕ ਕਲਾਂ 1100 ਰੁਪਏ
ਗੁਰਵਿੰਦਰ ਸਿੰਘ, ਚਹਿਲ ਟ੍ਰੇਡਿੰਗ ਕੰਪਨੀ 300 ਰੁਪਏ
ਰਤਨ ਸ਼ਰਮਾ, ਪੰਚਵਟੀ, ਬਠਿੰਡਾ 500 ਰੁਪਏ
ਇਸ਼ਟ ਪਾਲ ਸਿੰਘ, ਸਰਾਭਾ ਨਗਰ, ਬਠਿੰਡਾ 2000 ਰੁਪਏ

(ਰਾਹੀਂ: ਬਿਕਰਮਜੀਤ, ਇਕਾਈ ਮੈਂਬਰ, ਬਠਿੰਡਾ)

ਦੀਪ, ਫੌਜੀ ਚੌਂਕ ਬਠਿੰਡਾ 100 ਰੁਪਏ
ਜਗਜੀਤ ਸਿੰਘ, ਗਹਿਰੀ ਭਾਗੀ 200 ਰੁਪਏ
ਕਾਕਾ ਸਿੰਘ, ਬਠਿੰਡਾ 100 ਰੁਪਏ
ਭਾਰਤ ਬੈਟਰੀਜ, ਮੋਗਾ 200 ਰੁਪਏ
ਵਿੱਕੀ ਜਲੰਧਰ 100 ਰੁਪਏ
ਦੀਪਕ ਕੁਮਾਰ, ਦਾਣਾ ਮੰਡੀ, ਬਠਿੰਡਾ 100 ਰੁਪਏ
ਸੁਖਜੀਤ ਸਿੰਘ, ਬਠਿੰਡਾ 100 ਰੁਪਏ
ਪਰਮਜੀਤ ਸਿੰਘ ਪੰਮਾ ਬਠਿੰਡਾ 100 ਰੁਪਏ
ਜਸਪਾਲ ਸਿੰਘ ਮੋਗੇ ਵਾਲੇ 200 ਰੁਪਏ
ਰਾਜਪਾਲ ਸਿੰਘ 100 ਰੁਪਏ

ਜੱਸੀ ਪੇਂਟਰ ਬਠਿੰਡਾ 100 ਰੁਪਏ
ਨਰਿੰਜਨ ਸਿੰਘ ਗਹਿਰੀ ਭਾਗੀ 100 ਰੁਪਏ
ਜਸਦੇਵ ਸਿੰਘ ਬਠਿੰਡਾ 200 ਰੁਪਏ
ਗੁਰਚਰਨ ਸਿੰਘ 200 ਰੁਪਏ
ਮਾਸਟਰ ਹਰਪਾਲ ਸਿੰਘ ਚੁਘੇ ਕਲਾਂ 300 ਰੁਪਏ
ਰਘਵੀਰ ਸਿੰਘ, ਐਨ.ਐਫ.ਐਲ. ਬਠਿੰਡਾ 300 ਰੁਪਏ
ਕੁਲਵੰਤ ਸਿੰਘ, ਏ.ਐਸ.ਆਈ. ਬਠਿੰਡਾ 300 ਰੁਪਏ
ਮਲਕੀਤ ਸਿੰਘ, ਆਦਰਸ਼ ਨਗਰ, ਬਠਿੰਡਾ 200 ਰੁਪਏ
ਭੋਲਾ ਸਿੰਘ, ਗਹਿਰੀ ਭਾਗੀ 100 ਰੁਪਏ
ਹਰਦੀਪ ਸਿੰਘ ਬਠਿੰਡਾ 100 ਰੁਪਏ
ਮਨਪ੍ਰੀਤ ਸਿੰਘ, ਬਠਿੰਡਾ 100 ਰੁਪਏ
ਮੇਜਰ ਸਿੰਘ, ਮੈਂਬਰ ਇਕਾਈ ਬਠਿੰਡਾ 1700 ਰੁਪਏ
(ਰਾਹੀਂ: ਮੇਜਰ ਸਿੰਘ ਗਹਿਰੀ ਭਾਗੀ, ਇਕਾਈ ਮੈਂਬਰ ਬਠਿੰਡਾ)

ਇਕਾਈ ਕੋਹਾੜਾ : ਸ਼ਹੀਦ-ਏ-ਆਜ਼ਮ ਭਗਤ ਸਿੰਘ ਵੈਲਫੇਅਰ ਕਲੱਬ (ਰਜਿ:) ਦੋਰਾਹਾ, ਜ਼ਿਲ੍ਹਾ ਲੁਧਿਆਣਾ 1000 ਰੁਪਏ
ਪਰਮਿੰਦਰ ਕੌਰ ਸਵੈਚ (ਕਨੇਡਾ ਨਿਵਾਸੀ)
ਪਿੰਡ ਤੇ ਡਾਕ. ਈਸੜੂ, ਜ਼ਿਲ੍ਹਾ ਲੁਧਿਆਣਾ : 5100 ਰੁਪਏ

ਇਕਾਈ ਮੋਹਾਲੀ :
ਗੁਰਤੇਜ ਸਿੰਘ, ਮੈਂਬਰ, ਇਕਾਈ ਮੋਹਾਲੀ 2000 ਰੁਪਏ
ਮੰਜੂ ਬਾਲਾ, ਸ. ਕੰਨਿਆ ਸ.ਸੈ.ਸ., ਮੁੱਲਾਂਪੁਰ ਗਰੀਬਦਾਸ, ਮੋਹਾਲੀ 1000 ਰੁਪਏ
ਯਸ਼ਪਾਲ, ਅਧਿਆਪਕ ਆਗੂ, ਸੈਕ.-68, ਮੋਹਾਲੀ 1000 ਰੁਪਏ
ਡਾ.ਪੀ.ਡੀ. ਵਰਮਾ, #306ਬੀ, ਸੈਕ. 51ਏ, ਚੰਡੀਗੜ੍ਹ 5000 ਰੁਪਏ
ਗੁਰਜਿੰਦਰ ਸਿੰਘ, ਡੇਰਾਬਸੀ 1000 ਰੁਪਏ
ਇੰਜੀਨੀਅਰ ਬਲਬੀਰ ਸਿੰਘ, #1112, ਸੈ. 79, ਮੋਹਾਲੀ 10000 ਰੁਪਏ
ਕਾਮਰੇਡ ਸੁਦਾਗਰ ਸਿੰਘ, #1260, ਫੇਜ-5, ਮੋਹਾਲੀ 5000 ਰੁਪਏ
ਕਾ. ਜਸਵੰਤ ਮਟੌਰ, ਸੈਕਟਰ 70, ਮੋਹਾਲੀ 1000 ਰੁਪਏ
ਅਮਰ ਸਿੰਘ, #3601, ਸੈ. 71, ਮੋਹਾਲੀ 1000 ਰੁਪਏ
ਜਰਨੈਲ ਕ੍ਰਾਂਤੀ, #57, ਫੇਜ-4, ਮੋਹਾਲੀ 23000 ਰੁਪਏ
ਇਕਾਈ ਖਰੜ : ਸਵਰਨ ਸਿੰਘ ਢਿੱਲੋਂ ਅਤੇ ਸੀਮਾ ਢਿੱਲੋਂ, ਮਾਲਕ ਢਿੱਲੋਂ ਡੇਅਰੀ ਖਰੜ 5100 ਰੁਪਏ
ਸੋਹਣ ਸਿੰਘ, ਮੁੱਖ ਅਧਿਆਪਕ, ਸਰਕਾਰੀ ਕੰਨਿਆ ਹਾਈ ਸਕੂਲ, ਮੁੱਲਾਂਪੁਰ 500 ਰੁਪਏ

ਇਕਾਈ ਧੂਰੀ :
ਸੁਖਦੇਵ ਧੂਰੀ 2000 ਰੁਪਏ
ਰਜਿੰਦਰ ਰਾਜੂ ਧੂਰੀ 1000 ਰੁਪਏ
ਰਤਨ ਸਿੰਘ ਭੰਡਾਰੀ 2000 ਰੁਪਏ
ਕੁਲਵੰਤ ਸਿੰਘ 200 ਰੁਪਏ
ਮਨਜੀਤ ਸਿੰਘ 1000 ਰੁਪਏ
ਤਰਸੇਮ ਸਿੰਘ 500 ਰੁਪਏ
ਵਰਿੰਦਰ ਸਿੰਗਲਾ 1000 ਰੁਪਏ
ਕੁਲਦੀਪ ਸਿੰਘ ਕੌਲਸੇੜੀ 500
ਬਾਬੂ ਸਿੰਘ ਮੋਮੀ 1000 ਰੁਪਏ
ਅਰੁਨ ਕੁਮਾਰ 1000 ਰੁਪਏ

ਇਕਾਈ ਸੰਗਰੂਰ :
ਰਘਵੀਰ ਸਿੰਘ ਗਾਂਧੀ 1000 ਰੁਪਏ

ਇਕਾਈ ਲੌਂਗੋਵਾਲ :
ਬੱਗਾ ਸਿੰਘ ਨਮੋਲ 500 ਰੁਪਏ
ਸਰਬਜੀਤ ਸਿੰਘ ਨਮੋਲ 500 ਰੁਪਏ
ਸੰਤੋਸ਼ ਰਾਣੀ ਲੌਂਗੋਵਾਲ 1000 ਰੁਪਏ

ਸੁਸਾਇਟੀ ਸਹਾਇਤਾ :
ਸੁਖਮੀਤ ਸਿੰਘ ਵਿਤ ਮੁਖੀ, ਅੰਮ੍ਰਿਤਸਰ (ਮਾਤਾ ਪ੍ਰਕਾਸ਼ ਕੌਰ ਦੀ ਯਾਦ 'ਚ) 500 ਰੁਪਏ

ਇਕਾਈਆਂ ਨੂੰ ਪ੍ਰਾਪਤ ਸਹਾਇਤਾ

ਇਕਾਈ ਕੋਹਾੜਾ :
ਸੁਭਾਸ਼, ਕੂੰਮਕਲਾਂ (ਲੁਧਿਆਣਾ) : 300 ਰੁਪਏ
ਚਰਨਜੀਤ ਸਿੰਘ, ਜੰਡਿਆਲੀ (ਲੁਧਿਆਣਾ) : 1000 ਰੁਪਏ
ਲਛਮਣ ਸਿੰਘ, ਕਟਾਣੀ ਕਲਾਂ (ਲੁਧਿਆਣਾ) : 200 ਰੁਪਏ

ਇਕਾਈ ਲੌਂਗੋਵਾਲ :
ਡਾ. ਰਜਨੀ, ਸਲਾਈਟ, ਲੌਂਗੋਵਾਲ : 1000 ਰੁਪਏ
ਬਲਵਿੰਦਰ ਸਿੰਘ ਢਿੱਲੋਂ : 1000 ਰੁਪਏ
ਪ੍ਰਿੰਸੀਪਲ ਹਰਜੀਤ ਕੁਮਾਰ : 900 ਰੁਪਏ
ਹਰਬੰਸ ਸਿੰਘ ਗਿੱਲ : 900 ਰੁਪਏ
ਲੈਕ. ਮਨਜੀਤ ਕੁਮਾਰ : 500 ਰੁਪਏ
ਸੁਖਪਾਲ ਸਿੰਘ ਬਾਜਵਾ : 500 ਰੁਪਏ
ਜਗਦੀਸ਼ ਚੰਦਰ ਸ਼ਰਮਾ : 200 ਰੁਪਏ
ਨਰਿੰਦਰ ਸਿੰਘ ਨੰਦੂ : 200 ਰੁਪਏ
ਤਰੁਨ ਜੈਨ : 200 ਰੁਪਏ

ਇਕਾਈ ਰੋਪੜ :
ਰੇਂਜ ਅਫਸਰ ਅਨਿਲ ਕੁਮਾਰ ਸ਼ਰਮਾ : 2100 ਰੁਪਏ
ਹਵੇਲੀ ਕਲਾਂ (ਰੋਪੜ)
ਨਿਹੋਲਿਤ ਸਿੰਘ ਕਮਲ ਰੋਪੜ : 1000 ਰੁਪਏ

ਇਕਾਈ ਛਾਜਲੀ :
ਹਮੀਰ ਸਿੰਘ ਗੰਢੂਆਂ, ਜੇ.ਈ. ਕਣਕਵਾਲ 1000 ਰੁਪਏ

ਸੋਧ : ਤਰਕਸ਼ੀਲ ਕੈਂਪਸ ਲਈ ਆਰਥਿਕ ਸਹਾਇਤਾ (ਇਕਾਈ ਸੰਗਰੂਰ) ਜਗਮੇਲ ਸਿੰਘ ਦੀ ਥਾਂ ਜਸਮੇਲ ਸਿੰਘ ਅਤੇ 500 ਰੁਪਏ ਦੀ ਥਾਂ 1000 ਪੜ੍ਹਿਆ ਜਾਵੇ (ਪਿਛਲੇ ਅੰਕ 'ਚ)

ਪ੍ਰਤੀਕਰਮ

ਸੰਪਾਦਕ 'ਤਰਕਸ਼ੀਲ'
ਮੁੱਖ ਦਫਤਰ,
ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਬਰਨਾਲਾ-148101 (ਪੰਜਾਬ)
E-mail : tarkshiloffice@gmail.com

ਪਿਛਲੇ ਲੰਮੇ ਸਮੇਂ ਤੋਂ ਤਰਕਸ਼ੀਲ ਮੈਗਜ਼ੀਨ ਪੜ੍ਹ ਰਿਹਾ ਹਾਂ। ਮੈਂ ਪਹਿਲਾਂ ਵੀ ਇੱਕ ਚਿੱਠੀ ਰਾਹੀਂ ਮੈਗਜ਼ੀਨ ਦੀ ਦਿੱਖ ਸੁਧਾਰਨ ਦੀ ਬੇਨਤੀ ਕਰ ਚੁੱਕਿਆ ਹਾਂ। ਪਰ ਸਮੇਂ ਦੇ ਬੀਤਣ ਨਾਲ ਜਿੱਥੇ ਕੁਝ ਕੁ ਸੁਧਾਰ ਹੋਏ ਉੱਥੇ ਬਹੁਤ ਕੁਝ ਕਰਿਆ ਜਾਣਾ ਬਾਕੀ ਹੈ। ਪਰਚੇ ਵਿੱਚ ਨਿੱਕੀਆਂ ਨਿੱਕੀਆਂ ਸਾਹਿਤਕ ਟੁਕਾਂ ਰੌਚਕ ਹੁੰਦੀਆਂ ਹਨ। ਵਿਦਵਾਨਾਂ ਬਾਰੇ ਸੰਖੇਪ ਜਾਣਕਾਰੀਆਂ ਚੰਗੀਆਂ ਲੱਗਦੀਆਂ ਹਨ। ਸੁਲਝੇ ਅਤੇ ਜਾਣਕਾਰੀ ਭਰਪੂਰ ਲੇਖ (ਭਾਵੇਂ ਲੰਬੇ ਹੋਣ) ਚੰਗੇ ਲਗਦੇ ਹਨ। ਪਰ ਇਸ ਦੇ ਬਾਵਜੂਦ ਬੇਲੋੜੇ ਲੰਮੇ ਅਤੇ ਅਕਾਊ ਲੇਖਾਂ ਦਾ ਸਿਲਸਿਲਾ ਬਾ ਦਸਤੂਰ ਜਾਰੀ ਹੈ। ਇਸ ਵਾਰ ਹੇਮ ਰਾਜ ਸਟੈਨੋ ਦਾ ਲੇਖ 15 ਅਗਸਤ 'ਤੇ ਵਿਸ਼ੇਸ਼ ਪੜ੍ਹਿਆ। ਲੇਖਕ ਲਿਖਦਾ ਹੈ "ਰੋਮ ਦੀ ਸਭਿਅਤਾ ਨੂੰ ਜਮਹੂਰੀਅਤ ਦਾ ਪੰਘੂੜਾ ਕਿਹਾ ਜਾਂਦਾ ਹੈ। ਇਹ ਸਭਿਅਤਾ ਦਾ ਰਾਜ ਪ੍ਰਬੰਧ ਵਜੋਂ ਲਿਖਤੀ ਇਤਿਹਾਸ ਹੈ। ਉੱਥੋਂ ਦੇ ਪਲੈਟੋ , ਅਰਸਤੂ ਆਦਿ ਜਿਹੜੇ ਵੀ ਦਾਰਸ਼ਨਿਕ ਹੋਏ ਹਨ....।" ਪਲੈਟੋ ਅਤੇ ਅਰਸਤੂ ਯੂਨਾਨ ਦੇ ਦਾਰਸ਼ਨਿਕ ਸਨ, ਨਾ ਕਿ ਰੋਮ ਦੇ। ਉਹਨਾਂ ਨੇ ਲੇਖ ਵਿੱਚ ਇੱਕ ਹੀ ਤਰ੍ਹਾਂ ਦੀਆਂ ਗੱਲਾਂ ਨੂੰ ਵਾਰ ਵਾਰ ਦੁਹਰਾਇਆ ਹੈ। ਅਜ਼ਾਦੀ ਦੀ ਲੜਾਈ ਵੇਲੇ ਚੱਲੇ ਅੰਦੋਲਨਾਂ, ਆਜ਼ਾਦੀ ਪ੍ਰਵਾਨਿਆਂ ਦੀਆਂ ਸ਼ਹੀਦੀਆਂ, ਗੋਲੀਆਂ ਤੋਪਾਂ ਨਾਲ ਉਡਾ ਦਿੱਤੇ ਗਏ ਸੂਰਬੀਰਾਂ, ਜੇਲ੍ਹਾਂ ਵਿੱਚ ਤਨ ਗਾਲਣ ਵਾਲੇ ਅਤੇ ਫਾਂਸੀ ਦੇ ਤਖਤੇ ਝੂਲ ਗਏ ਪ੍ਰਵਾਨਿਆਂ, ਕਾਲੇ ਪਾਣੀਆਂ ਦੀਆਂ ਸ਼ਜਾਵਾਂ ਝੱਲਦੇ ਰਹੇ ਗ਼ਦਰੀ ਬਾਬਿਆਂ ਬਾਰੇ ਪੂਰੇ ਲੇਖ ਵਿੱਚ ਕੋਈ ਗੱਲ ਕਰਨ ਦੀ ਲੋੜ ਨਹੀਂ ਸਮਝੀ। ਕੋਹਝੀ ਸਿਆਸਤ ਨੇ ਜਦੋਂ 15 ਅਗਸਤ 1947 ਨੂੰ ਅਖੌਤੀ ਆਜ਼ਾਦੀ ਲਈ ਧਰਮ ਦੇ ਨਾਮ 'ਤੇ ਦੇਸ ਨੂੰ ਵੰਡਿਆਂ ਤਾਂ 10 ਲੱਖ ਲੋਕ ਕਤਲ ਹੋਏ, ਲੱਖਾਂ ਬੇ ਘਰ ਹੋਏ, ਇਸ ਬਰਬਾਦੀ ਬਾਰੇ ਵੀ ਲੇਖਕ ਨੇ ਇੱਕ ਲਫਜ਼ ਨਹੀਂ ਲਿਖਿਆ।

ਮਦਨ ਲਾਲ ਅਰੋੜਾ (ਪਟਿਆਲਾ)

'ਜੁਲਾਈ-ਅਗਸਤ' ਦੇ ਅੰਕ ਵਿੱਚ ਹੇਮ ਰਾਜ ਸਟੈਨੋ ਨੇ 15 ਅਗਸਤ ਨੂੰ ਵਿਸ਼ੇਸ਼ ਦਿਨ ਲਿਖ ਕੇ ਉਸਦੀ ਕਮਾਲ ਦੀ ਵਿਆਖਿਆ ਕੀਤੀ ਹੈ। ਮੇਰੇ ਕਈ ਹੋਰ ਪਾਠਕ ਦੋਸਤਾਂ ਨੇ ਵੀ ਇਸ ਲੇਖ ਤੇ ਚਰਚਾ ਕੀਤੀ ਕਿ ਇਹ ਦਿਨ ਸੱਚਮੁੱਚ ਕੁੱਝ ਲੋਕਾਂ ਲਈ ਹੀ ਵਿਸ਼ੇਸ਼ ਹੈ, ਬਾਕੀ ਲਈ ਤਾਂ ਆਮ ਦਿਨਾਂ ਵਰਗਾ ਹੀ ਸੀ (ਹੈ)। ਚਰਚਾ ਛੇੜਨ ਵਾਲੇ ਲੇਖਾਂ ਦਾ ਇਹੀ ਹਾਸਲ ਹੁੰਦਾ ਹੈ ਕਿ ਪਾਠਕ/ਸਮਾਜ ਉਸਦਾ ਗਹਿਰਾ ਅਧਿਐਨ ਕਰਦਾ ਹੈ। ਇਸੇ ਅੰਕ ਵਿੱਚ 'ਆਧਾਰ ਕਾਰਡ ਦਾ ਵਾਰ' ਅਤੇ 'ਸਾਹਾਂ ਨੂੰ ਲਮਕਾਉਣ ਦਾ ਭੀੜ ਭੜੱਕੇ ਵਾਲ਼ਾ ਬਜ਼ਾਰ' ਵੀ ਅੱਖਾਂ ਖੋਲ੍ਹਦਾ ਹੈ। ਕਾਵਿ ਰਚਨਾਵਾਂ ਵਿੱਚੋਂ 'ਏਕਲਵਿਆ'.... ਬਹੁਤ ਅਸਰ ਕਰਨ ਵਾਲ਼ੀ ਰਚਨਾ ਲੱਗੀ ਜੋ ਆਪਣੇ ਅਣਕਹੇ ਬੋਲਾਂ ਵਿਚ ਅਜੋਕੇ ਰਾਜਨੀਤਕ ਅਤੇ ਸਮਾਜਕ ਪ੍ਰਬੰਧ ਦੇ ਟੀਰ ਦੀ ਬਾਤ ਪਾਉਂਦੀ ਹੈ। ਇਸੇ ਤਰਜ਼ ਤੇ ਮਦਨ ਵੀਰਾ ਦੀ ਕਵਿਤਾ 'ਰਾਜਿਆਂ ਰਾਜ ਕਰੇਂਦਿਆ'.... ਵਧੀਆ ਲੱਗੀ।

ਕਰਮਜੀਤ ਸਕਰੁੱਲਾਂਪੁਰੀ (ਖਰੜ)

ਮੁੱਖ ਪੰਨੇ ਦਾ ਚਿੱਤਰ ਸਮੇਂ ਨਾਲ ਮੇਲ ਖਾਂਦਾ ਸੀ ਪ੍ਰੰਤੂ ਜੇਕਰ ਪੁਲੀਸ ਦੀਆਂ ਡਾਂਗਾਂ ਖਾ ਰਹੇ ਸੰਘਰਸ਼ਸ਼ੀਲ ਹੱਕ ਮੰਗਦੇ ਕਾਮਿਆਂ ਦੀ ਫੋਟੋ ਲਗਾਈ ਜਾਂਦੀ ਤਾਂ ਸ਼ਾਇਦ ਹੇਮ ਰਾਜ ਸਟੈਨੋ ਦੇ ਆਰਟੀਕਲ ਨਾਲ ਖੂਬ ਮੇਲ ਖਾ ਜਾਂਦੀ। ਅੰਤਰ ਝਾਤ ਹੇਠ ਲਿਖੇ ਅਨੁਸਾਰ ਹੋਣੀ ਹੋਰ ਵੀ ਖਿੱਚ-ਪਾਊ ਹੋ ਸਕਦੀ ਸੀ :

ਅੰਤਰ ਝਾਤ : 15 ਅਗਸਤ ਦੇ 'ਵਿਸ਼ੇਸ਼' ਦਿਨ 'ਤੇ, ਸਾਹਾਂ ਨੂੰ ਲਮਕਾਉਣ ਦਾ ਬਜ਼ਾਰ, ਇਲਾਜ ਉਪਰੰਤ ਨਸ਼ੇ ਵਿੱਚ ਮੁੜ ਗ੍ਰਸਣਾ, ਸੱਪ ਦਾ ਮਣਕਾ, ਕ੍ਰਿਕਟ ਦਾ ਭੂਤ, 'ਚਮਤਕਾਰੀ' ਨਲਕਾ

ਕਿਸੇ ਕਵੀ ਦੀ ਫੋਟੋ ਅਤੇ ਉਸਦੀ ਕਵਿਤਾ ਜਾਂ ਗ਼ਜ਼ਲ ਵਗੈਰਾ ਵੀ ਮੁੱਖ ਪੰਨੇ ਤੇ ਕਦੇ ਕਦੇ ਲਾ ਕੇ ਵੇਖ ਲੈਣੀ ਚਾਹੀਦੀ ਹੈ। ਮਦਨ ਵੀਰਾ, ਸੰਪਾਦਕੀ, ਹੇਮ ਰਾਜ ਸਟੈਨੋ, ਡਾ. ਦੀਪਤੀ, ਡਾ. ਸਿੱਧੂ ਅਤੇ ਅਭੈ ਸਿੰਘ ਦੀਆਂ ਲਿਖਤਾਂ ਬਹੁਤ ਵਧੀਆ ਸਨ। ਖਾਸ ਕਰਕੇ ਅਭੈ ਸਿੰਘ ਦੀ 'ਵਾਗ੍ਹਾ ਪਰੇਡ' ਜਿਸ ਬਾਰੇ ਪਹਿਲੀ ਵਾਰ ਨਵੀਆਂ ਗੱਲਾਂ ਦਾ ਪਤਾ ਲੱਗਾ। ਅਵਤਾਰ ਗੋਂਦਾਰਾ ਜੀ ਦੀ ਲਿਖਤ ਬੇਸੁਆਦੀ, ਖੁਸ਼ਕ, ਨੀਰਸ ਅਤੇ ਪ੍ਰਭਾਵਹੀਣ ਲੱਗੀ। ਇਹ ਲਿਖਤ ਦਿਲਚਸਪੀ ਪੈਦਾ ਕਰਨ ਵਿੱਚ ਫੇਲ੍ਹ ਰਹੀ। ਪੇਸ਼ ਕਦਮੀਆਂ, ਸਰੀਰ ਦਾਨ ਪ੍ਰਿਤ ਦੀਆਂ ਦੁਨਿਆਵੀਂ ਪੈੜਾਂ, ਮੋਹ ਮਮਤਾ ਦੀ ਥਾਂ ਮਾਨਵਤਾ, ਸੁਖਵਿੰਦਰ ਕੌਰ ਦਾ ਸਤਿਕਾਰ ਸਮਾਗਮ, ਕੌਮੀ ਤਰਕਸ਼ੀਲ ਲਹਿਰ ਦੇ ਵਧਦੇ ਕਦਮ, ਤਰਕਸ਼ੀਲ ਵੈਨ ਸਫ਼ਰ ਅਤੇ ਤਰਕਸ਼ੀਲ ਕੈਂਪਸ ਦੀ ਉਸਾਰੀ ਆਦਿ ਰਿਪੋਰਟਾਂ ਫ਼ਖਰਯੋਗ ਪੈੜਾਂ ਹਨ ਜੋ ਮਿਟਾਇਆਂ ਵੀ ਮਿਟਣ ਵਾਲੀਆਂ ਨਹੀਂ।

ਫਿਕਰ ਨਹੀਂ ਕਿ ਬੁਝ ਜਾਵਾਂਗੇ ਸਵੇਰ ਸਾਰ ਅਸੀਂ,
ਫ਼ਖਰ ਹੈ ਕਿ ਲੜੇ ਹਾਂ ਹਨ੍ਹੇਰਿਆਂ ਵਿਚਕਾਰ ਅਸੀਂ।

ਅਜੀਤ ਪ੍ਰਦੇਸ਼ੀ

ਮੈਗਜ਼ੀਨ ਦੇ ਅੰਕ 'ਜੁਲਾਈ-ਅਗਸਤ 2016' ਦੇ ਟਾਈਟਲ ਦੀ ਤਸਵੀਰ ਬਿਨ੍ਹਾਂ ਬੋਲਿਆਂ ਬਹੁਤ ਕੁੱਝ ਕਹਿ ਰਹੀ ਹੈ। ਸੰਪਾਦਕੀ ਹਰ ਵਾਰ ਦੀ ਤਰ੍ਹਾਂ ਬਹੁਤ ਵਧੀਆ ਹੈ। ਪੜ੍ਹ ਕੇ ਆਨੰਦ ਆ

ਗਿਆ। ਮਥੁਰਾ ਦੀ ਘਟਨਾ ਦਾ ਜ਼ਿਕਰ ਤਰਕ-ਯੁਕਤ ਤਰੀਕੇ ਨਾਲ ਕੀਤਾ ਗਿਆ ਹੈ। 'ਇੱਕ ਵਿਚਾਰ ਇਹ ਵੀ' ਅਧੀਨ ਵਿਅਕਤੀ, ਜਥੇਬੰਦੀ ਅਤੇ ਸਮਾਜ ਵਿਸ਼ੇ ਤੇ ਅਵਤਾਰ ਗੋਂਦਾਰਾ ਨੇ ਬਹੁਤ ਸਰਲ, ਸਪੱਸ਼ਟ, ਬੇਬਾਕ ਰਚਨਾ ਰਚੀ ਹੈ। 'ਸੁਲਘਦੇ ਬੋਲ' ਵਿੱਚ ਹਰਚਰਨ ਚੋਹਲਾ ਨੇ ਧਰਮ ਦੀ ਵਿਆਖਿਆ ਬਾ-ਕਮਾਲ ਢੰਗ ਨਾਲ ਕੀਤੀ ਹੈ। ਮਦਨ ਵੀਰਾ ਦਾ 'ਰਾਜਿਆਂ ਰਾਜ ਕਰੇਦਿਆਂ', ਹੇਮ ਰਾਜ ਸਟੈਨੋ ਦਾ ਲੇਖ '15 ਅਗਸਤ ਦੇ ਵਿਸ਼ੇਸ਼ ਦਿਨ 'ਤੇ', ਜਿਗਿਆਸਾ, ਖ਼ੋਜ ਖ਼ਬਰ, ਖਬਰ ਹੈ ਕਿ, ਚਲੰਤ ਮਸਲੇ ਵਿੱਚ ਜੀਨ ਡਰੈਜੀ ਦਾ ਲੇਖ 'ਅਧਾਰ ਕਾਰਡ ਦਾ ਵਾਰ' ਬਹੁਤ ਚੰਗੇ ਲੱਗੇ। ਬ੍ਰਹਿਮੰਡ ਯਾਤਰਾ (ਕੁਦਰਤ ਦੇ ਭੇਤਾਂ ਦੀ ਗੱਲ-18) 'ਨਛੱਤਰਾਂ ਦੀ ਦੁਨੀਆਂ' ਦੇ ਲੇਖਕ ਦਾ ਨਾਮ ਨਹੀਂ ਲਿਖਿਆ ਗਿਆ। ਇਸ ਵਾਰ ਯਾਤਰਾ ਦੀਆਂ ਗੱਲਾਂ ਵੀ ਬਹੁਤ ਗੁੰਝਲਦਾਰ ਹਨ। ਇੱਕ ਤੋਂ ਵੱਧ ਵਾਰ ਪੜ੍ਹ ਕੇ ਵੀ ਅਨਪੜ੍ਹ ਹੀ ਹਾਂ। ਰਾਹ ਰੁਸ਼ਨਾਈ ਕਰਨ ਲਈ ਤਰਕਸ਼ੀਲ ਅਦਾਰੇ ਦੇ ਸ਼ੁਕਰਗੁਜਾਰ ਹਾਂ। ਤੁਹਾਡੇ ਕਰਕੇ ਜੀਵਨ ਸੌਖਾ ਅਤੇ ਬੰਧਨ ਰਹਿਤ ਹੋ ਗਿਆ।

ਜਰਨੈਲ ਖਹਿਰਾ, ਨੱਲ੍ਹ ਲੋਹੀਆ ਖਾਸ (ਜਲੰਧਰ)

ਤਰਕਸ਼ੀਲ ਮੈਗਜ਼ੀਨ ਵਿੱਚ ਲੇਖ ਬਹੁਤ ਗਿਆਨ ਵਾਲੇ ਹੁੰਦੇ ਹਨ। ਕਲਮ ਏਸ ਤਰ੍ਹਾਂ ਹੀ ਚਲਦੀ ਰਹੇ ਜੀ। 15 ਅਗਸਤ ਦੇ ਵਿਸ਼ੇਸ਼ ਦਿਨ 'ਤੇ ਬਾਕਮਾਲ ਲੇਖ ਸੀ।

ਸੱਤ ਪਾਲ (ਮਾਨ ਬੀਬੜੀਆਂ)

ਕਿਹੜੇ ਦਿਨ.... ਕੀ ? (ਅਕਤੂਬਰ)

- 1 ਅਕਤੂਬਰ : ਸਤਿਆਨੰਦ ਚੰਦਰ ਸਰਕਾਰ (ਬੰਗਾਲੀ ਇਨਕਲਾਬੀ) (ਹਵਾਲਾਤ ਵਿੱਚ ਸ਼ਹੀਦ) (1918)
- 2 ਅਕਤੂਬਰ : ਮੌਤ ਗ਼ਦਰੀ ਬਾਬਾ ਕਰਮ ਸਿੰਘ ਚੀਮਾ (1969)
- 9 ਅਕਤੂਬਰ : ਇਨਕਲਾਬੀ ਚੀ ਗੁਵੇਰਾ ਦਾ ਬੋਲੀਵੀਆ ਵਿੱਚ ਕਤਲ (1967)
- 14 ਅਕਤੂਬਰ: ਮੌਤ ਦੁਰਗਾ ਵੋਹਰਾ 'ਭਾਬੀ' (ਪਤਨੀ ਸ਼ਹੀਦ ਭਗਵਤੀ ਚਰਨ ਵੋਹਰਾ) (1999)
- 16 ਅਕਤੂਬਰ: ਵਿਸ਼ਵ ਖੁਰਾਕ ਦਿਵਸ
- 16 ਅਕਤੂਬਰ: ਭਾਰਤੀ ਮੂਲ ਦੇ ਵਿਗਿਆਨੀ ਹਰਗੋਬਿੰਦ ਖੁਰਾਨਾ ਨੂੰ ਨੋਬਲ ਇਨਾਮ (1968)
- 22 ਅਕਤੂਬਰ: ਜਨਮ ਕਾਕੋਰੀ ਸ਼ਹੀਦ ਅਸ਼ਫ਼ਾਕ ਉੱਲਾ ਖਾਂ (1900)
- 25 ਅਕਤੂਬਰ: ਸ਼ਹਾਦਤ ਧੰਨਾ ਸਿੰਘ ਬਹਿਬਲਪੁਰ (ਬੱਬਰ ਅਕਾਲੀ ਲਹਿਰ) (ਪਿੰਡ ਮਨਣਹਾਣਾ ਵਿਖੇ ਬੰਬ ਨਾਲ ਉੱਡੇ) (1923)

ਤਰਕਸ਼ੀਲਾਂ ਦੀ ਪੜਤਾਲ ਤੋਂ ਬਾਅਦ 'ਭੂਤ ਪ੍ਰੇਤ' ਛੂ-ਮੰਤਰ

ਇੱਕ ਗਰੀਬ ਪਰਿਵਾਰ ਨੇ ਬੜੇ ਚਾਵਾਂ ਨਾਲ ਆਪਣੀ ਨੌਜਵਾਨ ਧੀ ਦਾ ਵਿਆਹ ਕੀਤਾ ਹੀ ਸੀ ਕਿ ਨਵ-ਵਿਆਹੀ ਧੀ ਨੂੰ ਵਿਆਹ ਦੇ ਕੁੱਝ ਦਿਨਾਂ ਬਾਅਦ ਹੀ ਓਪਰੀ ਸ਼ੈਅ ਨੇ ਘੇਰ ਲਿਆ। ਲੜਕੀ ਨੂੰ ਦੰਦਲਾਂ-ਦੌਰੇ ਤੇ ਭੂਤ ਚੰਬੜਣੇ ਸ਼ੁਰੂ ਹੋ ਗਏ, ਇਸਦੇ ਅਗਲੇ ਦਿਨ ਲੜਕੀ ਦੇ ਮਾਤਾ ਪਿਤਾ ਨੂੰ ਵੀ ਅਖੌਤੀ ਭੂਤ ਚੰਬੜਨ ਲੱਗ ਪਏ ਤਾਂ ਨਜਦੀਕੀ ਰਿਸ਼ਤੇਦਾਰ ਉੱਪਰ ਇਹ ਇਲਜ਼ਾਮ ਲਗਾਇਆ ਗਿਆ ਕਿ ਵਿਆਹ ਵਾਲੇ ਦਿਨ ਉਸਦੇ ਕੀਤੇ ਕਰਾਏ ਕਰਕੇ ਹੀ ਲੜਕੀ ਤੇ ਪੇਕੇ ਪਰਿਵਾਰ ਦੀ ਇਹ ਹਾਲਤ ਹੋਈ ਹੈ। ਉਕਤ ਵਿਅਕਤੀ ਨੇ ਇਸ ਸੰਬੰਧੀ ਕਿਸੇ ਤਰਕ ਦੇ ਧਾਰਨੀ ਵਿਅਕਤੀ ਨਾਲ ਗੱਲ ਕੀਤੀ ਤਾਂ ਉਸਨੇ ਅਜਿਹਾ ਮਸਲਾ ਤਰਕਸ਼ੀਲਾਂ ਕੋਲ ਉਠਾਉਣ ਦੀ ਸਲਾਹ ਦਿੱਤੀ ਤਾਂ ਸ਼ਿਕਾਇਤ ਕਰਤਾ ਨੇ ਸੁਸਾਇਟੀ ਦੀ ਇਕਾਈ ਗੋਪਾਲਪੁਰ-ਮੱਝਵਿੰਡ ਨਾਲ ਸੰਪਰਕ ਕੀਤਾ। ਤਰਕਸ਼ੀਲਾਂ ਨੇ ਲੜਕੀ ਨੂੰ, ਮਾਤਾ ਪਿਤਾ ਅਤੇ ਸ਼ਿਕਾਇਤ ਕਰਤਾ ਪਰਿਵਾਰ ਨੂੰ ਪਿੰਡ ਗੋਪਾਲਪੁਰ ਵਿਖੇ ਬੁਲਾਇਆ। ਇਕਾਈ ਨੇ ਇਸ ਕੇਸ ਬਾਰੇ ਜ਼ੋਨ ਕਮੇਟੀ ਨਾਲ ਗੱਲਬਾਤ ਕੀਤੀ ਤਾਂ ਜ਼ੋਨ ਵੱਲੋਂ ਸੰਦੀਪ ਧਾਰੀਵਾਲ ਭੋਜਾ, ਮੁਖਤਾਰ ਸਿੰਘ ਗੋਪਾਲਪੁਰ ਅਤੇ ਇਕਾਈ ਵੱਲੋਂ ਲਖਵਿੰਦਰ ਗੋਪਾਲਪੁਰਾ ਤੇ ਜੁਗਿੰਦਰ ਸਿੰਘ ਤੇ ਅਧਾਰਿਤ ਪੜਤਾਲੀਆ ਟੀਮ ਨੇ ਲੜਕੀ, ਉਸਦੇ ਮਾਤਾ ਪਿਤਾ ਤੇ ਸ਼ਿਕਾਇਤ ਕਰਤਾ ਨਾਲ ਸਾਂਝੇ ਤੌਰ ਤੇ ਅਤੇ ਇਕੱਲੇ ਇਕੱਲੇ ਗੱਲਬਾਤ ਕੀਤੀ ਤੇ ਹਰ ਗੱਲ ਦੀ ਬਰੀਕੀ ਨਾਲ ਛਾਣਬੀਣ ਕੀਤੀ ਅਤੇ ਬਹੁਤ ਹੀ ਗੁੰਝਲਦਾਰ ਕਾਰਣ ਹੋਣ ਦੇ ਬਾਵਜੂਦ ਵੀ ਮਸਲੇ ਨੂੰ ਹੱਲ ਕਰ ਲਿਆ ਗਿਆ। ਸਾਂਝੇ ਤੌਰ ਤੇ ਉਨ੍ਹਾਂ ਨੂੰ ਦੱਸਿਆ ਕਿ ਦੁਨੀਆਂ ਵਿੱਚ ਭੂਤ ਪ੍ਰੇਤ ਦੀ ਕੋਈ ਹੋਂਦ ਨਹੀਂ ਹੈ, ਸਗੋਂ ਇਹ ਮਨੋਵਿਗਿਆਨਕ ਵਰਤਾਰਾ ਹੈ, ਜਿਸਦਾ ਕੋਈ ਕਾਰਣ ਹੁੰਦਾ ਹੈ। ਉਸਾਰੂ ਸੁਝਾਅ ਦੇ ਕੇ ਇਸ ਮਸਲੇ ਨੂੰ ਆਪਣੇ ਢੰਗ ਨਾਲ ਸੁਲਝਾ ਕੇ ਕਈ ਪਰਿਵਾਰਾਂ ਨੂੰ ਟੁੱਟਣ ਤੋਂ ਬਚਾ ਲਿਆ ਅਤੇ ਸਾਰੇ ਪਰਿਵਾਰਾਂ ਨੂੰ ਆਪਣੀ ਸੋਚ ਵਿਗਿਆਨਕ ਬਣਾਉਣ ਤੇ ਜ਼ੋਰ ਦਿੱਤਾ। **ਰਜਵੰਤ ਬਾਗੜੀਆ (ਜ਼ੋਨ ਮੀਡੀਆ ਮੁਖੀ)**

ਵੋ ਡਰਤੇ ਹੈਂ
ਕਿਸ ਚੀਜ ਸੇ ਡਰਤੇ ਹੈ ਵੋ
ਤਮਾਮ ਧਨ-ਦੌਲਤ
ਗੋਲਾ-ਬਾਰੂਦ ਪੁਲਸ-ਫੌਜ ਕੇ ਬਾਵਜੂਦ ?
ਵੋ ਡਰਤੇ ਹੈ ਕਿ ਏਕ ਦਿਨ
ਨਿਹੱਥੇ ਔਰ ਗਰੀਬ ਲੋਗ
ਉਨਸੇ ਡਰਨਾ ਬੰਦ ਕਰ ਦੇਂਗੇ। -ਗੋਰਖ ਪਾਂਡੇ

ਪੇਸ਼ ਕਦਮੀਆਂ

ਨਾਰਥ ਅਮਰੀਕਨ ਤਰਕਸ਼ੀਲ ਸੁਸਾਇਟੀ, ਓਨਟਾਰੀਓ : ਬੱਚਿਆਂ ਦੇ ਲੇਖ ਮੁਕਾਬਲਿਆਂ ਦਾ ਪ੍ਰੋਗਰਾਮ : 17 ਜੁਲਾਈ ਨੂੰ ਇੰਟਰਨੈਸ਼ਨਲ ਸਕੂਲ ਵਿੱਚ ਰੱਖੇ ਬੱਚਿਆਂ ਦੇ ਲੇਖ ਮੁਕਾਬਲਿਆਂ ਦਾ ਪਲੇਠਾ ਪ੍ਰੋਗਰਾਮ ਬੜੀ ਸਫਲਤਾ ਨਾਲ ਸਿਰੇ ਚੜ੍ਹਿਆ। ਇਸ ਵਿੱਚ ਬਹੁਤ ਸਾਰੇ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਬੱਚਿਆਂ ਦੇ ਤਿੰਨ ਗਰੁੱਪਾਂ ਵਿੱਚ ਮੁਕਾਬਲੇ ਕਰਵਾਏ ਗਏ। ਲਿਖਣ ਮੁਕਾਬਲੇ ਸਮੇਂ ਵੱਡੀ ਗਿਣਤੀ ਵਿੱਚ ਹਾਜ਼ਰ ਮਾਪਿਆਂ ਲਈ ਬਹੁਤ ਹੀ ਵਧੀਆ ਪ੍ਰੋਗਰਾਮ ਦੀ ਸ਼ੁਰੂਆਤ ਸੰਗੀਤ ਮੰਡਲੀ ਭਦੌੜ ਨਾਲ ਸੰਬੰਧਿਤ ਕਲਾਕਾਰਾਂ ਨਵਤੇਜਪ੍ਰੀਤ ਤੇ ਸੁਖਦੇਵ ਵੱਲੋਂ ਚੰਗਾ ਸਮਾਜ ਸਿਰਜਣ ਦਾ ਸੰਦੇਸ਼ ਦਿੰਦੇ ਹੋਏ ਗੀਤ ਸੁਣਾ ਕੇ ਕੀਤੀ ਗਈ। ਇਸ ਉਪਰੰਤ ਸ਼ਹੀਦ ਭਗਤ ਸਿੰਘ ਦੀ ਜੀਵਨੀ ਨਾਲ ਸੰਬੰਧਤ ਡਾਕੂਮੈਂਟਰੀ 'ਇਨਕਲਾਬ' ਦਿਖਾਈ ਗਈ। ਲੇਖ ਮੁਕਾਬਲੇ ਤੋਂ ਵਿਹਲੇ ਹੋ ਕੇ ਬੱਚੇ ਚੱਲ ਰਹੇ ਪ੍ਰੋਗਰਾਮ ਵਿੱਚ ਆਪਣੇ ਮਾਪਿਆਂ ਕੋਲ ਆ ਗਏ ਜਿੱਥੇ ਉਹਨਾਂ ਨੇ ਚੱਲ ਰਹੇ ਵਿਚਾਰ ਵਟਾਂਦਰੇ ਵਿੱਚ ਮਹਿੰਦਰ ਸਿੰਘ ਵਾਲੀਆ, ਦਰਸ਼ਨ ਗਰੇਵਾਲ, ਬਲਰਾਜ ਛੋਕਰ, ਅੰਮ੍ਰਿਤ ਢਿੱਲੋਂ ਅਤੇ ਪ੍ਰਿੰ. ਸੰਜੀਵ ਧਵਨ ਦੇ ਵਿਚਾਰ ਸੁਣੇ। ਡਾ. ਬਲਜਿੰਦਰ ਸੇਖੋਂ ਨੇ ਬਹੁਤ ਵਧੀਆ ਢੰਗ ਨਾਲ ਭੂਤਾਂ ਪ੍ਰੇਤਾਂ ਬਾਰੇ ਗੱਲ ਸਾਂਝੀ ਕੀਤੀ ਅਤੇ ਦੱਸਿਆ ਕਿ ਇਹਨਾਂ ਦੀ ਕੋਈ ਹੋਂਦ ਨਹੀਂ। ਬੱਚੇ ਸਾਹਿਲ ਗਿੱਲ ਨੇ ਵਹਿਮਾਂ ਭਰਮਾਂ ਬਾਰੇ ਕਵਿਤਾ ਪੇਸ਼ ਕੀਤੀ ਜਿਸ ਨੂੰ ਸਰੋਤਿਆਂ ਵੱਲੋਂ ਕਾਫੀ ਸਲਾਹਿਆ ਗਿਆ। ਇਸ ਸਮੇਂ ਦੌਰਾਨ ਮੁਕਾਬਲੇ ਵਿੱਚ ਸ਼ਾਮਿਲ ਸਾਰੇ ਬੱਚਿਆਂ ਨੂੰ ਮੈਡਲ, ਕਿਤਾਬਾਂ ਅਤੇ ਸਰਟੀਫਿਕੇਟ ਦਿੱਤੇ ਗਏ। ਸਾਰੇ ਹੀ ਬੱਚਿਆਂ ਨੇ ਬੜੀ ਮਿਹਨਤ ਨਾਲ ਤਿਆਰੀ ਕੀਤੀ ਲਗਦੀ ਸੀ ਜਿੰਨ੍ਹਾਂ ਨੇ ਸੰਬੰਧਤ ਵਿਸ਼ਿਆਂ ਨੂੰ ਬੜੇ ਵਧੀਆ ਢੰਗ ਨਾਲ ਲਿਖਿਆ। ਇਸ ਲਈ ਜੱਜਾਂ ਨੂੰ ਰਿਜਲਟ ਤਿਆਰ ਕਰਨ ਲਈ ਸਮਾਂ ਲੱਗਿਆ। ਗਰੇਡ 2 ਤੋਂ 4 ਦੇ ਬੱਚਿਆਂ ਵਿੱਚੋਂ ਰਵਲੀਨ ਖੰਗੂੜਾ ਪਹਿਲੇ, ਹਰਨੀਤ ਖੰਗੂੜਾ ਦੂਜੇ ਅਤੇ ਤੇਜਾਸ ਗੇਟ ਤੀਜੇ ਨੰਬਰ ਤੇ ਰਹੇ। ਗਰੇਡ 5 ਤੋਂ 7 ਦੇ ਬੱਚਿਆਂ ਵਿੱਚੋਂ ਜੈਸਮੀਨ ਕੌਰ ਬਿੰਦ ਪਹਿਲੇ, ਮੀਰਾ ਸਿੱਧੂ ਦੂਜੇ ਅਤੇ ਲੀਸਾ ਖਹਿਰਾ ਤੀਜੇ ਨੰਬਰ ਤੇ ਰਹੇ। ਗਰੇਡ 8 ਤੋਂ ਉਪਰਲੇ ਬੱਚਿਆਂ ਵਿੱਚੋਂ ਮਹਿਕਪ੍ਰੀਤ ਪਹਿਲੇ, ਸਾਹਿਲ ਗਿੱਲ ਦੂਜੇ ਅਤੇ ਮਨੀਸ਼ਾ ਤੀਜੇ ਨੰਬਰ ਤੇ ਰਹੇ। ਇਹਨਾਂ ਸਾਰੇ ਜੇਤੂਆਂ ਨੂੰ ਸ਼ਾਨਦਾਰ ਟ੍ਰਾਫੀਆਂ ਅਤੇ ਕਿਤਾਬਾਂ ਦੇ ਸੈੱਟ ਇਨਾਮ ਵਜੋਂ ਦਿੱਤੇ ਗਏ। ਸੁਸਾਇਟੀ ਦੇ ਜਥੇਬੰਦਕ ਕੁਆਰਡੀਨੇਟਰ ਬਲਰਾਜ ਛੋਕਰ ਨੇ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਦਾ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ। ਨਛੱਤਰ ਬਦੇਸ਼ਾ ਨੇ ਇੰਟਰਨੈਸ਼ਨਲ ਸਕੂਲ ਦੇ ਪ੍ਰਿੰ. ਸੰਜੀਵ ਧਵਨ ਅਤੇ ਉਹਨਾਂ ਦੇ ਸਟਾਫ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਇਹਨਾਂ ਮੁਕਾਬਲਿਆਂ ਵਿੱਚ ਸਹਿਯੋਗ ਦੇਣ ਵਾਲੇ ਟੀਚਰਾਂ ਨੂੰ ਸਨਮਾਨ ਦੇ ਤੌਰ ਤੇ ਕਿਤਾਬਾਂ ਅਤੇ ਸੀ ਡੀ ਦੇ ਸੈੱਟ ਭੇਂਟ ਕੀਤੇ ਗਏ। ਬੱਚਿਆਂ ਅਤੇ ਮਾਪਿਆਂ ਲਈ ਰਿਫਰੈੱਸ਼ਮੈਂਟ ਦਾ ਪ੍ਰਬੰਧ ਤੇਗ ਬਹਾਦਰ ਇੰਟਰਨੈਸ਼ਨਲ ਸਕੂਲ ਦੇ ਪ੍ਰਬੰਧਕਾਂ ਵੱਲੋਂ ਕੀਤਾ ਗਿਆ। ਇਸ ਮੌਕੇ ਸੁਰਜੀਤ ਸਹੋਤਾ ਅਤੇ ਨਿਰਮਲ ਸੰਧੂ ਵੱਲੋਂ ਪੁਸਤਕਾਂ ਦੀ ਪ੍ਰਦਰਸ਼ਨੀ ਲਾਈ ਗਈ। ਇਸ ਪ੍ਰੋਗਰਾਮ ਦੀ ਸਫਲਤਾ ਲਈ ਤਰਕਸ਼ੀਲ ਸੁਸਾਇਟੀ ਦੇ ਸੁਰਿੰਦਰ ਛੋਕਰ, ਨਵਕਿਰਣ, ਹਰਬੰਸ ਮੱਲ੍ਹੀ, ਸੋਹਣ ਢੀਂਡਸਾ ਅਤੇ ਜਸਬੀਰ ਚਾਹਲ ਵੱਲੋਂ ਵਿਸ਼ੇਸ਼ ਉੱਦਮ ਕੀਤੇ ਗਏ। ਇੰਡੋ ਕਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਤਲਵਿੰਦਰ ਮੰਡ, ਇੰਡੀਆ ਤੋਂ ਪ੍ਰੋ. ਪੂਰਨ ਸਿੰਘ, ਬਲਵੀਰ ਕੌਰ ਮੱਲ੍ਹੀ, ਸੁਖਦੇਵ ਸਿੰਘ ਸੀ.ਜੀ.ਏ, ਦਰਸ਼ਨ ਸਿੰਘ ਗਰੇਵਾਲ, ਅਨਿਲ ਸ਼ਰਮਾ, ਭਰਪੂਰ ਸਿੰਘ ਰੰਧਾਵਾ, ਲਾਲ ਸਿੰਘ ਬੈਂਸ, ਸੁਖਦੇਵ ਸਿੰਘ ਧਾਲੀਵਾਲ, ਜਸਵਿੰਦਰ ਰੰਧਾਵਾ ਅਤੇ ਸੁਮੀਤ ਬੈਂਸ ਤੋਂ ਬਿਨਾਂ ਹੋਰ ਵੀ ਬਹੁਤ ਸਖਸ਼ੀਅਤਾਂ ਹਾਜਰ ਸਨ। ਪ੍ਰੋਗਰਾਮ ਦੇ ਅੰਤ ਤੇ ਬਹੁਤ ਸਾਰੇ ਮਾਪਿਆਂ ਨੇ ਇਸ ਪ੍ਰੋਗਰਾਮ ਦੀ ਸਰਾਹਣਾ ਕਰਦਿਆਂ ਇੱਛਾ ਜਾਹਰ ਕੀਤੀ ਕਿ ਆਉਣ ਵਾਲੇ ਪ੍ਰੋਗਰਾਮਾਂ ਦੀ ਸੂਚਨਾ ਉਹਨਾਂ ਨੂੰ ਦਿੱਤੀ ਜਾਇਆ ਕਰੇ ਤਾਂ ਕਿ ਉਹ ਆਪਣੇ ਬੱਚਿਆਂ ਦੀ ਅਜਿਹੇ ਸਾਰਥਕ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਕਰਾ ਸਕਣ।

ਹਰਜੀਤ ਬੇਦੀ, ਬਰੈਂਪਟਨ

ਇਕਾਈ ਜਲੰਧਰ : 1. ਵਿਚਾਰ ਚਰਚਾ : ਜਲੰਧਰ ਇਕਾਈ ਦੀ ਵਿਸ਼ੇਸ਼ ਮੀਟਿੰਗ 31 ਜੁਲਾਈ ਵਾਲੇ ਦਿਨ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਚ ਹੋਈ। ਇਹ ਦਿਨ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਹੈ, ਇਸ ਲਈ ਇਕਾਈ ਦੇ ਸਾਬਕਾ ਪ੍ਰਧਾਨ ਜਰਨੈਲ ਸਿੰਘ ਨੇ ਸ਼ਹੀਦ ਦੀ ਜੀਵਨੀ ਅਤੇ ਕੁਰਬਾਨੀ ਤੇ ਚਾਨਣਾ ਪਾਇਆ। ਇਸੇ ਮੀਟਿੰਗ ਵਿਚ ਇਕਾਈ ਦੇ ਪ੍ਰਧਾਨ ਪਰਮਜੀਤ ਖੁਰਲਾ ਕਿੰਗਰਾ ਨੇ ਡਾਕਟਰ ਦਾਭੋਲਕਰ ਦੀ ਸ਼ਹੀਦੀ ਬਾਰੇ ਵਿਸਥਾਰ ਨਾਲ ਦੱਸਿਆ ਅਤੇ ਸੁਚੇਤ ਕੀਤਾ ਕਿ ਕਿਵੇਂ ਧਰਮ ਦਾ ਆੜ ਵਿਚ ਫਾਸ਼ੀਵਾਦ ਤੇਜੀ ਨਾਲ ਵੱਧ ਰਿਹਾ ਹੈ।

ਤਰਕਸ਼ੀਲ ਪਰਿਵਾਰ ਮਿਲਣੀ : ਇਹ ਮਿਲਣੀ 24 ਜੁਲਾਈ ਨੂੰ ਮੀਡੀਆ ਇੰਚਾਰਜ ਵਿਸ਼ਵਾਮਿੱਤਰ ਦੇ ਘਰ ਕੀਤੀ ਗਈ ਜਿਸ ਵਿਚ 12 ਸੁਸਾਇਟੀ ਦੇ ਮੈਂਬਰ ਅਤੇ 6 ਗਲੀ ਮੁਹੱਲੇ ਦੇ ਲੋਕ ਪਰਿਵਾਰਾਂ ਸਮੇਤ ਆਏ ਅਤੇ ਕੁੱਲ ਮਿਲਾ ਕੇ 46 ਵਿਅਕਤੀਆਂ ਨੇ ਹਿੱਸਾ ਲਿਆ। ਇਸ ਮਿਲਣੀ ਵਿਚ ਡਾਕਟਰ ਸ਼ਿਆਮ ਸੁੰਦਰ ਦੀਪਤੀ ਜੀ ਨੂੰ ਵੀ ਸੱਦਿਆ ਗਿਆ ਸੀ ਜਿਹਨਾਂ ਨੇ 'ਸਿਹਤ ਸੇਵਾਵਾਂ ਅਤੇ ਬਜ਼ਾਰ' ਵਿਸ਼ੇ ਤੇ ਆਪਣੇ ਵਿਚਾਰ ਦਿੱਤੇ ਅਤੇ ਬਾਅਦ ਵਿਚ ਸਵਾਲਾਂ ਦੇ ਜਵਾਬ ਦਿੱਤੇ। ਜ਼ੋਨ ਪ੍ਰਧਾਨ ਸੁਖਦੇਵ ਫਗਵਾੜਾ, ਸੀਨੀਅਰ ਤਰਕਸ਼ੀਲ ਆਗੂ ਜਸਵਿੰਦਰ, ਇਕਾਈ ਦੇ ਸਾਬਕਾ ਪ੍ਰਧਾਨ ਵਿਜੈ ਰਾਹੀ ਅਤੇ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਖੁਰਲਾ ਕਿੰਗਰਾ ਨੇ ਵੀ ਸੰਬੋਧਨ ਕੀਤਾ। ਅਖੀਰ ਵਿੱਚ ਤਰਕਸ਼ੀਲ ਸਾਹਿਤ ਦਾ ਸਟਾਲ ਲਗਾਇਆ ਗਿਆ ਜਿੱਥੇ ਕਾਫੀ ਕਿਤਾਬਾਂ ਵਿਕੀਆਂ।

ਦੇਸ਼ ਭਗਤ ਯਾਦਗਾਰ ਹਾਲ ਵਿੱਚ 3 ਅਗਸਤ ਨੂੰ ਕਸਮੀਰ ਦੇ ਭਖਦੇ ਮਸਲੇ ਤੇ ਪੰਜ ਖੱਬੀਆਂ ਪਾਰਟੀਆਂ ਵੱਲੋਂ ਕੀਤੀ ਕਾਨਫਰੰਸ ਵਿੱਚ ਇਕਾਈ ਦੇ ਬਹੁਤ ਸਾਰੇ ਮੈਂਬਰਾਂ ਨੇ ਭਾਗ ਲਿਆ ਅਤੇ ਭਾਰਤ ਪਾਕਿਸਤਾਨ ਦੀਆਂ ਜਬਰ ਜੁਲਮ ਦੀਆਂ ਨੀਤੀਆਂ ਅਤੇ ਕਸ਼ਮੀਰੀ ਲੋਕਾਂ ਤੇ ਹੋ ਰਹੇ ਅੱਤਿਆਚਾਰ ਤੋਂ ਜਾਣੂ ਹੋਏ।

ਵਿਸ਼ਵਾਮਿੱਤਰ (ਮੀਡੀਆ ਮੁਖੀ)

ਇਕਾਈ ਫਗਵਾੜਾ : 'ਦੇਸ਼ ਵਿੱਚ ਵਧ ਰਹੀ ਧਾਰਮਿਕ ਕੱਟੜਤਾ ਲੋਕਾਂ ਲਈ ਕਿਵੇਂ ਖਤਰਨਾਕ' ਵਿਸ਼ੇ ਤੇ ਸੈਮੀਨਾਰ : ਇਕਾਈ ਫਗਵਾੜਾ ਅਤੇ ਜਬਰ ਤੇ ਬੇਇਨਸਾਫੀ ਵਿਰੋਧੀ ਮੰਚ ਨੇ ਸਾਂਝੇ ਤੌਰ

ਤੇ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਨ ਤੇ ਡਾ. ਨਰਿੰਦਰ ਦਭੋਲਕਰ ਨੂੰ ਸਮਰਪਿਤ ਸੈਮੀਨਾਰ ਬਾਲਮੀਕ ਧਰਮਸ਼ਾਲਾ ਫਗਵਾੜਾ ਵਿਖੇ ਕਰਵਾਇਆ। ਮੁੱਖ ਵਕਤਾ ਐਡਵੋਕੇਟ ਐਨ.ਕੇ. ਜੀਤ ਨੇ 'ਦੇਸ਼ ਵਿੱਚ ਵਧ ਰਹੀ ਧਾਰਮਿਕ ਕੱਟੜਤਾ ਕਿਵੇਂ ਲੋਕਾਂ ਲਈ ਖਤਰਨਾਕ' ਵਿਸ਼ੇ ਤੇ ਪਰਚਾ ਪੜ੍ਹਿਆ। ਵਕਤਾ ਨੇ ਜ਼ੋਰ ਦੇ ਕੇ ਕਿਹਾ ਕਿ ਤਹਿ ਸ਼ੁਦਾ ਨੀਤੀ ਦੇ ਤਹਿਤ ਹਕੂਮਤਾਂ ਅਮੀਰਾਂ ਦੁਆਰਾ ਕੀਤੀ ਜਾ ਰਹੀ ਲੁੱਟ ਨੂੰ ਰੋਕਣ ਦੀ ਬਜਾਏ ਉਨ੍ਹਾਂ ਦੀ ਪੁਸਤਪਨਾਹੀ ਕਰ ਰਹੀਆਂ ਹਨ ਅਤੇ ਹੱਕ ਤੇ ਨਿਆਂ ਦੀ ਆਵਾਜ਼ ਬੁਲੰਦ ਕਰਨ ਵਾਲਿਆਂ ਨੂੰ ਕੁਚਲਣ ਤੇ ਮਾਰ ਮੁਕਾਣ ਦੀ ਨੀਤੀ ਅਖਤਿਆਰ ਕਰ ਲਈ ਗਈ ਹੈ। ਸੈਮੀਨਾਰ ਨੂੰ ਜਬਰ ਤੇ ਬੇਇਨਸਾਫ ਵਿਰੋਧੀ ਮੰਚ ਦੇ ਪ੍ਰਧਾਨ ਗੋਪਾਲ ਕ੍ਰਿਸ਼ਨ ਸਿੰਘ, ਗੁਰਮੁੱਖ ਸਿੰਘ, ਜਸਵਿੰਦਰ ਸਿੰਘ ਤਰਕਸ਼ੀਲ ਆਗੂ, ਸੁਰਿੰਦਰ ਪਾਲ ਪੱਦੀ ਜਗੀਰ, ਸੁਖਦੇਵ ਗੁਰੂ, ਦਲਿਤ ਸਾਹਿਤਕਾਰ ਡਾ. ਸੰਤੋਖ ਲਾਲ ਵਿਰਦੀ, ਜਮਾਇਤੇ ਉਲ ਇਲਾਮਾ ਦੇ ਆਗੂ ਸਰਵਰ ਸ਼ੱਬਾ ਨੇ ਸੰਬੋਧਨ ਕੀਤਾ। ਜ਼ੋਨ ਜਲੰਧਰ ਦੇ ਜਥੇਬੰਦਕ ਆਗੂ ਮਾਸਟਰ ਸੁਖਦੇਵ ਸਿੰਘ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ।

ਇਕਾਈ ਸੰਗਰੂਰ : 'ਵਿਗਿਆਨਕ ਵਿਚਾਰਧਾਰਾ ਤੇ ਚੁਣੌਤੀਆਂ ਵਿਸ਼ੇ ਤੇ ਸੈਮੀਨਾਰ' : 31 ਜੁਲਾਈ ਨੂੰ ਸਥਾਨਕ ਈਟਿੰਗ ਮਾਲ ਵਿਖੇ ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਨੂੰ ਸਮਰਪਿਤ ਇੱਕ ਰੋਜ਼ਾ ਸੈਮੀਨਾਰ ਆਯੋਜਿਤ ਕੀਤਾ ਗਿਆ। ਇਕਾਈ ਮੁਖੀ ਮਾਸਟਰ ਪਰਮ ਵੇਦ ਨੇ ਹਾਜ਼ਰੀਨ ਦਾ ਸਵਾਗਤ ਕਰਦਿਆਂ ਸੈਮੀਨਾਰ ਦੇ ਵਿਸ਼ੇ ਬਾਰੇ ਜਾਣਕਾਰੀ ਦਿੱਤੀ। ਸੈਮੀਨਾਰ ਦੇ ਮੁੱਖ ਬੁਲਾਰੇ ਤਰਕਸ਼ੀਲ ਮੈਗਜ਼ੀਨ ਦੇ ਸਾਬਕਾ ਸੰਪਾਦਕ ਰਾਜਪਾਲ ਸਿੰਘ ਕੋਟਕਪੂਰਾ ਨੇ ਵਿਗਿਆਨਕ ਵਿਚਾਰਾਂ ਦੀ ਵਿਅਕਤੀ, ਘਰ, ਸਮਾਜ ਅਤੇ ਦੇਸ਼ ਲਈ ਅਹਿਮੀਅਤ ਉੱਤੇ ਵਿਸਥਾਰਪੂਰਵਕ ਚਰਚਾ ਕੀਤੀ। ਇਸ ਮੌਕੇ ਸੁਰਜੀਤ ਸਿੰਘ ਭੱਠਲ ਅਤੇ ਗੁਰਮੁੱਖ ਸਿੰਘ ਨੇ ਅਗਾਂਹਵਧੂ ਗੀਤ ਪੇਸ਼ ਕੀਤੇ। ਸਵਾਲ ਜਵਾਬ ਸੈਸ਼ਨ ਵਿੱਚ ਸਵਰਨਜੀਤ ਸਿੰਘ, ਮਣਧੀਰ ਸਿੰਘ, ਅਮਰੀਕ ਸਿੰਘ ਖੋਖਰ, ਡਾ. ਏ.ਐਸ. ਮਾਨ, ਵਰਿੰਦਰ ਕੁਮਾਰ, ਰਤਨ ਮੂਨਕ, ਡਾ. ਕੁਲਵੰਤ ਸਿੰਘ, ਬਹਾਦਰ ਅਲੀ, ਲੈਕਚਰਾਰ ਕੁਲਵੰਤ ਸਿੰਘ, ਹਰਦਰਸ਼ਨ ਸਿੰਘ, ਗੁਲਜਾਰ ਸਿੰਘ, ਚਮਕੌਰ ਸਿੰਘ ਆਦਿ ਨੇ ਭਾਗ ਲਿਆ। ਅੰਤ ਵਿੱਚ ਤਰਕਸ਼ੀਲ ਆਗੂ ਲੈਕਚਰਾਰ ਕ੍ਰਿਸ਼ਨ ਸਿੰਘ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਅੱਗੇ ਤੋਂ ਇਸੇ ਤਰ੍ਹਾਂ ਸਹਿਯੋਗ ਮਿਲਣ ਦੀ ਆਸ ਪ੍ਰਗਟਾਈ।

ਤਰਕਸ਼ੀਲ ਮਜ਼ਦੂਰਾਂ ਸੰਗ : ਡਾ. ਨਰਿੰਦਰ ਦਭੋਲਕਰ ਦੀ ਸ਼ਹਾਦਤ ਨੂੰ ਸਮਰਪਿਤ 'ਤਰਕਸ਼ੀਲ ਮੈਗਜ਼ੀਨ ਹਫਤਾ' ਦੇ ਪਹਿਲੇ ਦਿਨ ਇਕਾਈ ਸੰਗਰੂਰ ਦੇ ਨੁਮਾਇੰਦੇ ਧਰਮਵੀਰ ਸਿੰਘ, ਸੁਖਦੇਵ ਸਿੰਘ, ਦਵਿੰਦਰ ਸਿੰਘ, ਲੈਕਚਰਾਰ ਕ੍ਰਿਸ਼ਨ ਸਿੰਘ ਦੁੱਗਾਂ ਤੇ ਮਾਸਟਰ ਪਰਮ ਵੇਦ ਸਥਾਨਕ ਲੇਬਰ ਚੌਂਕ ਵਿਖੇ ਗਏ। ਇਸ ਮੌਕੇ ਇਕਾਈ ਮੁਖੀ ਮਾਸਟਰ ਪਰਮਵੇਦ ਨੇ ਮਜ਼ਦੂਰਾਂ ਨੂੰ ਸੰਬੋਧਨ ਕੀਤਾ। ਮਜ਼ਦੂਰਾਂ ਨੇ ਵਿਚਾਰਾਂ ਨੂੰ ਬਹੁਤ ਹੀ ਧਿਆਨ ਨਾਲ ਸੁਣਿਆ ਤੇ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਸਾਥੀ ਮਜਦੂਰ ਤਰਕਸ਼ੀਲ ਮੈਗਜ਼ੀਨ ਦੇ ਪਾਠਕ ਬਣੇ। ਇਸ ਮੌਕੇ ਲੈਕਚਰਾਰ ਕ੍ਰਿਸ਼ਨ ਸਿੰਘ ਨੇ ਵੀ ਆਪਣੇ ਵਿਚਾਰ ਪ੍ਰਗਟਾਏ।

ਦਫਤਰ ਬੀ.ਐਸ.ਐਨ.ਐਲ : ਦੂਜੇ ਦਿਨ ਇਕਾਈ ਸੰਗਰੂਰ ਵੱਲੋਂ ਇਸ ਦਫ਼ਤਰ ਵਿਖੇ ਸ਼ਿਰਕਤ ਕੀਤੀ ਗਈ। ਇਕੱਠੇ ਹੋਏ ਮੁਲਾਜ਼ਮਾਂ ਨੂੰ ਇਕਾਈ ਮੁਖੀ ਪਰਮਵੇਦ ਅਤੇ ਇੰਜ: ਦਵਿੰਦਰ ਸਿੰਘ ਨੇ ਸੰਬੋਧਨ ਕੀਤਾ। ਇਕਾਈ ਦੇ ਮੀਡੀਆ ਆਗੂ ਸੁਰਜੀਤ ਸਿੰਘ ਭੱਠਲ ਅਤੇ ਮੈਂਬਰ ਧਰਮਵੀਰ ਸਿੰਘ ਵੀ ਨਾਲ ਸਨ।

ਸ.ਹ. ਸਕੂਲ ਖੇੜੀ : ਤੀਜੇ ਦਿਨ ਇਸ ਸਕੂਲ ਵਿਖੇ ਪੁੱਜ ਕੇ ਮਾਸਟਰ ਪਰਮਵੇਦ ਅਤੇ ਸੁਰਜੀਤ ਸਿੰਘ ਭੱਠਲ ਵੱਲੋਂ ਵਿਚਾਰ ਪ੍ਰਗਟਾਏ ਗਏ ਅਤੇ ਕਈ ਸ਼ੰਕਿਆਂ ਦੀ ਨਵਿਰਤੀ ਕੀਤੀ ਗਈ। ਹੈਡਮਾਸਟਰ ਕੁਲਦੀਪ ਸਿੰਘ ਨੇ ਤਰਕਸ਼ੀਲਾਂ ਦਾ ਧੰਨਵਾਦ ਕੀਤਾ।

ਸ.ਸ.ਸ.ਸ. (ਕੁੜੀਆਂ) ਭਵਾਨੀਗੜ੍ਹ : ਚੌਥੇ ਦਿਨ ਇਸ ਸਕੂਲ ਵਿਖੇ ਕੀਤੇ ਤਰਕਸ਼ੀਲ ਪ੍ਰੋਗਰਾਮ ਦੌਰਾਨ ਇਕਾਈ ਆਗੂ ਪਰਮਵੇਦ ਅਤੇ ਅਮਰੀਕ ਖੋਖਰ ਵੱਲੋਂ ਵਿਚਾਰ ਪ੍ਰਗਟਾਏ ਗਏ। ਬਿੰਦਰ ਧਨੌਲਾ ਨੇ ਜਾਦੂ ਦੇ ਟ੍ਰਿਕ ਪੇਸ਼ ਕੀਤੇ। ਸੁਰਜੀਤ ਭੱਠਲ ਨੇ ਤਰਕਸ਼ੀਲ ਗੀਤ ਸਾਂਝੇ ਕੀਤੇ। ਪ੍ਰਿੰਸੀਪਲ ਰਾਜ ਕੁਮਾਰ ਜੀ ਵੱਲੋਂ ਟੀਮ ਦਾ ਸਵਾਗਤ ਕੀਤਾ ਗਿਆ ਅਤੇ ਪੂਰਾ ਸਹਿਯੋਗ ਪ੍ਰਦਾਨ ਕੀਤਾ ਗਿਆ।

ਸ.ਸ.ਸ.ਸ. ਈਲਵਾਲ-ਗੱਗੜਪੁਰ : ਪੰਜਵੇਂ ਦਿਨ ਤਰਕਸ਼ੀਲ ਟੀਮ ਵੱਲੋਂ ਇਸ ਸਕੂਲ ਵਿਖੇ ਅਧਿਆਪਕਾਂ ਅਤੇ ਬੱਚਿਆਂ ਨਾਲ ਵਿਚਾਰ ਸਾਂਝੇ ਕੀਤੇ ਗਏ। ਵਾਈਸ-ਪ੍ਰਿੰਸੀਪਲ ਬਾਲ ਕ੍ਰਿਸ਼ਨ ਜੀ ਨੇ ਤਰਕਸ਼ੀਲ ਟੀਮ ਦਾ ਸਵਾਗਤ ਕੀਤਾ।

ਸ. ਹਾਈ ਸਕੂਲ ਬਲਿਆਲ : ਛੇਵੇਂ ਦਿਨ ਇਸ ਸਕੂਲ ਵਿਖੇ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ। ਸਕੂਲ ਮੁਖੀ ਹਰਦੇਵ ਕੁਮਾਰ ਨੇ ਤਰਕਸ਼ੀਲ ਟੀਮ ਦਾ ਧੰਨਵਾਦ ਕਰਦਿਆਂ ਹਾਜ਼ਰੀਨ ਨੂੰ ਵਹਿਮਾਂ ਭਰਮਾਂ ਵਿੱਚੋਂ ਨਿਕਲਣ ਦਾ ਸੁਨੇਹਾ ਦਿੱਤਾ। ਇਸ ਮੌਕੇ ਇਕਾਈ ਮੁਖੀ ਮਾਸਟਰ ਪਰਮ ਵੇਦ ਅਤੇ ਅਮਰੀਕ ਖੋਖਰ ਨੇ ਸੰਬੋਧਨ ਕੀਤਾ। ਬਿੰਦਰ ਧਨੌਲਾ ਨੇ ਜਾਦੂ ਸ਼ੋਅ ਪੇਸ਼ ਕਰਦਿਆਂ ਕਿਹਾ ਕਿ ਜਾਦੂ ਇੱਕ ਕਲਾ ਹੈ, ਇਸ ਵਿੱਚ ਕੋਈ ਦੈਵੀ ਸ਼ਕਤੀ ਨਹੀਂ। ਉਨ੍ਹਾਂ ਕਾਗਜ ਖਾ ਕੇ ਮੂੰਹ ਵਿੱਚੋਂ ਬਲੇਡ ਦੀ ਲੜੀ ਕੱਢਣ ਤੇ ਫੁੱਲਾਂ ਦੇ ਰੰਗ ਬਦਲਣ ਆਦਿ ਟ੍ਰਿਕ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤੇ। ਸੁਰਜੀਤ ਸਿੰਘ ਭੱਠਲ ਨੇ ਆਪਣੇ ਗੀਤਾਂ ਰਾਹੀਂ ਵਿਗਿਆਨਕ ਵਿਚਾਰਾਂ ਦਾ ਚਾਨਣ ਵਿਖੇਰਿਆ। ਸੁਆਲ ਜਵਾਬ ਸੈਸ਼ਨ ਵਿੱਚ ਹਰਮਿੰਦਰ ਸਿੰਘ, ਜਸਵੀਰ ਕੌਰ, ਨਿਰਮਲ ਸਿੰਘ, ਪਰਮਜੀਤ ਕੌਰ, ਮਨਦੀਪ ਕੌਰ, ਪ੍ਰੀਤ ਸਿੰਗਲਾ, ਰਮਨਦੀਪ ਕੌਰ, ਮੋਨਿਕਾ, ਦੀਪਿਕਾ ਰਾਣੀ, ਬਲਜੀਤ ਕੌਰ, ਉਰਮਿਲਾ ਬਾਈ ਤੇ ਹੈਡ ਮਾਸਟਰ ਹਰਦੇਵ ਕੁਮਾਰ ਨੇ ਭਾਗ ਲਿਆ।

-ਸੁਰਜੀਤ ਸਿੰਘ ਭੱਠਲ (ਮੀਡੀਆ ਮੁਖੀ)

ਤਰਕਸ਼ੀਲ ਪ੍ਰੋਗਰਾਮ : ਸ. ਹਾਈ ਸਕੂਲ ਨਾਗਰਾ : ਨਰਿੰਦਰ ਦਭੋਲਕਰ ਦੀ ਸ਼ਹੀਦੀ ਨੂੰ ਸਮਰਪਿਤ ਤਰਕਸ਼ੀਲ ਮੈਗਜ਼ੀਨ ਹਫਤੇ ਦੇ ਸੱਤਵੇਂ ਦਿਨ ਕੀਤੇ ਪ੍ਰੋਗਰਾਮ ਸਮੇਂ ਮਾਸਟਰ ਪਰਮ ਵੇਦ ਤੇ ਅਮਰੀਕ ਸਿੰਘ ਖੋਖਰ ਨੇ ਹਾਜ਼ਰੀਨ ਨੂੰ ਸੰਬੋਧਨ ਕੀਤਾ। ਬਿੰਦਰ ਧਨੌਲਾ ਨੇ ਜਾਦੂ ਸ਼ੋਅ ਪੇਸ਼ ਕੀਤਾ। ਸੁਰਜੀਤ ਸਿੰਘ ਭੱਠਲ ਨੇ ਵੀ ਸੰਬੋਧਨ ਕੀਤਾ। ਹੈੱਡ ਮਿਸਟ੍ਰੈਸ ਰਣਜੀਤ ਕੌਰ ਨੇ ਤਰਕਸ਼ੀਲ ਟੀਮ ਦਾ ਧੰਨਵਾਦ ਕੀਤਾ ਤੇ ਤਰਕਸ਼ੀਲ ਸੋਚ ਅਪਨਾਉਣ ਲਈ ਬੱਚਿਆਂ ਤੇ ਅਧਿਆਪਕਾਂ ਨੂੰ ਪ੍ਰੇਰਿਤ ਕੀਤਾ। ਸਵਾਲ ਜਵਾਬ ਸੈਸ਼ਨ ਵਿੱਚ ਹਰਜਿੰਦਰ ਸਿੰਘ, ਨਛੱਤਰ ਸਿੰਘ,

ਜਸਵੀਰ ਸਿੰਘ ਆਦਿ ਅਧਿਆਪਕਾਂ ਨੇ ਸ਼ਮੂਲੀਅਤ ਕੀਤੀ।

ਸਾਰੇ ਹੀ ਸਕੂਲਾਂ ਵਿੱਚ ਪ੍ਰੋਗਰਾਮਾਂ ਸਮੇਂ 'ਤਰਕਸ਼ੀਲ' ਮੈਗਜ਼ੀਨ ਦੇ ਪਾਠਕ ਬਨਣ ਦੀ ਅਪੀਲ ਕੀਤੀ ਗਈ ਜਿਸ ਨੂੰ ਭਰਵਾਂ ਹੁੰਗਾਰਾ ਮਿਲਿਆ।

ਇਕਾਈ ਲੁਧਿਆਣਾ : ਸਕੂਲ ਪ੍ਰੋਗਰਾਮ : ਮਾਲਵਾ ਸੀਨੀਅਰ ਸੈਕੰਡਰੀ ਸਕੂਲ ਵਿੱਚ ਵਿਦਿਆਰਥੀਆਂ ਨੂੰ ਅੰਧ ਵਿਸ਼ਵਾਸਾਂ, ਵਹਿਮਾਂ-ਭਰਮਾਂ ਦੇ ਬੇਲੋੜੇ ਚੱਕਰਾਂ ਚੋਂ ਮੁਕਤ ਕਰਨ ਲਈ ਤਰਕਸ਼ੀਲ ਪ੍ਰੋਗਰਾਮ ਕੀਤਾ ਗਿਆ। ਤਰਕਸ਼ੀਲ ਸੁਸਾਇਟੀ ਦੇ ਆਗੂਆਂ ਜਸਵੰਤ ਜੀਰਖ, ਸਤੀਸ਼ ਸੱਚਦੇਵਾ, ਪ੍ਰਿੰਸੀਪਲ ਹਰਭਜਨ ਸਿੰਘ, ਮੋਹਣਜੀਤ ਥਰੀਕੇ ਵੱਲੋਂ ਪੇਸ਼ ਕੀਤੇ ਇਸ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੇ ਬੜੀ ਦਿਲਚਸਪੀ ਵਿਖਾਈ। ਜਸਵੰਤ ਜੀਰਖ, ਪ੍ਰਿੰਸੀਪਲ ਹਰਭਜਨ ਸਿੰਘ ਅਤੇ ਸਤੀਸ਼ ਸੱਚਦੇਵਾ ਨੇ ਵੀ ਵਿਚਾਰ ਰੱਖੇ। ਮੋਹਣਜੀਤ ਥਰੀਕੇ ਨੇ ਜਾਦੂ ਦੇ ਸ਼ੋਅ ਪੇਸ਼ ਕੀਤੇ।

ਜ਼ੋਨ ਲੁਧਿਆਣਾ : ਡਾ. ਦਭੋਲਕਰ ਦੀ ਯਾਦ ਵਿੱਚ ਲਲਤੋਂ ਸਕੂਲ ਵਿੱਚ ਸਮਾਗਮ : ਡਾ. ਨਰਿੰਦਰ ਦਭੋਲਕਰ ਦੀ ਯਾਦ ਵਿੱਚ ਮਨਾਏ ਜਾ ਰਹੇ ਹਫ਼ਤੇ ਭਰ ਦੇ ਪ੍ਰੋਗਰਾਮ ਤਹਿਤ ਲਲਤੋਂ ਕਲਾਂ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਇੱਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਤਰਕਸ਼ੀਲ ਆਗੂਆਂ ਜ਼ੋਨ ਆਗੂ ਜਸਵੰਤ ਜੀਰਖ, ਦਲਬੀਰ ਕਟਾਣੀ, ਸਤੀਸ਼ ਸਚਦੇਵਾ ਅਤੇ ਮਾ. ਤਰਸੇਮ ਲਲਤੋਂ ਨੇ ਹਾਜਰੀਨ ਨੂੰ ਗੈਬੀ ਸ਼ਕਤੀਆਂ ਤੇ ਕਰਾਮਾਤਾਂ ਤੋਂ ਦੂਰ ਰਹਿੰਦਿਆਂ ਵਿਗਿਆਨਕ ਸੋਚ ਦੇ ਧਾਰਨੀ ਬਣਨ ਦਾ ਸੁਨੇਹਾ ਦਿੱਤਾ। ਮੋਹਣਜੀਤ ਥਰੀਕੇ ਵੱਲੋਂ ਤਰਕਸ਼ੀਲ ਜਾਦੂ ਸ਼ੋਅ ਰਾਹੀਂ ਜਾਦੂ ਮੰਤਰ ਪਿੱਛੇ ਕੰਮ ਕਰਦੇ ਵਿਗਿਆਨਕ ਕਾਰਨਾਂ ਬਾਰੇ ਦੱਸਿਆ ਗਿਆ। ਸਕੂਲ ਅਧਿਆਪਕ ਅਮਨ ਖਡੂਰ ਨੇ ਅਜਿਹਾ ਹੀ ਪ੍ਰੋਗਰਾਮ ਆਪਣੇ ਪਿੰਡ ਵਿੱਚ ਕਰਵਾਉਣ ਦਾ ਪ੍ਰਣ ਕੀਤਾ। ਅਖੀਰ ਵਿੱਚ ਸਕੂਲ ਪ੍ਰਿੰਸੀਪਲ ਪ੍ਰਦੀਪ ਕੁਮਾਰ ਨੇ ਜਿੱਥੇ ਆਈਆਂ ਸਖਸ਼ੀਅਤਾਂ ਦਾ ਧੰਨਵਾਦ ਕੀਤਾ ਤੇ ਵਿਦਿਆਰਥੀਆਂ ਨੂੰ ਸਮਾਗਮ ਦੌਰਾਨ ਦਿੱਤੀ ਜਾਣਕਾਰੀ ਨੂੰ ਆਪਣੇ ਜੀਵਨ ਵਿੱਚ ਅਪਨਾਉਣ ਲਈ ਪ੍ਰੇਰਿਤ ਕੀਤਾ।

ਲੁਧਿਆਣਾ : ਡਾ. ਦਭੋਲਕਰ ਦੀ ਯਾਦ ਵਿੱਚ ਲਲਤੋਂ ਸਕੂਲ ਵਿੱਚ ਸਮਾਗਮ : ਡਾ. ਨਰਿੰਦਰ ਦਭੋਲਕਰ ਦੀ ਯਾਦ ਵਿੱਚ ਮਨਾਏ ਜਾ ਰਹੇ ਹਫ਼ਤੇ ਭਰ ਦੇ ਪ੍ਰੋਗਰਾਮ ਤਹਿਤ ਲਲਤੋਂ ਕਲਾਂ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਇੱਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਤਰਕਸ਼ੀਲ ਆਗੂਆਂ ਜ਼ੋਨ ਆਗੂ ਜਸਵੰਤ ਜੀਰਖ, ਦਲਬੀਰ ਕਟਾਣੀ, ਸਤੀਸ਼ ਸਚਦੇਵਾ ਅਤੇ ਮਾ. ਤਰਸੇਮ ਲਲਤੋਂ ਨੇ ਹਾਜਰੀਨ ਨੂੰ ਗੈਬੀ ਸ਼ਕਤੀਆਂ ਤੇ ਕਰਾਮਾਤਾਂ ਤੋਂ ਦੂਰ ਰਹਿੰਦਿਆਂ ਵਿਗਿਆਨਕ ਸੋਚ ਦੇ ਧਾਰਨੀ ਬਣਨ ਦਾ ਸੁਨੇਹਾ ਦਿੱਤਾ। ਮੋਹਣਜੀਤ ਥਰੀਕੇ ਵੱਲੋਂ ਤਰਕਸ਼ੀਲ ਜਾਦੂ ਸ਼ੋਅ ਰਾਹੀਂ ਜਾਦੂ ਮੰਤਰ ਪਿੱਛੇ ਕੰਮ ਕਰਦੇ ਵਿਗਿਆਨਕ ਕਾਰਨਾਂ ਬਾਰੇ ਦੱਸਿਆ ਗਿਆ। ਸਕੂਲ ਅਧਿਆਪਕ ਅਮਨ ਖਡੂਰ ਨੇ ਅਜਿਹਾ ਹੀ ਪ੍ਰੋਗਰਾਮ ਆਪਣੇ ਪਿੰਡ ਵਿੱਚ ਕਰਵਾਉਣ ਦਾ ਪ੍ਰਣ ਕੀਤਾ। ਅਖੀਰ ਵਿੱਚ ਸਕੂਲ ਪ੍ਰਿੰਸੀਪਲ ਪ੍ਰਦੀਪ ਕੁਮਾਰ ਨੇ ਜਿੱਥੇ ਆਈਆਂ ਸਖਸ਼ੀਅਤਾਂ ਦਾ ਧੰਨਵਾਦ ਕੀਤਾ ਤੇ ਵਿਦਿਆਰਥੀਆਂ ਨੂੰ ਸਮਾਗਮ ਦੌਰਾਨ ਦਿੱਤੀ ਜਾਣਕਾਰੀ ਨੂੰ ਆਪਣੇ ਜੀਵਨ ਵਿੱਚ ਅਪਨਾਉਣ ਲਈ ਪ੍ਰੇਰਿਤ ਕੀਤਾ।

ਮਾਝਾ ਜ਼ੋਨ : 'ਖੁਦਕੁਸ਼ੀਆਂ ਦਾ ਵਧ ਰਿਹਾ ਵਰਤਾਰਾ ਅਤੇ ਅਜੋਕਾ ਸਮਾਜ' ਵਿਸ਼ੇ ਤੇ ਸੈਮੀਨਾਰ : ਗੋਪਾਲਪੁਰ-ਮੱਝਵਿੰਡ ਦੇ ਸਹਿਯੋਗ ਨਾਲ ਪਿੰਡ ਗੋਪਾਲਪੁਰ-ਮੱਝਵਿੰਡ ਵਿਖੇ ਇਹ ਸੈਮੀਨਾਰ ਆਯੋਜਿਤ ਕੀਤਾ ਗਿਆ। ਜਿਸ ਵਿੱਚ ਜ਼ੋਨ ਦੀਆਂ ਇਕਾਈਆਂ ਦੇ ਮੈਂਬਰ, ਕਿਸਾਨ, ਮਜ਼ਦੂਰ ਜਥੇਬੰਦੀਆਂ ਦੇ ਆਗੂ ਤੇ ਪਿੰਡ ਨਿਵਾਸੀਆਂ ਨੇ ਭਾਗ ਲਿਆ। ਮੁੱਖ ਬੁਲਾਰੇ ਸੂਬਾ ਆਗੂ ਬਲਵਿੰਦਰ ਬਰਨਾਲਾ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਖੁਦਕੁਸ਼ੀ ਇੱਕ ਮਨੋਵਿਗਿਆਨਕ ਵਰਤਾਰਾ ਹੈ ਜੋ ਸਮਾਜ ਦੇ ਹਰੇਕ ਵਰਗ ਵਿੱਚ ਬੜੀ ਤੇਜੀ ਨਾਲ ਫੈਲ ਰਿਹਾ ਹੈ। ਦੇਸ਼ ਵਿਚਲਾ ਸਮਾਜਿਕ, ਆਰਥਿਕ, ਵਿਦਿਅਕ ਤੇ ਧਾਰਮਿਕ ਵਾਤਾਵਰਣ, ਵਿਹਲੀ ਤੇ ਨੀਰਸ ਜ਼ਿੰਦਗੀ ਤੋਂ ਪੈਦਾ ਹੋਈ ਨਿਰਾਸਤਾ, ਨਸ਼ਾ, ਕਰਜ਼ਾ, ਅਸਹਿਣਸ਼ੀਲਤਾ, ਘੱਟ ਰਹੀਆਂ ਨੈਤਿਕ ਕਦਰਾਂ-ਕੀਮਤਾਂ ਆਦਿ ਇਸਦੇ ਪ੍ਰਮੁੱਖ ਕਾਰਨ ਹਨ ਅਤੇ ਇਸਤੋਂ ਬਚਾਓ ਲਈ ਵਿਅਕਤੀ ਦਾ ਸਰੀਰਕ, ਆਰਥਿਕ ਤੇ ਮਾਨਸਿਕ ਤੌਰ ਤੇ ਮਜਬੂਤ ਹੋਣਾ ਬਹੁਤ ਜਰੂਰੀ ਹੈ। ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰ ਸ਼ਾਮ ਸੁੰਦਰ ਦੀਪਤੀ ਨੇ ਦੱਸਿਆ ਕਿ ਮਾਨਸਿਕ ਪ੍ਰੇਸ਼ਾਨੀ ਵਿੱਚ ਘਿਰੇ ਵਿਅਕਤੀ ਨੂੰ ਜਿੱਥੇ ਇਲਾਜ ਦੀ ਜਰੂਰਤ ਹੁੰਦੀ ਹੈ, ਉੱਥੇ ਪਰਿਵਾਰ ਤੇ ਸਮਾਜ ਦੇ ਸਹਿਯੋਗ ਦੀ ਵੀ ਲੋੜ ਹੈ। ਇਸ ਮੌਕੇ ਮੁਖਵਿੰਦਰ ਚੋਹਲਾ, ਸੰਦੀਪ ਧਾਰੀਵਾਲ ਭੋਜਾ, ਮੁਖਤਾਰ ਗੋਪਾਲਪੁਰ ਤੇ ਰਜਵੰਤ ਬਾਗੜੀਆਂ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਅਮਰਜੀਤ ਬਾਈ, ਸੁਖਦੀਪ ਸਿੱਧੂ, ਸੁਮੀਤ ਸਿੰਘ, ਕਾਮਰੇਡ ਬਲਕਾਰ ਦੁਧਾਲਾ, ਕਾਮਰੇਡ ਬਲਵਿੰਦਰ, ਕਿਸਾਨ ਆਗੂ ਲਖਬੀਰ ਨਿਜਾਮਪੁਰ, ਸੁਖਮੀਤ ਸਿੰਘ, ਕਾਮਰੇਡ ਅਜੀਤ ਸਿੰਘ, ਕੁਲਜੀਤ ਵੇਰਕਾ, ਲਖਵਿੰਦਰ ਗੋਪਾਲਪੁਰ, ਸੇਵਾ ਸਿੰਘ, ਕਰਮਦੀਪ ਸਿੰਘ, ਅਮਨ, ਰਣਜੀਤ ਗੱਗੋਮਾਹਲ, ਜਸਵੀਰ ਸਿੰਘ ਖਿਲਚੀਆਂ, ਸੁਖਵਿੰਦਰ ਖਾਰਾ, ਦੀਵਾਨ ਧਾਰੀਵਾਲ ਭੋਜਾ, ਤਰਲੋਚਨ ਸਿੰਘ ਗੁਰਦਾਸਪੁਰ, ਵਰਿੰਦਰ ਪੰਨੂੰ, ਜਸਪਾਲ ਬਾਸਰਕੇ, ਸਰਪੰਚ ਅਰਜੀਤ ਸਿੰਘ, ਸਰਪੰਚ ਬਿਮਲਾ ਦੇਵੀ, ਗੁਰਚਰਨ ਸਿੰਘ, ਸੋਨੂੰ ਲੁਧੜ, ਗੁਰਪ੍ਰੀਤ ਲੁਧੜ ਆਦਿ ਤੋਂ ਇਲਾਵਾ ਤਰਕਸ਼ੀਲ ਮੈਂਬਰ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ। ਅਖੀਰ ਵਿੱਚ ਜ਼ੋਨ ਮੁਖੀ ਸੰਦੀਪ ਨੇ ਇੱਕ ਚੰਗਾ ਪ੍ਰਭਾਵਸ਼ਾਲੀ ਇਕੱਠ ਕਰਨ ਤੇ ਇਕਾਈ ਗੋਪਾਲਪੁਰ-ਮੱਝਵਿੰਡ ਦੀ ਤਾਰੀਫ ਕੀਤੀ ਅਤੇ ਸਾਰਿਆਂ ਦਾ ਧੰਨਵਾਦ ਕੀਤਾ।

ਰਜਵੰਤ ਬਾਗੜੀਆਂ (ਜ਼ੋਨ ਮੀਡੀਆ ਮੁਖੀ)

ਇਕਾਈ ਰੋਪੜ : 1. ਮਜ਼ਦੂਰ-ਮੁਲਾਜ਼ਮ ਲਹਿਰ ਦਿਸ਼ਾ-ਸੇਧ ਸੰਬੰਧੀ ਰੱਖੀ ਗਈ ਮਜ਼ਦੂਰ-ਮੁਲਾਜ਼ਮ ਤਾਲਮੇਲ ਕਮੇਟੀ ਮੋਰਿੰਡਾ ਵੱਲੋਂ ਵੱਡੀ ਮੀਟਿੰਗ ਦੇ ਪ੍ਰੋਗਰਾਮ ਤੇ ਰੋਪੜ ਇਕਾਈ ਦੇ ਮੈਂਬਰ ਅਜੀਤ ਪ੍ਰਦੇਸ਼ੀ, ਪਵਨ ਰੱਤੋਂ, ਹਰਵਿੰਦਰ ਸੁਖਰਾਮ ਪੁਰੀ ਅਤੇ ਜਸਪਾਲ ਮਾਜਰੀ ਠੇਕੇਦਾਰਾਂ ਵੱਲੋਂ ਕਿਤਾਬਾਂ ਦੀ ਸਟਾਲ ਲਗਾਈ ਗਈ ਅਤੇ ਚੁਣੌਤੀ ਵਾਲੇ ਪੈਂਫਲਟ ਵੀ ਵੰਡੇ ਗਏ।

2. ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੁਠੇੜੀ (ਰੋਪੜ) ਵਿਖੇ ਅਸ਼ੋਕ ਕੁਮਾਰ, ਪਵਨ ਰੱਤੋਂ ਅਤੇ ਅਜੀਤ ਪ੍ਰਦੇਸ਼ੀ ਵੱਲੋਂ ਪ੍ਰੋਗਰਾਮ ਦਿੱਤਾ ਗਿਆ। ਚੁਣੌਤੀ ਅਤੇ ਜਥੇਬੰਦੀ ਦੀ ਸਮਝ ਸੰਬੰਧੀ ਪੈਂਫਲਟ ਵੀ ਵੰਡੇ ਗਏ। ਪਹਿਲਾਂ ਹੀ ਵੱਖ-ਵੱਖ ਥਾਵਾਂ ਤੇ ਪੱਕੇ ਤੌਰ ਤੇ ਗੱਡੇ

ਹੋਏ ਲੋਹੇ ਦੇ ਬੋਰਡਾਂ 'ਤੇ ਫਲੈਕਸ ਬਣਾ ਕੇ ਲਾਏ ਗਏ।

ਅਸ਼ੋਕ ਕੁਮਾਰ (ਮੀਡੀਆ ਮੁਖੀ)

ਇਕਾਈ ਫਗਵਾੜਾ : ਡਾ. ਦਭੋਲਕਰ ਦੀ ਸ਼ਹਾਦਤ ਤੇ ਵਿਸ਼ੇਸ਼ ਮੁਹਿੰਮ ਦੌਰਾਨ, ਉਨ੍ਹਾਂ ਦੇ ਵਿਗਿਆਨਕ ਵਿਚਾਰਾਂ ਦੇ ਪ੍ਰਚਾਰ ਲਈ ਤਰਕਸ਼ੀਲ ਕਾਫਲਾ ਸਕੂਲਾਂ ਦੇ ਵਿਹੜੇ ਗਿਆ : ਸੂਬਾ ਕਮੇਟੀ ਦੇ ਫੈਸਲੇ ਤਹਿਤ 17 ਜੁਲਾਈ ਤੋਂ 24 ਜੁਲਾਈ ਦੌਰਾਨ 'ਤਰਕਸ਼ੀਲ' ਮੈਗਜ਼ੀਨ ਹਫਤਾ ਦੀ ਮੁਹਿੰਮ ਦੌਰਾਨ ਫਗਵਾੜਾ ਇਕਾਈ ਦਾ ਕਾਫਲਾ ਵੱਖ-ਵੱਖ ਸਕੂਲਾਂ ਵਿੱਚ ਗਿਆ। ਜਿੱਥੇ 80 ਅਧਿਆਪਕਾਂ ਨੂੰ ਤਰਕਸ਼ੀਲ ਮੈਗਜੀਨ ਦਾ ਮੈਂਬਰ ਬਣਾਇਆ, ਇਸ ਕਾਫਲੇ ਦੌਰਾਨ ਹੇਠ ਲਿਖੀਆਂ ਵਿਦਿਅਕ ਸੰਸਥਾਵਾਂ ਵਿੱਚ ਪ੍ਰੋਗਰਾਮ ਦਿੱਤੇ ਗਏ।

1. ਨੈਸ਼ਨਲ ਕਾਲਜ ਫਾਰ ਵਿਮਨ ਜੱਸੋਮਾਜਰਾ : 18 ਜੁਲਾਈ ਨੂੰ ਤਰਕਸ਼ੀਲ ਕਾਫਲਾ ਇਸ ਕਾਲਜ ਵਿੱਚ ਗਿਆ। ਕਾਲਜ ਦੇ ਪ੍ਰਿੰ. ਹਰਵਿੰਦਰ ਸਿੰਘ ਮੰਡੇਰ ਜੋ ਅਜੀਤ ਅਖਬਾਰ ਦੇ ਪੱਤਰਕਾਰ ਵੀ ਹਨ ਨੇ ਵਿਦਿਆਰਥਣਾਂ ਨੂੰ ਤਰਕਸ਼ੀਲ ਸੁਸਾਇਟੀ ਦੇ ਉਦੇਸ਼ ਬਾਰੇ ਜਾਣਕਾਰੀ ਦਿੱਤੀ। ਵਿਦਿਆਰਥਣਾਂ ਨੇ ਸੁਸਾਇਟੀ ਆਗੂਆਂ ਦੇ ਵਿਚਾਰਾਂ ਨੂੰ ਬੜੀ ਉਤਸੁਕਤਾ ਨਾਲ ਸੁਣਿਆ ਅਤੇ ਕੁੱਝ ਸਵਾਲ-ਜਵਾਬਾਂ ਦਾ ਸਿਲਸਿਲਾ ਵੀ ਚਲਿਆ। ਇਸ ਪ੍ਰੋਗਰਾਮ ਵਿੱਚ ਕਾਲਜ ਸਟਾਫ ਰਣਬੀਰ ਕੌਰ, ਪੂਨਮ ਰੱਤੂ, ਪ੍ਰੋ. ਤਰਸੀਨਾ ਮਲਿਕ, ਜਸਪ੍ਰੀਤ ਕੌਰ ਆਦਿ ਨੇ ਵਿਸ਼ੇਸ਼ ਦਿਲਚਸਪੀ ਦਿਖਾਈ। ਪ੍ਰੋਗਰਾਮ ਦੇ ਆਖਰ ਵਿੱਚ ਕਾਲਜ ਦੇ ਡਾਇਰੈਕਟਰ ਸਾਹਿਬ ਨੇ ਸੁਸਾਇਟੀ ਆਗੂਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਵੀ ਕੀਤਾ।

2. ਸਰਕਾਰੀ ਸੀਨੀ. ਸੈਕੰਡਰੀ ਸਕੂਲ ਫਰਾਲਾ : 18 ਜੁਲਾਈ ਨੂੰ ਹੀ ਦੁਪਹਿਰ ਤੋਂ ਬਾਅਦ ਤਰਕਸ਼ੀਲਾਂ ਦੀ ਟੀਮ ਸਰਕਾਰੀ ਸ.ਸ.ਸ. ਫਰਾਲਾ (ਸ਼ਹੀਦ ਭਗਤ ਸਿੰਘ ਨਗਰ) ਵਿਖੇ ਪਹੁੰਚੀ। ਜਿੱਥੇ ਮਾਸਟਰ ਭਗਵਾਨ ਦਾਸ ਜੀ ਨੇ ਤਰਕਸ਼ੀਲ ਸੁਸਾਇਟੀ ਦੇ ਵਿਗਿਆਨਕ ਵਿਚਾਰਾਂ ਬਾਰੇ ਜਾਣਕਾਰੀ ਦਿੱਤੀ। ਇਕਾਈ ਆਗੂ ਸੁਰਿੰਦਰ ਪਾਲ ਜੀ ਨੇ ਕੁੱਝ ਜਾਦੂ ਦੇ ਟ੍ਰਿਕ ਦਿਖਾਏ। ਪ੍ਰੋਗਰਾਮ ਦੇ ਆਖਿਰ ਵਿੱਚ ਸਕੂਲ ਦੇ ਪ੍ਰਿੰਸੀਪਲ ਮਨੋਹਰ ਲਾਲ ਜੀ ਨੇ ਜਿੱਥੇ ਸੁਸਾਇਟੀ ਦੇ ਕਾਰਜ ਦੀ ਸ਼ਲਾਘਾ ਕੀਤੀ ਅਤੇ ਤਰਕਸ਼ੀਲਾਂ ਦੀ ਟੀਮ ਦਾ ਸਕੂਲ ਆਉਣ ਤੇ ਧੰਨਵਾਦ ਵੀ ਕੀਤਾ। ਪ੍ਰੋਗਰਾਮ ਦੌਰਾਨ ਮੈਡਮ ਪਰਮਿੰਦਰ ਕੌਰ, ਜਸਵਿੰਦਰ ਕੌਰ, ਗੁਰਬਖਸ਼ ਕੌਰ, ਮਾਸਟਰ ਮਨਪ੍ਰੀਤ ਸਿੰਘ, ਲੈਕਚਰਾਰ ਪ੍ਰੇਮ ਕੁਮਾਰ, ਮਾਸਟਰ ਮਦਨ ਲਾਲ, ਮੈਥ ਮਾਸਟਰ ਦਲਜੀਤ ਸਿੰਘ ਆਦਿ ਨੇ ਵਿਸ਼ੇਸ਼ ਹਾਜਰੀ ਦਿੱਤੀ।

3. ਸਰਕਾਰੀ ਸੀਨੀ. ਸੈਕੰਡਰੀ ਸਕੂਲ, ਮੰਢਾਲੀ (ਸ਼ਹੀਦ ਭਗਤ ਸਿੰਘ ਨਗਰ) : ਕਾਫਲੇ ਦੇ ਦੂਜੇ ਦਿਨ ਤਰਕਸ਼ੀਲ ਟੀਮ ਇਸ ਸਕੂਲ ਪੁੱਜੀ। ਸਵੇਰ ਦੀ ਸਭਾ ਵਿੱਚ ਲੈਕਚਰਾਰ ਪਰਮਜੀਤ ਸਿੰਘ ਨੇ ਤਰਕਸ਼ੀਲ ਮੈਂਬਰਾਂ ਅਤੇ ਉਨ੍ਹਾਂ ਦੇ ਪ੍ਰੋਗਰਾਮ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਜਾਦੂ ਦੇ ਟ੍ਰਿਕ ਵਿਖਾਏ ਗਏ। ਸ਼ਾਮ ਲਾਲ ਜੀ ਨੇ ਤਰਕਸ਼ੀਲਾਂ ਦਾ ਧੰਨਵਾਦ ਕਰਦਿਆਂ ਫਿਰ ਵੀ ਸਕੂਲ ਆਉਣ ਦਾ ਸੱਦਾ ਦਿੱਤਾ। ਪ੍ਰੋਗਰਾਮ ਸਮੇਂ ਮੈਡਮ ਕੁਲਵਿੰਦਰ ਕੌਰ, ਮਾਸਟਰ ਗੁਰਪਾਲ ਸਿੰਘ, ਲੈਕਚਰਾਰ ਪਰਮਜੀਤ, ਮਾਸਟਰ ਅਨੰਦਜੀਤ ਸਿੰਘ, ਮੈਡਮ ਕਿਰਨ ਬਾਲਾ, ਬਲਵਿੰਦਰ ਕੌਰ ਆਦਿ ਸ਼ਾਮਿਲ ਹੋਏ।

4. ਗੁਰੂ ਹਰ ਰਾਇ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਦੁਸਾਂਝ ਕਲਾਂ (ਜਲੰਧਰ) : 19 ਜੁਲਾਈ ਨੂੰ ਦੁਪਹਿਰ ਤੋਂ ਬਾਅਦ ਤਰਕਸ਼ੀਲ ਕਾਫਲਾ ਇਸ ਸਕੂਲ ਵਿੱਚ ਪਹੁੰਚਿਆ। ਪ੍ਰਿੰਸੀਪਲ ਤਜਿੰਦਰ ਸਿੰਘ ਜੀ ਨੇ ਤਰਕਸ਼ੀਲਾਂ ਨੂੰ ਜੀ ਆਇਆਂ ਕਹਿੰਦਿਆਂ ਵਿਦਿਆਰਥੀਆਂ ਨੂੰ ਤਰਕਸ਼ੀਲ ਲਹਿਰ ਦੀਆਂ ਪ੍ਰਾਪਤੀਆਂ ਅਤੇ ਇਸ ਦੇ ਕਾਰਜ ਖੇਤਰ ਤੋਂ ਜਾਣੂੰ ਕਰਵਾਇਆ। ਜਾਦੂ ਦੇ ਟ੍ਰਿਕ ਵੀ ਵਿਖਾਏ ਗਏ। ਪ੍ਰਿੰ. ਤੇਜਿੰਦਰ ਸਿੰਘ ਜੀ ਤੋਂ ਇਲਾਵਾ ਸ੍ਰੀ ਯਸ਼ਪਾਲ ਲੇਹਲ ਕਲਾਂ, ਮੈਡਮ ਉਰਮਿਲਾ ਰਾਣੀ, ਹਰਦੀਪ ਕੌਰ, ਸਰ ਕੁਲਜੀਤ ਸਿੰਘ ਬੰਡਾਲਾ, ਨਰੇਸ਼ ਕੁਮਾਰ, ਜਗਸੀਰ ਸਿੰਘ ਆਦਿ ਨੇ ਜਿੱਥੇ ਪ੍ਰੋਗਰਾਮ ਨੂੰ ਬਹੁਤ ਨੀਝ ਨਾਲ ਦੇਖਿਆ, ਉੱਥੇ ਕੁੱਝ ਸਵਾਲ ਵੀ ਤਰਕਸ਼ੀਲਾਂ ਕੋਲੋਂ ਪੁੱਛੇ।

5. ਸਰਕਾਰੀ ਹਾਈ ਸਕੂਲ, ਜਸੋਮਾਜਰਾ (ਸ.ਭ.ਸ. ਨਗਰ) : ਤਰਕਸ਼ੀਲਾਂ ਦਾ ਕਾਫਲਾ 20 ਜੁਲਾਈ ਨੂੰ ਤੀਜੇ ਦਿਨ ਸਵੇਰ ਦੀ ਸਭਾ ਸਮੇਂ ਉਪਰੋਕਤ ਸਕੂਲ ਵਿਖੇ ਪੁੱਜਿਆ। ਮਾਸਟਰ ਵਿਜੈ ਕੁਮਾਰ ਜੀ ਨੇ ਸੁਸਾਇਟੀ ਆਗੂਆਂ ਦੇ ਸਕੂਲ ਵਿੱਚ ਆਉਣ ਤੇ ਜਿੱਥੇ ਸਵਾਗਤ ਕੀਤਾ ਉੱਥੇ ਵਿਦਿਆਰਥੀਆਂ ਨੂੰ ਸੁਸਾਇਟੀ ਦੇ ਪ੍ਰੋਗਰਾਮ ਬਾਰੇ ਦੱਸਿਆ। ਸੁਸਾਇਟੀ ਆਗੂਆਂ ਨੇ ਜਾਦੂ ਦੇ ਟ੍ਰਿਕ ਵਿਖਾਏ। ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਦੀ ਹੈਡ ਮਿਸਟ੍ਰੈਸ ਸਰਿਤਾ ਧਵਨ ਨੇ ਸੁਸਾਇਟੀ ਦੀਆਂ ਸਰਗਰਮੀਆਂ ਦੀ ਪ੍ਰਸ਼ੰਸਾ ਕਰਦਿਆਂ ਤਰਕਸ਼ੀਲ ਆਗੂਆਂ ਦਾ ਧੰਨਵਾਦ ਵੀ ਕੀਤਾ। ਇਸ ਸਮੇਂ ਸ. ਸਤਪਾਲ ਸਿੰਘ ਮੈਥ ਮਾਸਟਰ, ਰਾਮ ਪ੍ਰਕਾਸ਼, ਵਿਜੈ ਕੁਮਾਰ, ਮੈਡਮ ਬਿਮਲਾ ਦੇਵੀ ਆਦਿ ਨੇ ਦਿਲਚਸਪੀ ਨਾਲ ਪ੍ਰੋਗਰਾਮ ਨੂੰ ਦੇਖਿਆ।

6. ਸਰਕਾਰੀ ਸੀਨੀ. ਸੈਕੰਡਰੀ ਸਕੂਲ, ਸੰਧਵਾ (ਸ.ਭ.ਸ. ਨਗਰ): 20 ਜੁਲਾਈ ਨੂੰ ਬਾਅਦ ਦੁਪਹਿਰ ਇਹ ਕਾਫਲਾ ਸੰਧਵਾਂ ਸਕੂਲ ਪੁੱਜਿਆ। ਸਕੂਲ ਦੇ ਪ੍ਰਿੰਸੀਪਲ ਸ੍ਰੀ ਹਰਭਜ ਰਾਮ ਨੇ ਤਰਕਸ਼ੀਲ ਟੀਮ ਨੂੰ ਜੀ ਆਇਆਂ ਕਿਹਾ। ਜਾਦੂ ਦੇ ਟ੍ਰਿਕ ਵਿਖਾਏ ਗਏ। ਮਾਸਟਰ ਭੁਪਿੰਦਰ ਸਿੰਘ ਨੇ ਸੁਸਾਇਟੀ ਦੇ ਉਦੇਸ਼ ਦੀ ਭਰਪੂਰ ਸ਼ਲਾਘਾ ਕਰਦਿਆਂ ਧੰਨਵਾਦ ਕੀਤਾ। ਪ੍ਰੋਗਰਾਮ ਸਮੇਂ ਸ੍ਰੀ ਰਾਜ ਕੁਮਾਰ, ਮਾਸਟਰ ਵਿਜੈ ਕੁਮਾਰ, ਭੁਪਿੰਦਰ ਸਿੰਘ, ਮੈਡਮ ਮਨਦੀਪ ਕੌਰ, ਦਲਜੀਤ ਕੌਰ ਆਦਿ ਹਾਜ਼ਰ ਸਨ।

7. ਸਰਕਾਰੀ ਹਾਈ ਸਕੂਲ ਥੋਥੜਾ (ਸ.ਭ.ਸ. ਨਗਰ) : 23 ਜੁਲਾਈ ਨੂੰ ਤਰਕਸ਼ੀਲ ਟੀਮ ਥੋਥੜਾ ਸਕੂਲ ਪੁੱਜੀ। ਸਕੂਲ ਦੇ ਇੰਚਾਰਜ ਮਾਸਟਰ ਅਸ਼ਵਨੀ ਕੁਮਾਰ ਜੀ ਨੇ ਸੁਸਾਇਟੀ ਆਗੂਆਂ ਦੀ ਵਿਦਿ: ਨਾਲ ਜਾਣ-ਪਛਾਣ ਕਰਵਾਈ ਅਤੇ ਇੰਨ੍ਹਾਂ ਨੂੰ ਜੀ ਆਇਆ ਵੀ ਕਿਹਾ। ਸੁਸਾਇਟੀ ਆਗੂਆਂ ਨੇ ਵਿਦਿ: ਨੂੰ ਸ਼ਹੀਦਾਂ ਦੀ ਵਿਗਿਆਨਕ ਸੋਚ ਨੂੰ ਅਪਨਾਉਣ ਦਾ ਸੱਦਾ ਦਿੱਤਾ। ਇਸ ਸਮੇਂ ਮੈਡਮ ਬਲਜੀਤ ਕੌਰ, ਅਨੀਤਾ ਰਾਣਾ, ਰੇਣੂੰ ਬਾਲਾ, ਸੁਨੀਤਾ ਰਾਣੀ, ਪਰਮਿੰਦਰ ਕੌਰ, ਗੁਰਪ੍ਰੀਤ ਕੌਰ, ਅਵਤਾਰ ਕੌਰ, ਮਾਸਟਰ ਬਲਵੀਰ ਸਿੰਘ ਆਦਿ ਹਾਜ਼ਰ ਸਨ।

ਸਮੁੱਚੇ ਤਰਕਸ਼ੀਲ ਕਾਫਲੇ ਦੌਰਾਨ ਸੁਰਿੰਦਰ ਪਾਲ ਪੱਦੀ, ਸੁਰਿੰਦਰ ਪਾਲ ਦੁਸਾਂਝ, ਹੈਡ ਮਾਸਟਰ ਗਿਆਨ ਚੰਦ ਅਤੇ ਸੁਖਦੇਵ ਫਗਵਾੜਾ ਹਾਜ਼ਰ ਰਹੇ। ਵੱਖ-ਵੱਖ ਸਕੂਲਾਂ ਵਿੱਚ ਲਗਭਗ 4000 ਰੁ: ਦਾ ਸਾਹਿਤ ਵੀ ਵੇਚਿਆ ਗਿਆ।

ਸੁਖਦੇਵ ਫਗਵਾੜਾ (ਜ਼ੋਨ ਆਗੂ)

ਤਰਕਸ਼ੀਲ ਸਾਹਿਤ ਵੈਨ ਦਾ ਸਫਰ

4 ਜੁਲਾਈ : ਇਕਾਈ ਬਰਨਾਲਾ ਵੱਲੋਂ ਸ.ਸ.ਸ. ਸਕੂਲ ਬਰਨਾਲਾ ਅਤੇ ਸ.ਐਲੀ.ਸ. ਬਰਨਾਲਾ ਵਿਖੇ ਤਰਕਸ਼ੀਲ ਪ੍ਰੋਗਰਾਮ ਦਿੱਤਾ ਗਿਆ ਜਿਸ ਨੂੰ ਸੂਬਾਈ ਆਗੂਆਂ ਬਲਵਿੰਦਰ ਬਰਨਾਲਾ, ਰਜਿੰਦਰ ਭਦੌੜ ਨੇ ਸੰਬੋਧਨ ਕੀਤਾ। ਜਾਦੂ ਦੇ ਟ੍ਰਿਕ ਵੀ ਵਿਖਾਏ ਗਏ। ਇਕਾਈ ਜਥੇਬੰਦਕ ਮੁਖੀ ਜੋਰਾ ਸਿੰਘ ਖਿਆਲੀ ਦਾ ਪੂਰਾ ਸਹਿਯੋਗ ਰਿਹਾ।

5 ਜੁਲਾਈ: ਇਕਾਈ ਬਰਨਾਲਾ ਵੱਲੋਂ ਸ.ਸ.ਸ.ਸ. (ਲੜਕੀਆਂ) ਬਰਨਾਲਾ ਵਿਖੇ ਦਿੱਤੇ ਤਰਕਸ਼ੀਲ ਪ੍ਰੋਗਰਾਮ ਨੂੰ ਸੂਬਾ ਆਗੂ ਬਲਵਿੰਦਰ ਬਰਨਾਲਾ ਨੇ ਸੰਬੋਧਨ ਕੀਤਾ। ਇਕਾਈ ਆਗੂ ਜੋਰਾ ਸਿੰਘ ਖਿਆਲੀ ਦਾ ਪੂਰਾ ਸਹਿਯੋਗ ਰਿਹਾ।

8 ਜੁਲਾਈ : ਇਕਾਈ ਬਰਨਾਲਾ ਵੱਲੋਂ ਸ.ਸ.ਸ.ਸ. (ਲੜਕੇ) ਬਰਨਾਲਾ ਵਿਖੇ ਵੈਨ ਨਾਲ ਸ਼ਿਰਕਤ ਕਰਕੇ ਤਰਕਸ਼ੀਲ ਪ੍ਰੋਗਰਾਮ ਦਿੱਤਾ ਗਿਆ ਜਿਸ ਨੂੰ ਸੁਸਾਇਟੀ ਦੇ ਕੌਮੀ ਅਤੇ ਕੌਮਾਂਤਰੀ ਤਾਲਮੇਲ ਵਿਭਾਗ ਦੇ ਸੂਬਾ ਮੁਖੀ ਬਲਵਿੰਦਰ ਬਰਨਾਲਾ ਨੇ ਸੰਬੋਧਨ ਕੀਤਾ। ਜ਼ੋਰਾ ਸਿੰਘ ਖਿਆਲੀ (ਇਕਾਈ ਆਗੂ) ਨੇ ਵੈਨ ਨਾਲ ਸਹਿਯੋਗ ਕੀਤਾ।

11 ਜੁਲਾਈ : ਸ.ਹ. ਸਕੂਲ, ਭੈਣੀ ਜੱਸਾ ਅਤੇ ਬਦਰਾ ਵਿਖੇ ਇਕਾਈ ਬਰਨਾਲਾ ਵੱਲੋਂ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ ਗਿਆ। ਗਗਨਦੀਪ ਧਾਰੀਵਾਲ ਭੋਜਾ ਨੇ ਜਾਦੂ ਦੇ ਟ੍ਰਿਕ ਵਿਖਾਏ। ਸੂਬਾ ਆਗੂ ਬਲਵਿੰਦਰ ਬਰਨਾਲਾ ਨੇ ਬੱਚਿਆਂ ਅਤੇ ਅਧਿਆਪਕਾਂ ਨੂੰ ਸੰਬੋਧਨ ਕੀਤਾ।

12 ਜੁਲਾਈ : ਇਕਾਈ ਚੰਨੋ ਵੱਲੋਂ ਸ.ਸ.ਸ.ਸ. ਗਾਜੇਵਾਸ ਅਤੇ ਚੰਨੋ ਵਿਖੇ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤੇ ਗਏ। ਸੂਬਾ ਆਗੂ ਰਜਿੰਦਰ ਭਦੌੜ ਅਤੇ ਜ਼ੋਨ ਆਗੂ ਰਾਮ ਕੁਮਾਰ ਨੇ ਸੰਬੋਧਨ ਕੀਤਾ। ਹਰਬੰਸ ਸਿੰਘ ਨੇ ਜਾਦੂ ਦੇ ਟ੍ਰਿਕ ਵਿਖਾਏ। ਚਰਨਜੀਤ ਪਟਵਾਰੀ ਅਤੇ ਰਾਣਾ ਜੀ ਨੇ ਵੈਨ ਨਾਲ ਸਹਿਯੋਗ ਕੀਤਾ।

13 ਜੁਲਾਈ : ਇਕਾਈ ਚੰਨੋ ਵੱਲੋਂ ਸ.ਸ.ਸ.ਸ. ਘਰਾਚੋਂ ਅਤੇ ਸ.ਮਿ.ਸ. ਝਨੇੜੀ ਵਿਖੇ ਤਰਕਸ਼ੀਲ ਪ੍ਰੋਗਰਾਮ ਦਿੱਤੇ ਗਏ। ਗਗਨਦੀਪ ਧਾਰੀਵਾਲ ਭੋਜਾ, ਬਹਾਦਰ ਅਲੀ ਅਤੇ ਚਰਨਜੀਤ ਪਟਵਾਰੀ ਨੇ ਬੱਚਿਆਂ ਨੂੰ ਸੰਬੋਧਨ ਕੀਤਾ ਅਤੇ ਗਗਨਦੀਪ ਨੇ ਜਾਦੂ ਦੇ ਟ੍ਰਿਕ ਵਿਖਾਏ। ਹਰਪ੍ਰੀਤ ਝਨੇੜੀ ਅਤੇ ਰਣਧੀਰ ਸਿੰਘ ਨੇ ਵੈਨ ਨਾਲ ਸਹਿਯੋਗ ਕੀਤਾ।

14 ਜੁਲਾਈ : ਸ.ਸ.ਸ.ਸ. ਫਤਿਹਗੜ੍ਹ ਛੰਨਾ ਅਤੇ ਸ.ਹ.ਸ. ਨਮਦਾ ਵਿਖੇ ਇਕਾਈ ਚੰਨੋ ਵੱਲੋਂ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ ਗਿਆ। ਬਹਾਦਰ ਅਲੀ ਅਤੇ ਗਗਨਦੀਪ ਧਾਰੀਵਾਲ ਭੋਜਾ ਨੇ ਬੱਚਿਆਂ ਨੂੰ ਸੰਬੋਧਨ ਕੀਤਾ। ਬ੍ਰਿਸ਼ ਭਾਨ ਅਤੇ ਹਰਬੰਸ ਸਿੰਘ ਨੇ ਜਾਦੂ ਦੇ ਟ੍ਰਿਕ ਵਿਖਾਏ। ਰਣਧੀਰ ਸਿੰਘ ਨੇ ਵੈਨ ਨਾਲ ਸਹਿਯੋਗ ਦਿੱਤਾ।

15 ਜੁਲਾਈ : ਇਕਾਈ ਸਮਾਣਾ ਵੱਲੋਂ ਸ.ਹ.ਸ. ਕੁਲਾਰਾਂ ਅਤੇ ਸ.ਸ.ਸ.ਸ. ਸਮਾਣਾ ਵਿਖੇ ਦਿੱਤੇ ਪ੍ਰੋਗਰਾਮਾਂ ਵਿੱਚ ਗਗਨਦੀਪ ਧਾਰੀਵਾਲ ਭੋਜਾ ਨੇ ਸੰਬੋਧਨ ਕੀਤਾ। ਬ੍ਰਿਸ਼ ਭਾਨ ਨੇ ਜਾਦੂ ਦੇ ਟ੍ਰਿਕ ਵਿਖਾਏ। ਰਾਮ ਕੁਮਾਰ ਨੇ ਵੈਨ ਨਾਲ ਸਹਿਯੋਗ ਕੀਤਾ।

16 ਜੁਲਾਈ : ਇਕਾਈ ਪਟਿਆਲਾ ਵੱਲੋਂ ਮੈਰੀਟੋਰੀਅਸ ਸਕੂਲ ਵਿਖੇ ਤਰਕਸ਼ੀਲ ਪ੍ਰੋਗਰਾਮ ਦਿੱਤਾ ਗਿਆ ਜਿਸ ਵਿੱਚ ਸੂਬਾ ਆਗੂ ਰਜਿੰਦਰ ਭਦੌੜ ਨੇ ਸੰਬੋਧਨ ਕੀਤਾ। ਇਕਾਈ ਆਗੂ ਕੁਲਵੰਤ ਕੌਰ ਨੇ ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਕੀਤਾ। ਗੁਰਬਚਨ ਸਿੰਘ ਅਤੇ ਹਰਪਾਲ ਸਿੰਘ ਨੇ ਵੈਨ ਨਾਲ ਸਹਿਯੋਗ ਕੀਤਾ।

17 ਜੁਲਾਈ : ਇਕਾਈ ਘਨੌਰ ਵੱਲੋਂ ਪਿੰਡ ਮਰਦਾਂਪੁਰ ਦੇ ਅੱਡੇ ਤੇ ਵੈਨ ਲਗਾਈ ਗਈ। ਹਰਨੇਕ ਸਿੰਘ, ਨੂੰਪ ਰਾਮ, ਹਰਮੇਲ ਸਿੰਘ ਅਤੇ ਕਰਨੈਲ ਸਿੰਘ ਨੇ ਵੈਨ ਨਾਲ ਪੂਰਾ ਸਹਿਯੋਗ ਦਿੱਤਾ।

18 ਜੁਲਾਈ : ਇਕਾਈ ਘਨੌਰ ਵੱਲੋਂ ਸ.ਹ.ਸ. ਅਲਾਵੰਦੀਪੁਰ ਵਿਖੇ ਪ੍ਰੋਗਰਾਮ ਕੀਤਾ ਗਿਆ। ਮਾਸਟਰ ਹਰਨੇਕ ਸਿੰਘ ਜੀ ਨੇ ਪ੍ਰੋਗਰਾਮ ਦੀ ਸ਼ੁਰੂਆਤ ਕਰਵਾਈ। ਗਗਨਦੀਪ ਧਾਰੀਵਾਲ ਭੋਜਾ ਨੇ ਬੱਚਿਆਂ ਨੂੰ ਸੰਬੋਧਨ ਕੀਤਾ ਅਤੇ ਜਾਦੂ ਦੇ ਟ੍ਰਿਕ ਵਿਖਾਏ। ਮਾਸਟਰ ਨੂਪ ਰਾਮ ਜੀ ਨੇ ਧੰਨਵਾਦ ਕੀਤਾ। ਸ਼ਾਮ ਸਮੇਂ ਵੈਨ ਪਿੰਡ ਸੋਗਲਪੁਰ ਵਿਖੇ ਲਗਾਈ ਗਈ।

19 ਜੁਲਾਈ : ਇਕਾਈ ਘਨੌਰ ਵੱਲੋਂ ਸ.ਹ. ਸਕੂਲ ਗਦੇਪੁਰ ਅਤੇ ਪੋਲ ਪਬਲਿਕ ਸਕੂਲ, ਫਰੀਦਪੁਰ ਜੱਟਾਂ ਵਿਖੇ ਪ੍ਰੋਗਰਾਮ ਦਿੱਤਾ ਗਿਆ ਜਿਸ ਵਿੱਚ ਗਗਨਦੀਪ ਧਾਰੀਵਾਲ ਭੋਜਾ ਨੇ ਬੱਚਿਆਂ ਨੂੰ ਸੰਬੋਧਨ ਕੀਤਾ ਅਤੇ ਜਾਦੂ ਦੇ ਟ੍ਰਿਕ ਵਿਖਾਏ। ਮਾਸਟਰ ਹਰਨੇਕ ਸਿੰਘ ਅਤੇ ਨੂਪ ਰਾਮ ਨੇ ਵੈਨ ਨਾਲ ਸਹਿਯੋਗ ਕੀਤਾ।

20 ਜੁਲਾਈ : ਇਕਾਈ ਪਟਿਆਲਾ ਵੱਲੋਂ ਸ.ਸ.ਸ.ਸ. ਬਹਾਦਰਗੜ੍ਹ ਵਿਖੇ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਦੌਰਾਨ ਜ਼ੋਨ ਆਗੂ ਰਾਮ ਕੁਮਾਰ ਪਟਿਆਲਾ ਨੇ ਸੰਬੋਧਨ ਕੀਤਾ। ਗਗਨਦੀਪ ਧਾਰੀਵਾਲ ਭੋਜਾ ਨੇ ਜਾਦੂ ਦੇ ਟ੍ਰਿਕ ਵਿਖਾਏ। ਰਮਨੀਕ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਵੈਨ ਨਾਲ ਸਹਿਯੋਗ ਕੀਤਾ।

21 ਜੁਲਾਈ: ਇਕਾਈ ਪਟਿਆਲਾ ਵੱਲੋਂ ਸ.ਸ.ਸ.ਸ. ਨੰਦਪੁਰ ਕੇਸ਼ੋ ਵਿਖੇ ਵਿਗਿਆਨਕ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਦੌਰਾਨ ਜ਼ੋਨ ਆਗੂ ਰਾਮ ਕੁਮਾਰ ਪਟਿਆਲਾ ਨੇ ਵਿਚਾਰ ਸਾਂਝੇ ਕੀਤੇ। ਗਗਨਦੀਪ ਧਾਰੀਵਾਲ ਭੋਜਾ ਨੇ ਜਾਦੂ ਦੇ ਟ੍ਰਿਕ ਵਿਖਾਏ। ਮਾਸਟਰ ਰਮਨੀਕ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ।

22 ਜੁਲਾਈ : ਇਕਾਈ ਗੁਰੂਹਰਸਹਾਏ ਵੱਲੋਂ ਸ.ਸ.ਸ.ਸ. ਅਤੇ ਦਸਮੇਸ ਪਬਲਿਕ ਸਕੂਲ ਸੋਹਨਗੜ੍ਹ ਰੱਤੇਵਾਲ ਵਿਖੇ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿੱਚ ਮਾਸਟਰ ਪ੍ਰਵੀਨ ਕੁਮਾਰ ਅਤੇ ਗਗਨਦੀਪ ਧਾਰੀਵਾਲ ਭੋਜਾ ਨੇ ਸੰਬੋਧਨ ਕੀਤਾ ਅਤੇ ਜਾਦੂ ਦੇ ਟ੍ਰਿਕ ਵਿਖਾਏ।

23 ਜੁਲਾਈ : ਇਕਾਈ ਗੁਰੂਹਰਸਹਾਏ ਵੱਲੋਂ ਸ.ਸ.ਸ.ਸ. ਮਨੋਕੇਹਿਡਾਰ ਅਤੇ ਸ਼ਹੀਦ ਊਧਮ ਸਿੰਘ ਕਾਲਜ ਗੁਰੂ ਹਰਸਹਾਏ ਵਿਖੇ ਤਰਕਸ਼ੀਲ ਪ੍ਰੋਗਰਾਮ ਦਿੱਤੇ ਗਏ ਜਿੰਨ੍ਹਾਂ ਵਿੱਚ ਗਗਨਦੀਪ ਧਾਰੀਵਾਲ ਭੋਜਾ ਨੇ ਬੱਚਿਆਂ ਨੂੰ ਸੰਬੋਧਨ ਕੀਤਾ ਅਤੇ ਜਾਦੂ ਦੇ ਟ੍ਰਿਕ ਵਿਖਾਏ। ਸ਼ਾਮ ਨੂੰ ਵੈਨ ਗੁਰੂਹਰਸਹਾਏ ਬਾਜ਼ਾਰ ਵਿੱਚ ਲਗਾਈ ਗਈ। ਮਨਜੀਤ ਸਿੰਘ, ਲਖਵਿੰਦਰ ਸਿੰਘ, ਰਮਨ ਅਤੇ ਮਾਸਟਰ ਪ੍ਰਵੀਨ ਕੁਮਾਰ ਜੀ ਨੇ ਵੈਨ ਨਾਲ ਸਹਿਯੋਗ ਦਿੱਤਾ।

24 ਜੁਲਾਈ : ਕਸਬਾ ਸਾਦਿਕ ਅਤੇ ਪਿੰਡ ਦੀਪ ਸਿੰਘ ਵਾਲਾ

ਵਿਖੇ ਵੈਨ ਇਕਾਈ ਗੁਰੂ ਹਰਸਹਾਏ ਵੱਲੋਂ ਲਗਾਈ ਗਈ। ਅਵਤਾਰ ਦੀਪ ਅਤੇ ਲਖਵਿੰਦਰ ਸਰੀਂਹਵਾਲਾ ਨੇ ਵੈਨ ਨਾਲ ਪੂਰਾ ਸਹਿਯੋਗ ਦਿੱਤਾ।

25 ਜੁਲਾਈ : ਇਕਾਈ ਗੁਰੂ ਹਰਸਹਾਏ ਵੱਲੋਂ ਸ.ਸ.ਸ.ਸ. ਮੈਗਾਰਾਏ ਉਤਾੜ ਵਿਖੇ ਪ੍ਰੋਗਰਾਮ ਦਿੱਤਾ ਗਿਆ। ਮਾਸਟਰ ਪ੍ਰਵੀਨ ਕੁਮਾਰ ਜੀ ਨੇ ਸੰਬੋਧਨ ਕੀਤਾ।ਇਸ ਤੋਂ ਬਾਅਦ ਵੈਨ ਗੁਰੂ ਹਰਸਹਾਏ ਬਾਜ਼ਾਰ ਵਿੱਚ ਵੀ ਲਗਾਈ ਗਈ।

26 ਜੁਲਾਈ : ਇਕਾਈ ਗੁਰੂਹਰਸਹਾਏ ਵੱਲੋਂ ਸ.ਸ.ਸ.ਸ. (ਲੜਕੇ) ਗੁਰੂਹਰਸਹਾਏ ਅਤੇ ਸ਼ਹੀਦ ਊਧਮ ਸਿੰਘ ਸਕੂਲ ਗੋਲੋ ਕਾ ਮੋੜ ਵਿਖੇ ਤਰਕਸ਼ੀਲ ਪ੍ਰੋਗਰਾਮ ਵੈਨ ਸਮੇਤ ਦਿੱਤੇ ਗਏ। ਗਗਨਦੀਪ ਧਾਰੀਵਾਲ ਭੋਜਾ ਨੇ ਸੰਬੋਧਨ ਕੀਤਾ। ਲਖਵਿੰਦਰ ਸਰੀਹਵਾਲਾ ਅਤੇ ਮਨਜੀਤ ਸਰੀਂਹਵਾਲਾ ਨੇ ਵੈਨ ਨਾਲ ਸਹਿਯੋਗ ਦਿੱਤਾ।

27 ਜੁਲਾਈ : ਇਕਾਈ ਅਬੋਹਰ ਵੱਲੋਂ ਸ.ਸ.ਸ.ਸ. ਜੰਡਵਾਲ ਮੀਰਾ ਸਾਗਲਾ ਅਤੇ ਸ.ਹ.ਸ. ਰੂਪ ਨਗਰ ਵਿਖੇ ਤਰਕਸ਼ੀਲ ਪ੍ਰੋਗਰਾਮ ਦਿੱਤਾ ਗਿਆ। ਜਿਸ ਵਿੱਚ ਜ਼ੋਨ ਆਗੂ ਮਾਸਟਰ ਕੁਲਜੀਤ ਡੰਗਰਖੇੜਾ ਨੇ ਸੰਬੋਧਨ ਕੀਤਾ। ਗਗਨਦੀਪ ਧਾਰੀਵਾਲ ਭੋਜਾ ਨੇ ਜਾਦੂ ਦੇ ਟ੍ਰਿਕ ਵਿਖਾਏ। ਇਕਾਈ ਆਗੂ ਵਿਨੋਦ ਨੇ ਵੈਨ ਨਾਲ ਸਹਿਯੋਗ ਕੀਤਾ।

28 ਜੁਲਾਈ : ਇਕਾਈ ਅਬੋਹਰ ਵੱਲੋਂ ਸ.ਸ.ਸ.ਸ. ਪੰਜ ਕੋਸੀ ਅਤੇ ਬਕੈਣ ਵਿਖੇ ਤਰਕਸ਼ੀਲ ਪ੍ਰੋਗਰਾਮ ਦਿੱਤੇ ਗਏ। ਮਾਸਟਰ ਕੁਲਜੀਤ ਸਿੰਘ, ਜੋਨ ਆਗੂ ਨੇ ਵਿਚਾਰ ਪੇਸ਼ ਕੀਤੇ। ਸੁਖਦੇਵ ਮਲੂਕਪੁਰੀ ਨੇ ਜਾਦੂ ਦੇ ਟ੍ਰਿਕ ਵਿਖਾਏ। ਸੁਖਦੀਪ ਮਲੂਕਪੁਰੀ ਅਤੇ ਜਸਪ੍ਰੀਤ ਮਲੂਕਪੁਰੀ ਨੇ ਵੈਨ ਨਾਲ ਸਹਿਯੋਗ ਕੀਤਾ।

29 ਜੁਲਾਈ : ਇਕਾਈ ਅਬੋਹਰ ਵੱਲੋਂ ਸ.ਸ.ਸ.ਸ. ਮਲੂਕਪੁਰ ਵਿਖੇ ਦਿੱਤੇ ਤਰਕਸ਼ੀਲ ਪ੍ਰੋਗਰਾਮ ਵਿੱਚ ਗਗਨਦੀਪ ਧਾਰੀਵਾਲ ਭੋਜਾ, ਵੈਨ ਇੰਚਾਰਜ ਨੇ ਸੰਬੋਧਨ ਕੀਤਾ।ਸੁਖਦੇਵ ਮਲੂਕਪੁਰੀ ਨੇ ਜਾਦੂ ਦੇ ਟ੍ਰਿਕ ਵਿਖਾਏ। ਜਸਪ੍ਰੀਤ ਮਲੂਕਪੁਰੀ ਨੇ ਵੈਨ ਨਾਲ ਸਹਿਯੋਗ ਕੀਤਾ। ਸ਼ਾਮ ਨੂੰ ਵੈਨ ਪਿੰਡ ਟਾਬਾ ਵਿਖੇ ਮੇਲੇ ਤੇ ਲਗਾਈ ਗਈ।

30 ਜੁਲਾਈ : ਇਕਾਈ ਅਬੋਹਰ ਵੱਲੋਂ ਸ.ਸ.ਸ. ਸਕੂਲ, ਪ੍ਰਮੋਦ ਪਬਲਿਕ ਸਕੂਲ ਅਤੇ ਟੈਗੋਰ ਹਾਈ ਸਕੂਲ, ਚੂਹੜੀਵਾਲਾ ਵਿਖੇ ਤਰਕਸ਼ੀਲ ਪ੍ਰੋਗਰਾਮ ਦਿੱਤੇ ਗਏ। ਜਿਸ ਵਿੱਚ ਜ਼ੋਨ ਆਗੂ ਕੁਲਜੀਤ ਡੰਗਰਖੇੜਾ, ਤਰਕਸ਼ੀਲ ਆਗੂ ਗਣਪਤ ਨੇ ਸੰਬੋਧਨ ਕੀਤਾ। ਸ਼ਾਮ ਸਮੇਂ ਵੈਨ ਅਬੋਹਰ ਸ਼ਹਿਰ ਵਿੱਚ ਲਗਾਈ ਗਈ। ਜਗਦੀਸ਼ ਜੀ ਨੇ ਵੈਨ ਨਾਲ ਸਹਿਯੋਗ ਦਿੱਤਾ।

31 ਜੁਲਾਈ : ਇਕਾਈ ਅਬੋਹਰ ਵੱਲੋਂ ਕਸਬਾ ਖੂਈਆ ਸਰਵਰ ਵਿਖੇ ਵੈਨ ਲਗਾਈ ਗਈ। ਮਾਸਟਰ ਕੁਲਜੀਤ, ਰਾਜ ਕੁਮਾਰ ਅਤੇ ਸਵਰਨਜੀਤ ਸਿੰਘ ਨੇ ਵੈਨ ਨਾਲ ਸਹਿਯੋਗ ਦਿੱਤਾ।

1 ਅਗਸਤ : ਸ.ਸ.ਸ.ਸ. ਦੀਵਾਨ ਖੇੜਾ ਅਤੇ ਸ.ਹ.ਸ. ਗਿੱਦੜਾਂ ਵਾਲੀ ਵਿਖੇ ਅਬੋਹਰ ਇਕਾਈ ਵੱਲੋਂ ਪ੍ਰੋਗਰਾਮ ਦਿੱਤੇ ਗਏ। ਮਾਸਟਰ ਕੁਲਜੀਤ ਸਿੰਘ, ਜ਼ੋਨ ਆਗੂ ਨੇ ਸੰਬੋਧਨ ਕੀਤਾ ਅਤੇ ਸੁਖਦੇਵ ਮਲੂਕਪੁਰੀ ਨੇ ਜਾਦੂ ਦੇ ਟ੍ਰਿਕ ਵਿਖਾਏ। ਜਸਨਪ੍ਰੀਤ ਮਲੂਕਪੁਰੀ ਨੇ ਵੈਨ ਨਾਲ ਸਹਿਯੋਗ ਕੀਤਾ।

2 ਅਗਸਤ : ਇਕਾਈ ਫਾਜਿਲਕਾ ਵੱਲੋਂ ਸ.ਸ.ਸ.ਸ. ਲਾਧੂਕਾ, ਪਾਲੇਟੈਕਨਿਕ ਘੁਬਾਇਆ ਅਤੇ ਸ਼ਾਮ ਸਮੇਂ ਲਾਧੂਕਾ ਪਿੰਡ ਵਿੱਚ ਵੈਨ ਲਗਾਈ ਗਈ ਜਿਸ ਵਿੱਚ ਤਰਕਸ਼ੀਲ ਆਗੂ ਭਗਤ ਸਿੰਘ ਅਤੇ ਗਗਨਦੀਪ ਧਾਰੀਵਾਲ ਭੋਜਾ ਨੇ ਸੰਬੋਧਨ ਕੀਤਾ।ਜਾਦੂ ਦੇ ਟ੍ਰਿਕ ਵੀ ਵਿਖਾਏ ਗਏ।ਨਵਨੀਤ ਫਾਜਿਲਕਾ, ਕੁਲਦੀਪ, ਲਾਲ ਚੰਦ ਅਤੇ ਡਾ. ਸ਼ਾਮ ਲਾਲ ਨੇ ਵੈਨ ਨਾਲ ਸਹਿਯੋਗ ਕੀਤਾ।

3 ਅਗਸਤ : ਇਕਾਈ ਫਾਜਿਲਕਾ ਵੱਲੋਂ ਸ.ਸ.ਸ.ਸ. ਬਨਵਾਲਾ, ਟੈਗੋਰ ਪਬਲਿਕ ਸਕੂਲ ਬਨਵਾਲਾ ਅਤੇ ਨੈਸ਼ਨਲ ਗਰਲਜ ਕਾਲਜ ਚੋਹਾੜਿਆ ਵਾਲੀ ਵਿਖੇ ਤਰਕਸ਼ੀਲ ਪ੍ਰੋਗਰਾਮ ਦਿੱਤੇ ਗਏ। ਤਰਕਸ਼ੀਲ ਆਗੂ ਭਗਤ ਸਿੰਘ ਅਤੇ ਗਗਨਦੀਪ ਧਾਰੀਵਾਲ ਭੋਜਾ ਨੇ ਸੰਬੋਧਨ ਕੀਤਾ ਅਤੇ ਜਾਦੂ ਦੇ ਟ੍ਰਿਕ ਵਿਖਾਏ। ਸ਼ਾਮ ਸਮੇਂ ਵੈਨ ਫਾਜਿਲਕਾ ਬਾਜ਼ਾਰ ਵਿੱਚ ਲਗਾਈ ਗਈ। ਨਵਜੀਤ ਫਾਜ਼ਿਲਕਾ ਨੇ ਵੈਨ ਨਾਲ ਸਹਿਯੋਗ ਦਿੱਤਾ।

4 ਅਗਸਤ : ਸ.ਸ.ਸ.ਸ. ਚਿਮਨੇ ਵਾਲਾ ਅਤੇ ਟਾਈਵਾਲ ਬੋਦਲਾ ਵਿਖੇ ਇਕਾਈ ਫਾਜ਼ਿਲਕਾ ਵੱਲੋਂ ਪ੍ਰੋਗਰਾਮ ਦਿੱਤੇ ਗਏ। ਤਰਕਸ਼ੀਲ ਆਗੂ ਭਗਤ ਸਿੰਘ ਅਤੇ ਗਗਨਦੀਪ ਧਾਰੀਵਾਲ ਭੋਜਾ ਨੇ ਸੰਬੋਧਨ ਕੀਤਾ ਅਤੇ ਜਾਦੂ ਦੇ ਟ੍ਰਿਕ ਵਿਖਾਏ।ਨਵਨੀਤ ਫਾਜ਼ਿਲਕਾ ਨੇ ਵੈਨ ਨਾਲ ਸਹਿਯੋਗ ਕੀਤਾ।

5 ਅਗਸਤ : ਇਕਾਈ ਮੁਕਤਸਰ ਲੱਖੇਵਾਲੀ ਵੱਲੋਂ ਸ.ਸ.ਸ.ਸ. ਰੁਪਾਣਾ ਅਤੇ ਸ.ਹ.ਸ. ਭੰਗਜੜੀ ਵਿਖੇ ਪ੍ਰੋਗਰਾਮ ਦਿੱਤੇ ਗਏ। ਸੂਬਾ ਆਗੂ ਰਾਮ ਸਵਰਨ ਲੱਖੇਵਾਲੀ ਨੇ ਸੰਬੋਧਨ ਕੀਤਾ। ਗਗਨਦੀਪ ਧਾਰੀਵਾਲ ਭੋਜਾ ਨੇ ਜਾਦੂ ਦੇ ਟ੍ਰਿਕ ਵਿਖਾਏ। ਜਸਵੰਤ ਸਿੰਘ, ਸ਼ਿਵ ਰਾਜ ਖੁੰਡੇ ਹਲਾਲ, ਕੇ.ਸੀ. ਰੁਪਾਣਾ, ਲੈਕਚਰਾਰ ਕਰਮਜੀਤ ਕੌਰ ਅਤੇ ਕਮਲ ਭੁੱਲਰ ਨੈ ਵੈਨ ਨਾਲ ਸਹਿਯੋਗ ਕੀਤਾ।

6 ਅਗਸਤ : ਇਕਾਈ ਮੁਕਤਸਰ-ਲੱਖੇਵਾਲੀ ਵੱਲੋਂ ਸ.ਸ.ਸ.ਸ. ਰਾਮਗੜ੍ਹ ਚੁੰਘਾ ਅਤੇ ਭਾਗਸਰ ਵਿਖੇ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ ਗਿਅ। ਜਿਸ ਵਿੱਚ ਸ਼ਿਵ ਰਾਜ, ਜਸਵੰਤ ਸਿੰਘ, ਜੀਵਨ ਸਿੰਘ ਅਤੇ ਬੂਟਾ ਸਿੰਘ ਨੇ ਵੈਨ ਨਾਲ ਸਹਿਯੋਗ ਕੀਤਾ।

*ਸਾਰੇ ਪ੍ਰੋਗਰਾਮਾਂ ਦੌਰਾਨ ਗਗਨਦੀਪ ਧਾਰੀਵਾਲ ਭੋਜਾ ਨੇ ਮੁੱਖ ਤੌਰ ਤੇ ਵੈਨ-ਡਿਊਟੀ ਸੰਭਾਲੀ।

ਰਿਪੋਰਟ ਕਰਤਾ : ਗਗਨਦੀਪ ਧਾਰੀਵਾਲ ਭੋਜਾ

ਧੰਨਵਾਦ : ਤਰਕਸ਼ੀਲ ਸੁਸਾਇਟੀ ਪੰਜਾਬ, ਵੱਖ-ਵੱਖ ਵਿਦਿਅਕ ਸੰਸਥਾਵਾਂ ਦੇ ਮੁਖੀਆਂ, ਪ੍ਰਬੰਧਕੀ ਕਮੇਟੀਆਂ, ਅਧਿਆਪਕਾਂ, ਸਟਾਫ ਮੈਂਬਰਾਂ, ਮਾਪਿਆਂ, ਵਿਦਿਆਰਥੀਆਂ, ਵੱਖ-ਵੱਖ ਪਿੰਡਾਂ ਦੇ ਸਰਪੰਚਾਂ, ਸ਼ਹਿਰਾਂ ਦੇ ਨਗਰਪਾਲਿਕਾ ਪ੍ਰਧਾਨਾਂ, ਪੰਚਾਇਤ ਮੈਂਬਰਾਂ, ਕੌਂਸਲਰਾਂ, ਸਮਾਜਿਕ ਸੰਸਥਾਵਾਂ ਅਤੇ ਕਲੱਬਾਂ ਦੇ ਮੁਖੀਆਂ, ਮੈਂਬਰਾਂ, ਲੋਕ ਪੱਖੀ ਸੰਗਠਨਾਂ ਅਤੇ ਉਹਨਾਂ ਸਮੂਹ ਲੋਕਾਂ ਦਾ ਧੰਨਵਾਦ ਕਰਦੀ ਹੈ ਜਿੰਨ੍ਹਾਂ ਨੇ ਵੈਨ ਦੇ ਮਾਧਿਅਮ ਰਾਹੀਂ ਉਸਾਰੂ ਸਾਹਿਤ ਘਰ-ਘਰ ਪਹੁੰਚਾਉਣ ਵਿੱਚ ਕਿਸੇ ਵੀ ਰੂਪ ਵਿੱਚ ਆਪਣਾ ਯੋਗਦਾਨ ਪਾਇਆ ਅਤੇ ਆਸ ਕਰਦੀ ਹੈ ਕਿ ਭਵਿੱਖ ਵਿੱਚ ਇਹ ਸਹਿਯੋਗ ਹੋਰ ਵਧਕੇ ਜਾਰੀ ਰਹੇਗਾ।

ਕਿਹੜੇ ਦਿਨ.... ਕੀ ?

1 ਸਤੰਬਰ: ਸ਼ਹਾਦਤ ਅਬਦੁਲ ਰਸ਼ੀਦ (ਨੌਜਵਾਨ ਭਾਰਤ ਸਭਾ)(ਪੇਸ਼ਾਵਰ ਜੇਲ੍ਹ ਵਿੱਚ ਫਾਂਸੀ)(1932)

2 ਸਤੰਬਰ : ਗ਼ਦਰ ਪਾਰਟੀ ਦੇ 23ਵੇਂ ਰਸਾਲੇ ਦੇ ਸ਼ਹੀਦ (ਅੰਬਾਲਾ ਜੇਲ੍ਹ ਵਿੱਚ ਫਾਂਸੀ)(1915)

5 ਸਤੰਬਰ : ਕੌਮੀ ਅਧਿਆਪਕ ਦਿਵਸ

8 ਸਤੰਬਰ : ਜਨਮ ਰੂਸੀ ਲੇਖਕ ਰਸੂਲ ਹਮਜ਼ਾਤੋਵ (ਲੇਖਕ 'ਮੇਰਾ ਦਾਗਿਸਤਾਨ')(1923)

8 ਸਤੰਬਰ : ਕੌਮਾਂਤਰੀ ਸਾਖਰਤਾ ਦਿਵਸ

9 ਸਤੰਬਰ : ਸ਼ਹੀਦ ਚਿਤਾਪਰੀਆ ਰੇ ਚੌਧਰੀ ਕਲਕੱਤਾ (ਪੁਲਿਸ ਮੁਕਾਬਲੇ ਵਿੱਚ ਸ਼ਹੀਦ)(1915)

9 ਸਤੰਬਰ : ਚੀਨ ਦੇ ਕਮਿਊਨਿਸਟ ਆਗੂ ਮਾਓ-ਜੇ-ਤੁੰਗ ਦਾ ਦੇਹਾਂਤ(1976)

9 ਸਤੰਬਰ : ਜਨਮ ਰੂਸੀ ਲੇਖਕ ਲੀਓ ਟਾਲਸਟਾਏ (1828)

9 ਸਤੰਬਰ : ਇਨਕਲਾਬੀ ਕਵੀ 'ਪਾਸ਼' ਦਾ ਜਨਮ(1950)

10 ਸਤੰਬਰ : ਜਤਿੰਦਰ ਮੁਕਰਜੀ ਕਲਕੱਤਾ (ਬੰਗਾਲ ਦੇ ਮਹਾਨ ਇਨਕਲਾਬੀ) (ਪੁਲਿਸ ਮੁਕਾਬਲੇ ਵਿੱਚ ਸ਼ਹੀਦ)(1915)

13 ਸਤੰਬਰ : ਪਹਿਲੇ ਲਾਹੌਰ ਸਾਜਿਸ਼ ਕੇਸ ਦਾ ਫੈਸਲਾ (1915)

13 ਸਤੰਬਰ : ਸ਼ਹੀਦ ਜਤਿੰਦਰ ਨਾਥ ਦਾਸ ਦੀ ਲਾਹੌਰ ਜੇਲ੍ਹ ਵਿੱਚ ਭੁੱਖ ਹੜਤਾਲ ਦੇ 63ਵੇਂ ਦਿਨ ਸ਼ਹੀਦੀ (1929)

16 ਸਤੰਬਰ: ਸੰਸਾਰ ਓਜ਼ੋਨ ਦਿਵਸ

16 ਸਤੰਬਰ : ਪ੍ਰਮਾਣੂ ਸਿਧਾਂਤ ਦੇਣ ਵਾਲੇ ਵਿਗਿਆਨੀ ਜੌਹਨ ਡਾਲਟਨ ਦਾ ਜਨਮ(1766)

16 ਸਤੰਬਰ : ਜਨਮ (ਨਾਟਕਕਾਰ ਗੁਰਸ਼ਰਨ ਸਿੰਘ) (1929)

18 ਸਤੰਬਰ : ਮੌਤ (ਪਰਜਾ ਮੰਡਲ ਲਹਿਰ ਦੇ ਬਾਨੀ ਸਕੱਤਰ) ਭਗਵਾਨ ਸਿੰਘ ਲੌਂਗੋਵਾਲੀਆ(1944)

18 ਸਤੰਬਰ : ਡਾ. ਕਾਵੂਰ ਦਾ ਦੇਹਾਂਤ(1978)

23 ਸਤੰਬਰ: ਨੈਪਚੂਨ ਗ੍ਰਹਿ ਦੀ ਖੋਜ(1846)

28 ਸਤੰਬਰ : ਜਨਮ ਦਿਨ ਸ਼ਹੀਦ ਭਗਤ ਸਿੰਘ(1907)

29 ਸਤੰਬਰ : ਕਾਮਾਗਾਟਾ ਮਾਰੂ ਜਹਾਜ਼ 'ਤੇ ਬਜਬਜ ਬੰਦਰਗਾਹ ਉੱਪਰ ਗੋਲੀਆਂ ਨਾਲ ਪੁਲਿਸ ਦਾ ਹਮਲਾ - 60 ਸ਼ਹੀਦ - 1914

ਤਰਕਸ਼ੀਲ ਆਗੂ ਦਲਬੀਰ ਕਟਾਣੀ ਦਾ ਵਿਲੱਖਣ ਸਰਕਾਰੀ ਸੇਵਾ ਮੁਕਤੀ ਸਮਾਰੋਹ

ਰਵਾਇਤੀ ਵਿਦਾਇਗੀ ਸਮਾਰੋਹਾਂ ਤੋਂ ਅਲੱਗ ਇਹ ਸਮਾਰੋਹ ਨਿਵੇਕਲਾ ਹੋ ਨਿਬੜਿਆ। ਨਾ ਡੀ.ਜੇ. ਦੇ ਸ਼ੋਰ ਗੁਲ ਵਿੱਚ ਗੂੰਜਦੇ ਅਖੌਤੀ ਸੱਭਿਆਚਾਰਕ ਗੀਤ, ਨਾ ਸ਼ਗਨਾਂ ਦਾ ਚੱਕਰ। ਅਜਿਹਾ ਨਹੀਂ ਕਿ ਗੀਤ-ਸੰਗੀਤ ਤੋਂ ਬਿਨ੍ਹਾਂ ਹੀ ਇਹ ਸਮਾਗਮ ਹੋਇਆ। ਇਨਕਲਾਬੀ ਸਭਿਆਚਾਰਕ ਮੰਚ 'ਦਸਤਕ' ਦੀ ਟੀਮ ਅਤੇ ਮਨਜੀਤ ਘਣਗਸ ਨੇ ਸਮਾਜਿਕ ਸਮੱਸਿਆਵਾਂ ਪ੍ਰਤੀ ਜਾਗਰੂਕਤਾ ਪੈਦਾ ਕਰਦੇ ਇਨਕਲਾਬੀ ਗੀਤਾਂ ਨਾਲ ਸਮਾਗਮ ਦਾ ਵਿਲੱਖਣ ਰੰਗ ਬੰਨਿਆ।

ਇਹ ਸਮਾਗਮ ਇੰਜੀਨੀਅਰ, ਦਲਬੀਰ ਕਟਾਣੀ, ਮੱਛੀ ਪਾਲਣ ਵਿਭਾਗ, ਪੰਜਾਬ ਦੀ ਸੇਵਾ ਮੁਕਤੀ 'ਤੇ ਪਿੰਡ ਕਟਾਣੀ ਕਲਾਂ ਵਿਖੇ ਹੋਇਆ। ਜਿਸ ਵਿੱਚ ਇਕਾਈ ਕੋਹਾੜਾ ਦਾ ਭਰਪੂਰ ਸਹਿਯੋਗ ਰਿਹਾ। ਲਗਭਗ ਸੈਂਤੀ ਸਾਲ ਦੀ ਸਰਕਾਰੀ ਸੇਵਾ ਦੇ ਨਾਲੋਂ-ਨਾਲ ਉਹ ਸਮਾਜ ਸੇਵਾ ਦੇ ਖੇਤਰ ਵਿੱਚ ਵੀ ਸਰਗਰਮੀ ਨਾਲ ਹਿੱਸਾ ਲੈਂਦੇ ਰਹੇ ਹਨ। ਇਹ ਤਰਕਸ਼ੀਲ ਸੁਸਾਇਟੀ ਦੇ ਮੋਢੀ ਮੈਂਬਰਾਂ ਵਿੱਚੋਂ ਇੱਕ ਹਨ।

ਸ਼ੁਰੂਆਤ ਇਕਾਈ ਦੇ ਜਥੇਬੰਦਕ ਮੁਖੀ ਰੁਪਿੰਦਰ ਪਾਲ ਸਿੰਘ ਦੇ ਸਵਾਗਤੀ ਸ਼ਬਦਾਂ ਨਾਲ ਹੋਈ। ਉਪਰੰਤ ਤਰਕਸ਼ੀਲ ਸੁਸਾਇਟੀ ਦੀ ਪੇਸ਼ਕਸ਼ 'ਸਾੜ੍ਹਸਤੀ' ਫਿਲਮ ਦਾ ਸ਼ੋਅ ਹੋਇਆ। ਇਸ ਫਿਲਮ ਦੇ ਲੇਖਕ ਤੇ ਨਿਰਦੇਸ਼ਕ ਅਤੇ ਸੁਸਾਇਟੀ ਦੇ ਸੱਭਿਆਚਾਰਕ ਵਿਭਾਗ ਦੇ ਸੂਬਾ ਮੁਖੀ ਮਾ. ਤਰਲੋਚਨ ਨੇ ਦਲਬੀਰ ਕਟਾਣੀ ਨਾਲ ਬਿਤਾਏ ਪਲਾਂ ਦੀ ਬਾਤ ਪਾਉਂਦਿਆਂ ਕਿਹਾ ਕਿ ਸੁਸਾਇਟੀ ਵਿੱਚ ਜਦੋਂ ਵੀ ਖਾਸ ਜ਼ਿੰਮੇਦਾਰੀ ਦਾ ਕੰਮ ਕਿਸੇ ਭਰੋਸੇਯੋਗ ਵਿਅਕਤੀ ਨੂੰ ਦੇਣ ਦੀ ਗੱਲ ਤੁਰਦੀ ਹੈ ਤਾਂ ਦਲਬੀਰ ਕਟਾਣੀ ਦਾ ਨਾਂ ਸਹਿਜ-ਸੁਭਾਅ ਹੀ ਅੱਗੇ ਆ ਜਾਂਦਾ ਹੈ। ਵਿਸ਼ੇਸ਼ ਤੌਰ ਤੇ ਪੁੱਜੇ ਸੂਬਾ ਜਥੇਬੰਦਕ ਮੁਖੀ ਰਜਿੰਦਰ ਭਦੌੜ ਨੇ 'ਖੁਸ਼ੀ ਦੀ ਭਾਲ' ਵਿੱਚ ਵਿਸ਼ੇ ਤੇ ਬੋਲਦਿਆਂ ਕਿਹਾ ਕਿ ਜਦੋਂ ਤੱਕ ਲੁੱਟ ਅਧਾਰਿਤ ਸਮਾਜ ਦਾ ਖਾਤਮਾ ਕਰਕੇ ਉਸਾਰੂ ਸਮਾਜਿਕ ਤਬਦੀਲੀ ਵੱਲ ਨਹੀਂ ਵਧਿਆ ਜਾਂਦਾ, ਉਦੋਂ ਤੱਕ ਖੁਸ਼ੀ ਦੀ ਭਾਲ ਕਰਨਾ ਮ੍ਰਿਗ ਤ੍ਰਿਸ਼ਨਾ ਹੀ ਹੈ। ਉਹਨਾਂ ਦਲਬੀਰ ਕਟਾਣੀ ਦੀ ਪਤਨੀ ਸੁਰਿੰਦਰ ਕੌਰ ਅਤੇ ਹੋਰ ਪਰਿਵਾਰਕ ਮੈਂਬਰਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਹਨਾਂ ਨੇ ਦਲਬੀਰ ਕਟਾਣੀ ਦੀ ਸਮਾਜ ਸੇਵਾ ਦੀ ਕਾਰਜ ਪ੍ਰਣਾਲੀ ਵਿੱਚ ਭਰਪੂਰ ਸਹਿਯੋਗ ਦਿੱਤਾ। ਇਸ ਤੋਂ ਬਾਅਦ ਅਨਾਟਮੀ ਵਿਭਾਗ, ਸੀ.ਐਮ.ਸੀ., ਲੁਧਿਆਣਾ ਤੋਂ

ਵਿਸ਼ੇਸ਼ ਤੌਰ ਤੇ ਪੁੱਜੇ ਡਾ. ਕੈਲਾਸ਼ ਨੇ 'ਜ਼ਿੰਦਗੀ' ਬਾਰੇ ਆਪਣੇ ਵਿਚਾਰ ਰੱਖੇ ਅਤੇ ਦਲਬੀਰ ਕਟਾਣੀ ਵੱਲੋਂ, ਤਰਕਸ਼ੀਲ ਸੁਸਾਇਟੀ ਦੇ ਕਾਰਕੁੰਨਾਂ ਵੱਲੋਂ ਖੋਜ ਕਾਰਜਾਂ ਹਿੱਤ ਮ੍ਰਿਤਕ ਸਰੀਰਾਂ ਦੇ ਸੀ.ਐਮ.ਸੀ. ਨੂੰ ਦੇਣ ਸਮੇਂ ਮਿਲਦੇ ਸਹਿਯੋਗ ਦਾ ਜ਼ਿਕਰ ਕੀਤਾ। ਇਸ ਸਮੇਂ ਦਲਬੀਰ ਕਟਾਣੀ ਦੇ ਸਮੁੱਚੇ ਪਰਿਵਾਰ, ਉਹਨਾਂ ਦੇ ਵੱਡੇ ਭਰਾ ਸੁਰਿੰਦਰ ਸਿੰਘ ਅਤੇ ਮਨਜੀਤ ਘਣਗਸ ਨੇ ਮੌਤ ਤੋਂ ਬਾਅਦ ਆਪਣਾ ਸਰੀਰ ਸੀ.ਐਮ.ਸੀ. ਨੂੰ ਖੋਜ ਕਾਰਜਾਂ ਲਈ ਦੇਣ ਸੰਬੰਧੀ ਫਾਰਮ ਭਰ ਕੇ ਡਾ. ਕੈਲਾਸ਼ ਨੂੰ ਸੌਂਪੇ।

ਜਗਦੇਵ ਮਕਸੂਦੜਾ ਨੇ ਦਲਬੀਰ ਕਟਾਣੀ ਦੇ ਸਨਮਾਨ ਵਿੱਚ ਸਨਮਾਨ ਪੱਤਰ ਪੜ੍ਹਿਆ ਅਤੇ ਇਕਾਈ ਕੋਹਾੜਾ ਦੇ ਸਾਥੀਆਂ ਅਤੇ ਹੋਰਨਾਂ ਨੇ ਕਿਤਾਬਾਂ ਦੇ ਸੈੱਟ ਸਮੇਤ ਉਹ ਦਲਬੀਰ ਕਟਾਣੀ ਨੂੰ ਭੇਂਟ ਕੀਤਾ। ਅੰਤ ਵਿੱਚ ਦੀਪ ਦਿਲਬਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਰਜਿੰਦਰ ਜੰਡਿਆਲੀ ਨੇ ਸਟੇਜ ਸਕੱਤਰ ਦੀ ਭੂਮਿਕਾ ਬਾਖੂਬੀ ਨਿਭਾਈ। ਦੀਪ ਦਿਲਬਰ ਨੇ ਅਗਾਂਹਵਧੂ ਸਾਹਿਤ ਦੀ ਸਟਾਲ ਲਗਾਈ। ਇਸ ਸਮੇਂ ਇਕਾਈ ਦੇ ਬਾਕੀ ਮੈਂਬਰ ਪ੍ਰੋ. ਸੁੰਦਰਜੀਤ ਸਿੰਘ, ਈਸ ਕੁਮਾਰ, ਸ਼ੀਤਲ ਕਟਾਣੀ, ਹਰਪ੍ਰੀਤ ਸਿੰਘ, ਪਲਵਿੰਦਰ ਘਣਗਸ ਆਦਿ ਹਾਜ਼ਰ ਰਹੇ। ਸੁਸਾਇਟੀ ਦੇ ਜ਼ੋਨ ਲੁਧਿਆਣਾ ਦੀ ਮਾਛੀਵਾੜਾ, ਲੁਧਿਆਣਾ, ਜਗਰਾਉਂ ਅਤੇ ਜਰਗ ਇਕਾਈ ਦੇ ਮੈਂਬਰ ਵੀ ਸਮਾਗਮ ਵਿੱਚ ਸ਼ਾਮਲ ਰਹੇ। ਕਟਾਣੀ ਕਲਾਂ ਦੀ ਸਰਪੰਚ, ਰੁਪਿੰਦਰ ਸਿੰਘ ਅਤੇ ਪੰਚਾਇਤ ਮੈਂਬਰ, ਹਰਜੀਤ 'ਵੈਦ' ਸਰਪੰਚ ਪਿੰਡ ਘਲੋਟੀ, ਭੁਪਿੰਦਰ ਸਿੰਘ ਮਾਂਗਟ ਸੰਪਾਦਕ 'ਪੰਜ ਦਰਿਆ', ਸੁਨੀਲ ਗੁਪਤਾ ਸਹਾਇਕ ਡਾਇਰੈਕਟਰ ਮੱਛੀ ਪਾਲਣ ਵਿਭਾਗ, ਵਿਕਰਮ ਪ੍ਰੀਤ ਸਿੰਘ ਮੁਖ ਕਾਰਜਕਾਰੀ ਅਫਸਰ, ਡਾ. ਜੋਹਨ ਪ੍ਰਮੋਦ ਮੁਖੀ ਫ਼ਿਜੋਲੋਜੀ ਡਿਪਾਰਟਮੈਂਟ ਸੀਐਮਸੀ., ਕਹਾਣੀਕਾਰ ਬਲਦੀਪ ਸਿੰਘ ਆਦਿ ਨੇ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ। ਰਜਿੰਦਰ ਜੰਡਿਆਲੀ

ਜਦੋਂ ਤਾਂਤਰਿਕ ਮੀਆਂ ਉਸਤਾਦ ਨੇ ਠੱਗੀ ਮਾਰਕੇ ਬਟੋਰੇ 65000 ਰੁ: ਵਾਪਸ ਮੋੜੇ

ਜਸਵੰਤ ਜ਼ੀਰਖ

ਮਾਛੀਵਾੜਾ ਵਾਸੀ ਵਿਅਕਤੀ ਅਸ਼ੋਕ ਕੁਮਾਰ ਅਖਬਾਰ ਵਿੱਚ ਤਾਂਤਰਿਕ 'ਮੀਆਂ ਉਸਤਾਦ ਜੀ' ਦਾ ਇਸ਼ਤਿਹਾਰ ਪੜ੍ਹਕੇ ਆਪਣੀ ਘਰੇਲੂ ਸਮੱਸਿਆ ਦਾ ਹੱਲ ਕਰਵਾਉਣ ਲਈ ਲੁਧਿਆਣਾ ਵਿਖੇ ਸਮਰਾਲਾ ਚੌਂਕ ਲਾਗੇ ਇਸ ਤਾਂਤਰਿਕ ਦੇ ਅੱਡੇ ਤੇ ਪਹੁੰਚ ਗਿਆ। ਇਸ ਸਮੇਂ ਤਾਂਤਰਿਕ ਨੇ ਭਰੋਸਾ ਦਿੱਤਾ ਕਿ ਤੇਰੀਆਂ ਸਾਰੀਆਂ ਸਮੱਸਿਆਵਾਂ ਦੇ ਹੱਲ ਲਈ 21000 ਰੁਪਏ ਖਰਚ ਆਵੇਗਾ। ਪਰ ਮੌਕੇ ਤੇ ਅਸ਼ੋਕ ਕੁਮਾਰ ਕੋਲ 5000 ਰੁਪਏ ਹੀ ਸਨ ਜੋ ਉਸਨੇ ਤਾਂਤਰਿਕ ਨੂੰ ਦੇ ਦਿੱਤੇ ਅਤੇ ਬਾਕੀ ਪੈਸੇ ਕੁੱਝ ਦਿਨਾਂ ਵਿੱਚ ਦੇਣ ਦਾ ਵਾਅਦਾ ਕੀਤਾ। ਤਾਂਤਰਿਕ ਨੇ ਵੀ ਅਸ਼ੋਕ ਕੁਮਾਰ ਦੀਆਂ ਸਮੱਸਿਆਵਾਂ ਦੇ ਹੱਲ ਲਈ ਪੂਜਾ ਪਾਠ ਸ਼ੁਰੂ ਕਰਣ ਦਾ ਯਕੀਨ ਦੁਆਕੇ ਰਹਿੰਦੇ ਪੈਸੇ ਦੋ ਦਿਨਾਂ ਬਾਅਦ ਦੇਣ ਲਈ ਆਪਣੀ ਸਹਿਮਤੀ ਦੇ ਦਿੱਤੀ। ਦੋ ਦਿਨ ਬਾਅਦ ਜਦੋਂ ਅਸ਼ੋਕ ਕੁਮਾਰ ਨੇ ਤਾਂਤਰਿਕ ਨੂੰ ਫੋਨ ਕਰਕੇ ਆਪਣੇ ਕੰਮ ਬਾਰੇ ਪੁੱਛਿਆ ਤਾਂ ਤਾਂਤਰਿਕ ਬੋਲਿਆ ਕਿ ਪਹਿਲਾਂ ਸਾਰੇ ਪੈਸੇ ਦੇਵੇਂ, ਫਿਰ ਹੀ ਕੰਮ ਹੋ ਸਕੇਗਾ। ਅਸ਼ੋਕ ਕਿਸੇ ਦੋਸਤ ਤੋਂ 10000 ਰੁ: ਉਧਾਰ ਲੈ ਕੇ ਤਾਂਤਰਿਕ ਨੂੰ ਹੋਰ ਦੇ ਗਿਆ ਜਿਸ ਉਪਰੰਤ ਉਸਨੇ ਵਿਸ਼ਵਾਸ ਦਿਵਾਇਆ ਕਿ ਸਭ ਕੰਮ ਠੀਕ ਕਰ ਦੇਵਾਂਗਾ। ਕੁੱਝ ਦਿਨ ਹੋਰ ਬੀਤ ਜਾਣ ਬਾਅਦ ਅਸ਼ੋਕ ਨੇ ਤਾਂਤਰਿਕ ਨਾਲ ਫੋਨ ਤੇ ਫਿਰ ਸੰਪਰਕ ਕੀਤਾ ਤਾਂ ਤਾਂਤਰਿਕ ਨੇ ਉਸਨੂੰ ਦੁਬਾਰਾ ਮਿਲਣ ਲਈ ਕਿਹਾ। ਜਦੋਂ ਅਸ਼ੋਕ ਕੁਮਾਰ ਦੁਬਾਰਾ ਤਾਂਤਰਿਕ ਨੂੰ ਮਿਲਣ ਆਇਆ ਤਾਂ ਤਾਂਤਰਿਕ ਕਹਿਣ ਲੱਗਾ ਕਿ ਜੇ ਤੂੰ ਆਪਣੇ ਭਰਾ ਨੂੰ ਠੀਕ ਕਰਵਾਉਣਾ ਹੈ ਤਾਂ ਬਲੀ ਦੇਣੀ ਪਏਗੀ। ਇਸ ਸਮੇਂ ਤਾਂਤਰਿਕ ਨੇ ਇੱਕ ਮਿੱਟੀ ਦਾ ਕੁੱਜਾ ਘੁਮਾਇਆ ਜਿਸ ਵਿੱਚ ਅੱਗ ਬਲਣ ਲੱਗ ਪਈ। ਅਸ਼ੋਕ ਕੁਮਾਰ ਇਹ ਵੇਖਕੇ ਘਬਰਾ ਗਿਆ ਅਤੇ ਤਾਂਤਰਿਕ ਉਸ ਉੱਪਰ ਹੋਰ ਪ੍ਰਭਾਵ ਪਾਉਂਦਾ ਹੋਇਆ ਕਹਿਣ ਲੱਗਾ ਕਿ ਕੰਮ ਬਹੁਤ ਵੱਡਾ ਹੈ ਜਿਸ ਕਰਕੇ ਤਿੰਨ ਉੱਲੂਆਂ ਦੀ ਬਲੀ ਦੇਣੀ ਪਵੇਗੀ। ਜੇ ਬਲੀ ਨਾ ਦਿੱਤੀ ਤਾਂ ਤੇਰੀ ਜਾਨ ਨੂੰ ਵੀ ਬਹੁਤ ਵੱਡਾ ਖਤਰਾ ਹੈ। ਜਦੋਂ ਅਸ਼ੋਕ ਨੇ ਇਸ ਕੰਮ ਲਈ ਹੋਣ ਵਾਲੇ ਖਰਚੇ ਬਾਰੇ ਪੁੱਛਿਆ ਤਾਂ ਤਾਂਤਰਿਕ ਨੇ ਕਿਹਾ ਕਿ ਇੱਕ ਉੱਲੂ ਦੀ ਕੀਮਤ 17000 ਰੁ: ਹੈ ਅਤੇ ਤਿੰਨਾਂ ਦੀ 51000 ਰੁ: ਕੀਮਤ ਦੇਣੀ ਪਵੇਗੀ। ਇਸ ਵੇਲੇ ਅਸ਼ੋਕ ਨੇ ਕੁੱਝ ਦਿਨਾਂ ਦਾ ਸਮਾਂ ਮੰਗਿਆ। ਉਸੇ ਦਿਨ ਅਸ਼ੋਕ ਕੁਮਾਰ ਨੇ ਵਾਪਿਸ ਆਪਣੇ ਘਰ ਜਾ ਕੇ ਆਪਣੀ ਪਤਨੀ ਦੇ ਗਹਿਣੇ ਬੈਂਕ ਵਿੱਚ ਗਿਰਵੀ ਰੱਖਕੇ ਦੂਸਰੇ ਦਿਨ 50000 ਰੁਪਏ ਤਾਂਤਰਿਕ ਨੂੰ ਲਿਆ ਦਿੱਤੇ। ਪਰ ਜਦੋਂ ਫਿਰ ਵੀ ਅਸ਼ੋਕ ਦੀ ਕਿਸੇ ਸਮੱਸਿਆ ਦਾ ਹੱਲ ਨਾ ਹੋਇਆ ਅਤੇ ਤਾਂਤਰਿਕ ਵੀ ਫੋਨ ਤੇ ਗੱਲ ਕਰਨੋ ਟਾਲਾ ਵੱਟਣ ਲੱਗਾ ਤਾਂ ਅਸ਼ੋਕ ਨੂੰ ਆਪਣੇ ਨਾਲ ਵੱਜੀ ਠੱਗੀ ਦਾ ਅਹਿਸਾਸ ਹੋਣ ਲੱਗਾ। ਕਾਫੀ ਸਮਾਂ ਬੀਤਣ ਬਾਅਦ ਅਸ਼ੋਕ ਕੁਮਾਰ ਨੇ ਪੈਸੇ ਵਾਪਸ ਲੈਣ ਲਈ ਯਤਨ ਕੀਤੇ, ਪਰ ਸਫਲ ਨਾ ਹੋ ਸਕਿਆ। ਫਿਰ ਉਸਨੇ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਮਾਛੀਵਾੜਾ ਯੂਨਿਟ ਦੇ ਆਗੂ ਸੁਖਮਿੰਦਰ ਸਿੰਘ ਦੇ ਧਿਆਨ ਵਿੱਚ ਇਹ ਸਾਰਾ ਮਾਮਲਾ ਲਿਆਂਦਾ। ਸੁਖਮਿੰਦਰ ਸਿੰਘ ਨੇ ਇਹ ਸਾਰੀ ਕਹਾਣੀ ਲੁਧਿਆਣਾ ਦੇ ਜ਼ੋਨ ਮੁਖੀ ਜਸਵੰਤ ਜੀਰਖ ਅਤੇ ਵਿੱਤ ਮੁਖੀ ਆਤਮਾ ਸਿੰਘ ਨਾਲ ਜ਼ੋਨ ਮੀਟਿੰਗ ਸਮੇਂ ਸਾਂਝੀ ਕੀਤੀ। ਉਸ ਵੇਲੇ ਉਲੀਕੇ ਪ੍ਰੋਗਰਾਮ ਅਨੁਸਾਰ ਤਰਕਸ਼ੀਲ ਟੀਮ ਉਪਰੋਕਤ ਤਾਂਤਰਿਕ ਦੇ ਅੱਡੇ ਤੇ ਗਈ ਜਿਸ ਵਿੱਚ ਜਸਵੰਤ ਜੀਰਖ, ਆਤਮਾ ਸਿੰਘ, ਸੁਖਵਿੰਦਰ ਲੀਲ ਅਤੇ ਪ੍ਰਗਟ ਸਿੰਘ ਸ਼ਾਮਿਲ ਸਨ ਅਤੇ ਠੱਗਿਆ ਗਿਆ ਵਿਅਕਤੀ ਅਸ਼ੋਕ ਕੁਮਾਰ ਵੀ ਨਾਲ ਸੀ। ਤਰਕਸ਼ੀਲ ਟੀਮ ਸਾਹਮਣੇ ਤਾਂਤਰਿਕ ਮਾਰੀ ਗਈ ਠੱਗੀ ਬਾਰੇ ਸਭ ਕੁੱਝ ਮੰਨ ਗਿਆ ਅਤੇ ਸਾਰੇ ਰੁਪਏ ਵਾਪਸ ਕਰਨ ਲਈ ਸਹਿਮਤ ਹੋ ਗਿਆ। ਮੌਕੇ ਤੇ 5000 ਰੁ: ਨਕਦ ਦੇ ਦਿੱਤੇ ਅਤੇ ਬਾਕੀ 60000 ਰੁ: ਦੋ ਕਿਸ਼ਤਾਂ ਵਿੱਚ ਦੇਣ ਦਾ ਵਾਅਦਾ ਕਰ ਲਿਆ। ਜਿਸ ਦੀ ਜ਼ਿੰਮੇਵਾਰੀ ਸਥਾਨਕ ਭਾਰਤੀ ਵਾਲਮੀਕ ਧਰਮ ਸਮਾਜ ਦੇ ਆਗੂ ਵਿਜੈ ਕੁਮਾਰ ਅਤੇ ਉਸਦੇ ਪੁੱਤਰ ਅਮਨਪ੍ਰੀਤ ਨੇ ਆਪਣੇ ਕੋਲੋਂ ਦੋ ਬੈਂਕ ਚੈੱਕ ਤਰਕਸ਼ੀਲਾਂ ਨੂੰ ਦੇ ਕੇ ਲਈ। ਮੌਕੇ ਤੇ ਕੀਤੇ ਸਮਝੌਤੇ ਅਨੁਸਾਰ ਬਾਅਦ ਵਿੱਚ ਸਾਰੇ ਰੁਪਏ ਮੋੜਕੇ ਤਾਂਤਰਿਕ ਨੇ ਆਪਣਾ ਖਹਿੜਾ ਛੁੜਾਇਆ। ਲਿਖਤੀ ਰੂਪ ਵਿੱਚ ਇਹ ਵੀ ਮੰਨਿਆ ਕਿ ਉਸਦੀ ਤਾਂਤਰਿਕ ਵਿਧੀ ਨਾਲ ਕਿਸੇ ਦੀ ਵੀ ਕੋਈ ਸਮੱਸਿਆ ਦਾ ਹੱਲ ਨਹੀਂ ਹੋ ਸਕਦਾ।

98151-69825

ਮੜ੍ਹੀ ਦੇ ਦੀਵੇ ਦੀ ਲੋਅ...

ਦੇਸ਼ ਦੇ ਸਭ ਤੋਂ ਵੱਡੇ ਤੇ ਵੱਕਾਰੀ ਸਾਹਿਤਕ ਪੁਰਸਕਾਰ 'ਗਿਆਨਪੀਠ' ਅਤੇ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਪੰਜਾਬੀ ਸਾਹਿਤਕਾਰ ਪ੍ਰੋ. ਗੁਰਦਿਆਲ ਸਿੰਘ ਦੇ ਵਿਛੋੜੇ ਨਾਲ ਪੰਜਾਬੀ ਭਾਸ਼ਾ ਅਤੇ ਸਾਹਿਤ ਆਪਣੇ 'ਸੱਗੀ ਫੁੱਲ' ਤੋਂ ਸੱਖਣਾ ਹੋ ਗਿਆ ਹੈ। ਪ੍ਰੋ. ਗੁਰਦਿਆਲ ਸਿੰਘ ਨੇ 10 ਨਾਵਲ, ਗਿਆਰਾਂ ਕਹਾਣੀ ਸੰਗ੍ਰਹਿ, ਤਿੰਨ ਨਾਟਕ, ਦੋ ਦਰਜਨ ਬਾਲ ਪੁਸਤਕਾਂ ਅਤੇ ਵਾਰਤਕ ਦੀਆਂ ਅੱਠ ਪੁਸਤਕਾਂ ਤੋਂ ਇਲਾਵਾ ਚਾਲੀ ਦੇ ਕਰੀਬ ਪੁਸਤਕਾਂ ਅਨੁਵਾਦ ਕਰਕੇ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਖ਼ਜ਼ਾਨੇ ਨੂੰ ਭਰਪੂਰ ਕੀਤਾ। ਉਨ੍ਹਾਂ ਦੇ ਦੋ ਨਾਵਲਾਂ- 'ਮੜ੍ਹੀ ਦਾ ਦੀਵਾ' ਅਤੇ 'ਅੰਨ੍ਹੇ ਘੋੜੇ ਦਾ ਦਾਨ' ਉੱਤੇ ਬਣੀਆਂ ਫ਼ਿਲਮਾਂ ਨੇ ਵੀ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਮਾਣ ਦਿਵਾਇਆ। 1957 ਵਿੱਚ ਕਹਾਣੀ 'ਭਾਗਾਂ ਵਾਲੇ' ਨਾਲ ਸਾਹਿਤਕ ਸਫ਼ਰ ਸ਼ੁਰੂ ਕਰਨ ਤੋਂ ਬਾਅਦ ਉਨ੍ਹਾਂ ਪਿੱਛੇ ਮੁੜ ਕੇ ਨਹੀਂ ਦੇਖਿਆ ਅਤੇ ਜ਼ਿੰਦਗੀ ਦੇ ਆਖ਼ਰੀ ਸਮੇਂ ਤਕ ਉਹ ਸਾਹਿਤ ਸਿਰਜਣਾ ਨਾਲ ਜੁੜੇ ਰਹੇ। ਸਾਹਿਤਕ ਰਚਨਾਵਾਂ ਤੋਂ ਇਲਾਵਾ ਪੰਜਾਬ ਅਤੇ ਇਸਦੇ ਲੋਕਾਂ ਨਾਲ ਜੁੜੇ ਮੁੱਦਿਆਂ ਬਾਰੇ ਵੀ ਉਹ ਆਪਣੇ ਵਿਚਾਰ ਬੇਬਾਕੀ ਨਾਲ ਪ੍ਰਗਟ ਕਰਕੇ ਲੋਕ ਹਿੱਤਾਂ ਨਾਲ ਆਪਣੀ ਪ੍ਰਤੀਬੱਧਤਾ ਦਾ ਇਜ਼ਹਾਰ ਕਰਦੇ ਰਹੇ। ਉਨ੍ਹਾਂ ਦੀਆਂ ਸਾਹਿਤਕ ਕਿਰਤਾਂ ਦੀ ਸਭ ਤੋਂ ਵੱਡੀ ਖ਼ਾਸੀਅਤ ਇਹ ਹੈ ਕਿ ਉਨ੍ਹਾਂ ਦੇ ਨਾਇਕ ਅਤੇ ਪਾਤਰ ਭਾਵੇਂ ਗ਼ਰੀਬ ਥੁੜਾਂ ਮਾਰੇ ਲੋਕ ਹਨ ਪਰ ਉਹ ਵਿਵਸਥਾ ਦੇ ਖ਼ਿਲਾਫ਼ ਡਟ ਕੇ ਖੜ੍ਹੇ ਵਿਖਾਈ ਦਿੰਦੇ ਹਨ ਅਤੇ ਮਾੜੀਆਂ ਹਾਲਤਾਂ ਵਿੱਚ ਵੀ ਸਮਝੌਤਾ ਨਹੀਂ ਕਰਦੇ। ਇਸੇ ਕਰਕੇ ਉਨ੍ਹਾਂ ਨੂੰ ਅਗਾਂਹਵਧੂ, ਯਥਾਰਥਵਾਦੀ ਅਤੇ ਨਿਮਾਣੇ-ਨਿਤਾਣੇ ਵਰਗਾਂ ਦਾ ਲੇਖਕ ਹੋਣ ਦਾ ਮਾਣ ਪ੍ਰਾਪਤ ਹੈ। ਉਨ੍ਹਾਂ ਦੀਆਂ ਸਾਹਿਤਕ ਰਚਨਾਵਾਂ ਵਿੱਚੋਂ ਪੰਜਾਬੀ ਸੱਭਿਆਚਾਰ ਦੇ ਹਰ ਪੱਖ ਦੀਆਂ ਝਲਕਾਂ ਮਿਲਦੀਆਂ ਹਨ। ਗ਼ਰੀਬ ਮਿਹਨਤਕਸ਼ ਪਰਿਵਾਰ ਵਿੱਚ ਜਨਮ ਲੈ ਕੇ ਪਿਤਾ-ਪੁਰਖੀ ਧੰਦੇ ਦੇ ਨਾਲ ਨਾਲ ਆਪ ਹੀ ਪੜ੍ਹਨ ਅਤੇ ਲਿਖਣ ਦੇ ਮਿਹਨਤੀ ਸੁਭਾਅ ਸਦਕਾ ਉਹ ਸਕੂਲ ਅਧਿਆਪਕ ਤੋਂ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਦੇ ਅਹੁਦੇ ਤੱਕ ਪਹੁੰਚੇ। ਵੱਕਾਰੀ ਪੁਰਸਕਾਰ 'ਗਿਆਨਪੀਠ' ਦੀ ਪ੍ਰਾਪਤੀ ਦੇ ਬਾਵਜੂਦ ਉਹ ਨੇਕੀ, ਨਿਮਰਤਾ ਅਤੇ ਸਲੀਕੇ ਜਿਹੇ ਮਾਨਵੀ ਗੁਣਾਂ ਦੇ ਧਾਰਨੀ ਰਹੇ। ਉਨ੍ਹਾਂ ਦੀਆਂ ਕਈ ਸਾਹਿਤਕ ਕਿਰਤਾਂ ਵਿਸ਼ਵ ਕਲਾਸਕੀ ਸਾਹਿਤ ਦੇ ਬਰਾਬਰ ਦੀਆਂ ਹਨ ਪਰ ਅਫ਼ਸੋਸ ਕਿ ਸਰਕਾਰਾਂ ਦੀ ਬੇਧਿਆਨੀ ਕਰਕੇ ਇਨ੍ਹਾਂ ਦਾ ਕੌਮਾਂਤਰੀ ਭਾਸ਼ਾਵਾਂ ਵਿੱਚ ਅਨੁਵਾਦ ਨਾ ਹੋਣ ਕਰਕੇ ਇਨ੍ਹਾਂ ਨੂੰ ਜਿੱਥੇ ਉਹ ਬਣਦੀ ਪਛਾਣ ਨਹੀਂ ਮਿਲ ਸਕੀ, ਉੱਥੇ ਪੰਜਾਬੀ ਸਾਹਿਤ ਦੀ ਰਸਾਈ ਵੀ ਵਿਸ਼ਵ ਪੱਧਰ 'ਤੇ ਨਹੀਂ ਹੋ ਸਕੀ। ਪੰਜਾਬੀ ਸਾਹਿਤ ਦਾ ਇਹ ਅਨਮੋਲ ਹੀਰਾ ਭਾਵੇਂ ਸਰੀਰਕ ਤੌਰ 'ਤੇ ਸਾਡੇ ਵਿਚਕਾਰ ਨਹੀਂ ਰਿਹਾ ਪਰ ਉਸ ਦੀਆਂ ਅਮਰ ਲਿਖਤਾਂ ਸਾਡੇ ਅੰਗ-ਸੰਗ ਰਹਿ ਕੇ ਹਮੇਸ਼ਾ ਅਗਵਾਈ ਕਰਦੀਆਂ ਰਹਿਣਗੀਆਂ। ਉਨ੍ਹਾਂ ਦੀ ਪਹਿਲੀ ਰਚਨਾ ਜੈਤੋ ਮੋਰਚੇ ਨਾਲ ਸਬੰਧਿਤ 'ਗੰਗਸਰ ਦੇ ਸ਼ਹੀਦ' ਸੀ। ਨਾਵਲ 'ਅੰਨ੍ਹੇ ਘੋੜੇ ਦਾ ਦਾਨ' ਉਤੇ ਬਣੀ ਫਿਲਮ, ਪਹਿਲੀ ਪੰਜਾਬੀ ਫ਼ਿਲਮ ਹੈ ਜਿਹੜੀ 68 ਸਾਲਾਂ ਬਾਅਦ ਇਟਲੀ ਦੇ ਕੌਮਾਂਤਰੀ ਫ਼ਿਲਮ ਮੇਲੇ ਵਿੱਚ ਵਿਖਾਈ ਗਈ। ਇਸ ਤੋਂ ਇਲਾਵਾ ਪੰਜ ਹੋਰ ਦੇਸ਼ਾਂ ਵਿੱਚ ਪ੍ਰਦਰਸ਼ਿਤ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੇ ਨਾਵਲ 'ਅਣਹੋਏ', 'ਕੁਵੇਲਾ', 'ਪਹੁ ਫੁਟਾਲੇ ਤੋਂ ਪਹਿਲਾਂ', 'ਪਰਸਾ', 'ਰੇਤੇ ਦੀ ਇਕ ਮੁੱਠੀ' ਅਤੇ 'ਆਹਣ' ਤੋਂ ਇਲਾਵਾ ਕਈ ਕਹਾਣੀ-ਸੰਗ੍ਰਹਾਂ ਨੂੰ ਵੀ ਪੰਜਾਬੀ ਪਾਠਕਾਂ ਦਾ ਭਰਪੂਰ ਪਿਆਰ ਮਿਲਿਆ ਹੈ। ਉਨ੍ਹਾਂ ਦੀ ਸਵੈ-ਜੀਵਨੀ 'ਨਿਆਣਮੱਤੀਆਂ' ਅੰਗਰੇਜ਼ੀ ਵਿੱਚ ਅਨੁਵਾਦ ਹੋ ਕੇ ਛਪੀ ਹੈ। ਇਸ ਮਹਾਨ ਲੇਖਕ ਦੀਆਂ ਲਿਖਤਾਂ ਦਾ ਲੋਅ ਹਮੇਸ਼ਾ ਚਾਨਣ ਬਿਖੇਰਦੀ ਰਹੇਗੀ, ਜਿਸ ਨਾਲ ਨਿਤਾਣੇ ਤੇ ਥੁੜਾਂ ਮਾਰੇ ਲੋਕਾਂ ਲਈ ਬਰਾਬਰੀ ਦਾ ਸਮਾਜ ਸਿਰਜਿਆ ਜਾਏਗਾ।

ਸੇਵਾ ਮੁਕਤੀ ਸਨਮਾਨ ਸਮਾਰੋਹ

ਲੁਧਿਆਣਾ ਜੋਨ ਦੇ ਤਰਕਸ਼ੀਲ ਆਗੂ ਦਲਬੀਰ ਕਟਾਣੀ ਦੀ ਸੇਵਾ ਮੁਕਤੀ ਤੇ ਹੋਏ ਪ੍ਰਭਾਵਸ਼ਾਲੀ ਅਤੇ ਪ੍ਰੇਰਨਮਈ ਸਮਾਰੋਹ ਦੌਰਾਨ ਉਹਨਾਂ ਦਾ ਸਨਮਾਨ ਕਰਦੇ ਹੋਏ ਸਥਾਨਕ ਤੇ ਸੂਬਾਈ ਆਗੂ

ਜਿਲਦ ਨੰ. 13 ਰਜਿ ਨੰ: PUNPUN/2002/5393 ਅੰਕ : 5

ਆਪਣੇ ਨਾਇਕਾਂ ਦੀ ਯਾਦ : ਲੁਧਿਆਣਾ ਸੈਮੀਨਾਰ ਦੇ ਯਾਦਗਾਰੀ ਪਲ

ਮੁੱਖ ਵਕਤਾ ਅਤੇ ਪ੍ਰਧਾਨਗੀ ਮੰਡਲ

ਸੰਬੋਧਨ

ਦਰਸ਼ਕ ਸਮੂਹ

ਸਨਮਾਨ ਡਾ. ਸ਼ਮਸੁਲ ਇਸਲਾਮ

ਡਾ. ਇਸਲਾਮ ਤੇ ਪ੍ਰੋ. ਜਗਮੋਹਣ ਸਿੰਘ ਆਗੂ ਟੀਮ ਨਾਲ

ਅਨਿਸ ਵੱਲੋਂ ਜੰਤਰ ਮੰਤਰ ਦਿੱਲੀ ਵਿਖੇ ਦਿੱਤੇ ਧਰਨੇ ਨੂੰ ਸੰਬੋਧਨ ਕਰਦੇ ਹੋਏ ਸੂਬਾਈ ਆਗੂ ਬਲਵਿੰਦਰ ਬਰਨਾਲਾ

(ਤਸਵੀਰਾਂ : ਕੁਲਵਿੰਦਰ ਨਗਾਰੀ)

If undelivered please return to :

Tarksheel

Tarksheel Bhawan, Tarksheel Chowk,
Sanghera By Pass, BARNALA-148101
Post Box No. 55
Ph. 01679-241466, Cell. 98769 53561
Web : www.tarksheel.org
e-mail : tarkshiloffice@gmail.com

BOOK POST
(Printed Matter)

To ....

....

....